
ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 170| 9 to 15 April, 2025 | Ph.: (510) 240-5949 | Email: asrtimes@gmail.com



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ
ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ



# ਕੀ ਅਕਾਲੀ ਦਲ ਦਾ ਮੁੜ ਹੋ ਸਕੇਗਾ ਉਭਾਰ ?

## 12 ਅਪ੍ਰੈਲ ਦੇ ਡੈਲੀਗੇਟ ਇਜਲਾਸ ’ਚ ਹੋਵੇਗੀ ਨਵੇਂ ਪ੍ਰਧਾਨ ਦੀ ਚੋਣ

## ਪੰਥਕ ਹਲਕਿਆਂ ’ਚ ਬਣੀ ਦੁਬਿਧਾ ਵਾਲੀ ਸਥਿਤੀ

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਮੁੜ ਉਭਾਰ ਹੋਣ ਸਬੰਧੀ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਚੁੱਕਿਆ ਹੈ। ਇਸ ਸਮੇਂ ਸਭ ਦੀਆਂ ਨਜ਼ਰਾਂ 12 ਅਪ੍ਰੈਲ ਨੂੰ ਅਕਾਲੀ ਦਲ ਦੇ ਹੋ ਰਹੇ ਡੈਲੀਗੇਟ ਇਜਲਾਸ ਵੱਲ ਲੱਗੀਆਂ ਹੋਈਆਂ ਹਨ। ਇਹ ਇਜਲਾਸ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਵਰਕਿੰਗ ਕਮੇਟੀ ਨੇ ਪਾਰਟੀ ਦੇ ਨਵੇਂ ਪ੍ਰਧਾਨ ਦੀ ਚੋਣ ਲਈ 12 ਅਪ੍ਰੈਲ ਨੂੰ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ ’ਚ ਸੱਦਣ ਦਾ ਫ਼ੈਸਲਾ ਲਿਆ ਹੈ। ਉੱਧਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਨੂੰ ਜਾਰੀ ਹੁਕਮਨਾਮੇ ਤਹਿਤ ਪਾਰਟੀ ਦੀ ਨਵੀਂ ਭਰਤੀ ਲਈ ਬਣਾਈ ਗਈ ਕਮੇਟੀ ਵੀ ਭਰਤੀ ਕਰਨ ਵਿੱਚ ਜੁਟੀ ਹੋਈ ਹੈ। ਇਸ ਪੰਜ ਮੈਂਬਰੀ ਕਮੇਟੀ ਦੀ ਭਰਤੀ ਮੁਹਿੰਮ ਨੂੰ ਦਰਕਿਨਾਰ ਕਰ ਕੇ ਵਰਕਿੰਗ ਕਮੇਟੀ ਨੇ ਨਵੇਂ ਪ੍ਰਧਾਨ ਦੀ ਚੋਣ ਦਾ ਫ਼ੈਸਲਾ ਲਿਆ ਹੈ। ਇਸ ਨਾਲ ਪੰਥਕ ਹਲਕਿਆਂ ਵਿੱਚ ਨਵੇਂ ਭੰਬਲਭੂਸੇ ਖੜ੍ਹੇ ਹੋ ਗਏ ਹਨ। ਪੰਜ ਮੈਂਬਰੀ ਕਮੇਟੀ ਨੇ 12 ਅਪ੍ਰੈਲ ਦੇ ਡੈਲੀਗੇਟ ਇਜਲਾਸ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਅਕਾਲੀ ਦਲ ਵੱਲੋਂ ਡੈਲੀਗੇਟ ਇਜਲਾਸ ਸੱਦਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਭਰਤੀ ਕਮੇਟੀ ਨੂੰ ਦਰਕਿਨਾਰ ਕਰਨ ਕਾਰਨ ਪੰਥਕ ਹਲਕਿਆਂ ਵਿੱਚ ਸਥਿਤੀ ਇਸ ਸਮੇਂ ਦੁਬਿਧਾ ਵਾਲੀ ਬਣੀ ਹੋਈ ਹੈ। ਵੱਖ -ਵੱਖ ਪੰਥਕ ਜਥੇਬੰਦੀਆਂ ਇਸ ਸਾਰੇ ਘਟਨਾਕ੍ਰਮ ਨੂੰ ਨੇੜਿਓਂ ਦੇਖ ਰਹੀਆਂ ਹਨ। ਸਿੱਖ ਪੰਥ ਵੀ ਇਸ ਸਾਰੇ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਿਹਾ ਹੈ ਪਰ ਆਮ ਸਿੱਖਾਂ ਨੂੰ ਸਮਝ ਨਹੀਂ ਆ ਰਹੀ ਕਿ ਇਸ ਸਮੇਂ ਅਕਾਲੀ ਦਲ ਬਾਦਲ ਸਹੀ ਹੈ ਜਾਂ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਸਹੀ ਹੈ ਕਿਉਂਕਿ ਇਸ ਭਰਤੀ ਕਮੇਟੀ ਵੱਲੋਂ ਵੀ ਅਕਾਲੀ ਦਲ ਦੇ ਮੈਂਬਰਾਂ ਦੀ ਭਰਤੀ ਕੀਤੀ ਜਾ ਰਹੀ ਹੈ, ਜਿਸ ਨੂੰ ਚੰਗਾ ਹੁੰਗਾਰਾ ਵੀ ਮਿਲ ਰਿਹਾ ਦੱਸਿਆ ਜਾ ਰਿਹਾ ਹੈ, ਜਦੋਂ ਕਿ ਅਕਾਲੀ ਦਲ ਬਾਦਲ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਵੱਲੋਂ ਤਾਂ ਭਰਤੀ ਮੁਕੰਮਲ



ਵੀ ਕਰ ਲਈ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਦੇ ਕਰੀਬ 27 ਲੱਖ ਤੋਂ ਜ਼ਿਆਦਾ ਮੈਂਬਰ ਬਣੇ ਹਨ। ਸਰਕਲਾਂ ਦੇ ਡੈਲੀਗੇਟ, ਜ਼ਿਲ੍ਹੇ ਦੇ ਡੈਲੀਗੇਟ ਚੁਣਨਗੇ ਅਤੇ ਹਰੇਕ ਅਸੈਂਬਲੀ ਹਲਕੇ ’ਚੋਂ ਚਾਰ ਸਟੇਟ ਡੈਲੀਗੇਟ ਬਣਨਗੇ। ਉਨ੍ਹਾਂ ਕਿਹਾ ਹੈ ਕਿ 12 ਅਪ੍ਰੈਲ ਦੇ ਡੈਲੀਗੇਟ ਇਜਲਾਸ ਵਿੱਚ 520 ਤੋਂ ਜ਼ਿਆਦਾ ਡੈਲੀਗੇਟ ਨਵੇਂ ਪ੍ਰਧਾਨ ਦੀ ਚੋਣ ਕਰਨਗੇ। ਡਾ. ਚੀਮਾ ਨੇ ਕਿਹਾ ਹੈ ਕਿ ਪੰਜ ਮੈਂਬਰੀ ਕਮੇਟੀ ਦਾ ਪਾਰਟੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਵਰਕਿੰਗ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਭਰਤੀ ਬਾਰੇ ਪਹਿਲਾਂ ਹੀ ਸਪੱਸ਼ਟਤਾ ਹੋ ਚੁੱਕੀ ਹੈ। ਪੰਜ ਮੈਂਬਰੀ ਕਮੇਟੀ ਆਪੂ ਬਣੀ ਕਮੇਟੀ ਤੋਂ ਵੱਧ ਕੁੱਝ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਸਥਿਤੀ ਵੇਖ ਕੇ ਆਮ ਲੋਕ ਸਵਾਲ ਕਰਨ ਲੱਗ ਪਏ ਹਨ ਕਿ ਅਕਾਲੀ ਸਿਆਸਤ ਹੁਣ ਕਿਹੜੇ ਰਾਹ ਤੁਰ ਪਈ ਹੈ ? ਅਸਲ ਵਿੱਚ ਇਸ ਸਮੇਂ ਅਕਾਲੀ ਸਿਆਸਤ ਅਜਿਹੇ ਮੋੜ ’ਤੇ ਖੜੀ ਹੈ, ਕਿ ਕੋਈ ਵੀ ਫੈਸਲਾ ਵੱਡਾ ਪ੍ਰਭਾਵ ਪਾ ਸਕਦਾ ਹੈ।

ਅਕਾਲੀ ਦਲ ਬਾਦਲ ਦੇ ਆਗੂ ਆਪਣੀ ਅੜੀ ਛੱਡਣ ਨੂੰ ਤਿਆਰ ਨਹੀਂ ਜਦੋਂ ਕਿ ਬਾਗੀ ਅਕਾਲੀ ਆਗੂ ਵੀ ਬਾਦਲ ਪਰਿਵਾਰ ਨੂੰ ਅਕਾਲੀ ਦਲ ਤੋਂ ਲਾਂਭੇ ਕਰਨਾ ਚਾਹੁੰਦੇ ਹਨ। ਇਸੇ ਕਾਰਨ ਹੀ ਬਾਗੀ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕੀਤੀ ਗਈ ਸੀ। ਬਾਦਲ ਦਲ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਤਨਖਾਹ ਤਾਂ ਭੁਗਤ ਲਈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਕਮੇਟੀ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਆਪਣੀ ਵੱਖਰੀ ਭਰਤੀ ਕਮੇਟੀ ਬਣਾ ਕੇ ਅਕਾਲੀ ਦਲ ਦੀ ਭਰਤੀ ਕਰਨ ਦਾ ਵੀ ਦਾਅਵਾ ਕਰ ਦਿੱਤਾ ਅਤੇ ਹੁਣ ਡੈਲੀਗੇਟ ਇਜਲਾਸ ਰਾਹੀਂ ਪ੍ਰਧਾਨ ਦੀ ਚੋਣ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ, ਜਦੋਂ ਕਿ ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਅਕਾਲੀ ਦਲ ਦੀ ਭਰਤੀ ਕਮੇਟੀ ਵੀ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਮੈਂਬਰਾਂ ਦੀ ਲਗਾਤਾਰ ਭਰਤੀ ਕਰ ਰਹੀ ਹੈ। ਇਸ ਤਰ੍ਹਾਂ ਸਥਿਤੀ ਪੂਰੀ ਤਰ੍ਹਾਂ ਉਲਝਵੀਂ ਅਤੇ ਭੰਬਲਭੂਸੇ ਵਾਲੀ ਬਣੀ ਹੋਈ ਹੈ।

ਅਕਾਲੀ ਦਲ ਬਾਦਲ ਦੇ ਡੈਲੀਗੇਟ ਇਜਲਾਸ ਵਿੱਚ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਅਕਾਲੀ ਦਲ ਦਾ ਪ੍ਰਧਾਨ ਕੋਈ ਹੋਰ ਆਗੂ ਚੁਣਿਆ ਜਾਂਦਾ ਹੈ ਜਾਂ ਪਹਿਲਾਂ ਵਾਂਗ ਸੁਖਬੀਰ ਬਾਦਲ ਹੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਚੁਣੇ ਜਾਂਦੇ ਹਨ ?

## ਪੰਜਾਬ ਨੂੰ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ

ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਕਈ ਸਿਆਸੀ ਪਾਰਟੀਆਂ ਸਰਗਰਮ ਹਨ, ਜਿਨ੍ਹਾਂ ਵਿਚੋਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਖੇਤਰੀ ਪਾਰਟੀ ਹੈ, ਜਦੋਂ ਕਿ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਰਾਸ਼ਟਰੀ ਸਿਆਸੀ ਪਾਰਟੀਆਂ ਹਨ, ਜੋ ਕਿ ਹਮੇਸ਼ਾ ਰਾਸ਼ਟਰੀ ਸਿਆਸਤ ਨੂੰ ਮੁੱਖ ਰੱਖ ਕੇ ਹੀ ਆਪਣੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਉਂਦੀਆਂ ਹਨ ਅਤੇ ਉਹਨਾਂ ਦਾ ਵੱਡਾ ਨਿਸ਼ਾਨਾ ਦੇਸ਼ ਦੀ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ। ਸਿਰਫ਼ ਅਕਾਲੀ ਦਲ ਹੀ ਹੈ, ਜੋ ਕਿ ਖੇਤਰੀ ਪਾਰਟੀ ਹੋਣ ਕਰਕੇ ਪੰਜਾਬ ਨੂੰ ਹਰ ਪੱਖੋਂ ਮੁੱਖ ਰੱਖਦਾ ਆਇਆ ਹੈ ਪਰ ਇਸ ਸਮੇਂ ਅਕਾਲੀ ਦਲ ਦੀ ਜੋ ਹਾਲਤ ਹੈ, ਉਹ ਸਭ ਦੇ ਸਾਹਮਣੇ ਹੈ। ਇਸੇ ਕਾਰਨ ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਵਿੱਚ ਆਇਆ ਨਿਘਾਰ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ ਕਿਉਂਕਿ ਪੰਜਾਬ ਦੀ ਮੁੱਖ ਖੇਤਰੀ ਪਾਰਟੀ ਹੋਣ ਕਾਰਨ ਪੰਜਾਬ ਦੇ ਲੋਕਾਂ ਨੂੰ ਅਕਾਲੀ ਦਲ ਤੋਂ ਬਹੁਤ ਆਸਾਂ ਤੇ ਉਮੀਦਾਂ ਹਨ।

ਪੰਜਾਬ ਇਸ ਸਮੇਂ ਅਨੇਕਾਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਵਿਚੋਂ ਕਈ ਸਮੱਸਿਆਵਾਂ ਦਾ ਸਬੰਧ ਪੰਜਾਬ ਦੇ ਗੁਆਂਢੀ ਸੂਬਿਆਂ ਨਾਲ ਵੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਰੇੜਕਾ, ਨਹਿਰੀ ਪਾਣੀ ਦੀ ਵਰਤੋਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਤੇ ਪੰਜਾਬ ਦਾ ਹੱਕ ਅਤੇ ਕੁਝ ਹੋਰ ਅਜਿਹੇ ਮਸਲੇ ਹਨ, ਜੋ ਕਿ ਲੰਬੇ ਸਮੇਂ ਤੋਂ ਪੰਜਾਬ ਦੇ ਆਪਣੇ ਗੁਆਂਢੀ ਸੂਬਿਆਂ ਨਾਲ ਚੱਲ ਰਹੇ ਹਨ। ਪੰਜਾਬ ਦੇ ਇਹਨਾਂ ਮੁੱਖ ਮਸਲਿਆਂ ਵਿੱਚ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਪੰਜਾਬ ਦੀ ਖੇਤਰੀ ਪਾਰਟੀ ਹੀ ਰੱਖ ਸਕਦੀ ਹੈ, ਕਿਉਂਕਿ ਉਹ ਸਿਰਫ਼ ਪੰਜਾਬ ਤੱਕ ਸੀਮਿਤ ਹੁੰਦੀ ਹੈ ਅਤੇ ਪੰਜਾਬ ਦੇ ਲੋਕਾਂ ਦੀ ਮੁੱਖ ਆਵਾਜ਼ ਹੁੰਦੀ ਹੈ। ਜਦੋਂ ਕਿ ਰਾਸ਼ਟਰੀ ਪਾਰਟੀਆਂ ਦਾ ਪੰਜਾਬ ਦੇ ਨਾਲ-ਨਾਲ ਪੰਜਾਬ ਦੇ ਗੁਆਂਢੀ ਸੂਬਿਆਂ ਵਿੱਚ ਵੀ ਆਧਾਰ ਹੁੰਦਾ ਹੈ ਅਤੇ ਉਹਨਾਂ ਸਿਆਸੀ ਪਾਰਟੀਆਂ ਨੇ ਪੰਜਾਬ ਦੇ ਗੁਆਂਢੀ ਸੂਬਿਆਂ ਦੇ ਵੋਟਰਾਂ ਤੋਂ ਵੀ ਵੋਟਾਂ ਲੈਣੀਆਂ ਹੁੰਦੀਆਂ ਹਨ, ਇਸੇ ਕਾਰਨ ਇਹ ਰਾਸ਼ਟਰੀ ਸਿਆਸੀ ਪਾਰਟੀਆਂ ਜਾਂ ਤਾਂ ਪੰਜਾਬ ਦੇ ਮਸਲਿਆਂ ਨੂੰ ਉਠਾਉਂਦੀਆਂ ਹੀ ਨਹੀਂ ਅਤੇ ਪੰਜਾਬ ਵਿੱਚ ਆਪਣੀ ਸਰਕਾਰ ਹੋਣ ਦੇ ਬਾਵਜੂਦ ਇਹਨਾਂ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾਈ ਰਖਦੀਆਂ ਹਨ। ਅਜਿਹੇ ਸਮੇਂ ਹੀ ਪੰਜਾਬ ਨੂੰ ਇੱਕ ਮਜ਼ਬੂਤ ਖੇਤਰੀ ਸਿਆਸੀ ਪਾਰਟੀ ਦੀ ਲੋੜ ਮਹਿਸੂਸ ਹੋ ਰਹੀ ਹੈ, ਜੋ ਕਿ ਸਿਰਫ਼ ਤੇ ਸਿਰਫ਼ ਪੰਜਾਬ ਦੇ ਹੱਕਾਂ ਦੀ ਗੱਲ ਕਰੇ ਤੇ ਪੰਜਾਬ ਤੇ ਹਿੱਤਾਂ ਦੀ ਪੈਰਵਾਈ ਕਰੇ। ਪੰਜਾਬ ਵਿੱਚ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਹੀ ਮੁੱਖ ਖੇਤਰੀ ਸਿਆਸੀ ਪਾਰਟੀ ਹੈ, ਜਿਸ ਕਰਕੇ ਪੰਜਾਬ ਦੀ ਭਲਾਈ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ।

# ਡੇਰਾ ਸਿਰਸਾ ਮੁਖੀ ਨੂੰ ਮੁੜ ਮਿਲੀ 21 ਦਿਨਾਂ ਦੀ ਫਰਲੋ



## ਸੁਨਾਰੀਆ ਜੇਲ੍ਹ ਤੋਂ ਸਿਰਸਾ ਵਿਚਲੇ ਡੇਰੇ ’ਤੇ ਪੁੱਜਾ ਰਾਮ ਰਹੀਮ

ਚੰਡੀਗੜ੍ਹ /ਏ .ਟੀ .ਨਿਊ ਜ਼: ਬਲਾਤਕਾਰ ਜਿਹੇ ਗੰਭੀਰ ਦੋਸ਼ਾਂ ਤਹਿਤ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ 21 ਦਿਨਾਂ ਦੀ ਫਰਲੋ ਦਿੱਤੀ ਗਈ ਹੈ।

ਡੇਰਾ ਮੁਖੀ ਅੱਜ ਸਵੇਰੇ ਜੇਲ੍ਹ ’ਚੋਂ ਬਾਹਰ ਆਇਆ ਤੇ ਸਿਰਸਾ ਵਿਚਲੇ ਆਪਣੇ ਡੇਰੇ ਲਈ ਰਵਾਨਾ ਹੋ ਗਿਆ। ਡੇਰਾ ਮੁਖੀ ਵੱਲੋਂ 21 ਦਿਨਾਂ ਦੀ ਫਰਲੋ ਦੌਰਾਨ ਇਥੇ ਹੀ ਰਹਿਣ ਦੀ ਉਮੀਦ ਹੈ। ਪੁਲਿਸ ਦੇ ਸੂਤਰਾਂ ਮੁਤਾਬਕ ਫਰਲੋ ਦੇ ਅਰਸੇ ਦੌਰਾਨ ਗੁਰਮੀਤ ਸਿੰਘ ਦੀਆਂ ਸਰਗਰਮੀਆਂ ’ਤੇ ਸਖ਼ਤ ਨਜ਼ਰ ਰੱਖੀ ਜਾਵੇਗੀ। ਉਂਝ ਇਹਤਿਆਤ ਵਜੋਂ ਸਿਰਸਾ ਆਸ਼ਰਮ ਅਤੇ ਆਲੇ-ਦੁਆਲੇ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ।ਇਸ ਤੋਂ ਪਹਿਲਾਂ ਜਨਵਰੀ ਵਿਚ ਦਿੱਲੀ ਅਸੈਂਬਲੀ ਦੀਆਂ 5 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਤੋਂ ਐਨ ਪਹਿਲਾਂ ਡੇਰਾ ਮੁਖੀ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਡੇਰਾ ਮੁਖੀ ਨੂੰ ਆਪਣੇ ਡੇਰੇ ਦੀਆਂ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਤਹਿਤ 2017 ਵਿੱਚ 20 ਸਾਲ ਦੀ ਸਜ਼ਾ ਸੁਣਾਈ ਗਈ ਸੀ ।ਪਿਛਲੇ ਸਾਲ 1 ਅਕਤੂਬਰ ਨੂੰ ਡੇਰਾ ਮੁਖੀ ਨੂੰ 20 ਦਿਨਾਂ ਦੀ ਪੈਰੋਲ ਮਿਲੀ ਸੀ। ਇਹ ਪੈਰੋਲ ਵੀ 5 ਅਕਤੂਬਰ ਨੂੰ ਹਰਿਆਣਾ ਅਸੈਂਬਲੀ ਚੋਣਾਂ ਤੋਂ ਐਨ ਪਹਿਲਾਂ ਦਿੱਤੀ ਗਈ ਸੀ। ਕਾਬਿਲੇਗੌਰ ਹੈ ਕਿ ਬੀਤੇ ਵਿੱਚ ਵੀ ਡੇਰਾ ਮੁਖੀ ਨੂੰ ਪੰਜਾਬ, ਹਰਿਆਣਾ ਤੇ ਗੁਆਂਢੀ ਰਾਜਾਂ ਵਿੱਚ ਚੋਣਾਂ ਤੋਂ ਪਹਿਲਾਂ ਪੈਰੋਲ ਤੇ ਫਰਲੋ ਮਿਲਦੀ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡੇਰਾ ਮੁਖੀ ਨੂੰ ਫਰਲੋ ਜਾਂ ਪੈਰੋਲ ਦੇ ਰੂਪ ਵਿੱਚ ਦਿੱਤੀ ਜਾਂਦੀ ਰਾਹਤ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ।

# ਟਰੰਪ ਨੇ ਵਪਾਰਕ ਜੰਗ ਛੇੜੀ, ਭਾਰਤ ਸਣੇ 60 ਦੇਸ਼ਾਂ 'ਤੇ ਜਵਾਬੀ ਟੈਕਸ ਠੋਕਿਆ

## ਟਰੰਪ ਦੇ ਟੈਰਿਫ਼ਾਂ ਨੂੰ ਅਮਰੀਕੀ ਸਟਾਕ ਮਾਰਕੀਟ ਨੇ ਹੀ ਰੱਦ ਕੀਤਾ, ਵਾਲ ਸਟਰੀਟ ਵਿੱਚ ਦਹਿਸ਼ਤ!

## ਨਿਵੇਸ਼ਕਾਂ 'ਚ ਵਿਸ਼ਵਵਿਆਪੀ ਮੰਦੀ ਤੇ ਵਪਾਰ ਯੁੱਧ ਦਾ ਡਰ ਵਧਿਆ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਹਾਲ ਹੀ ਵਿੱਚ ਐਲਾਨੇ ਗਏ ਜਵਾਬੀ ਟੈਰਿਫ਼ਾਂ ਨੇ ਵਿਸ਼ਵ ਵਿੱਤੀ ਬਾਜ਼ਾਰਾਂ ਨੂੰ ਝਟਕਾ ਦਿੱਤਾ ਹੈ। 3 ਅਪ੍ਰੈਲ, 2025 ਨੂੰ, ਵਾਲ ਸਟਰੀਟ ਦੇ ਪ੍ਰਮੁੱਖ ਸੂਚਕਾਂਕ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ। ਇਸ ਵਿੱਚ, ਡਾਓ ਜੋਨਸ ਇੰਡਸਟਰੀਅਲ ਇੰਡੈਕਸ 1000 ਅੰਕਾਂ ਤੋਂ ਵੱਧ ਡਿੱਗ ਗਿਆ ਅਤੇ ਨੈਸਡੈਕ 800 ਅੰਕਾਂ ਤੋਂ ਵੱਧ ਡਿੱਗ ਗਿਆ। ਇਕੱਲੇ ਐਸ ਐਂਡ ਪੀ 500 ਸੂਚਕਾਂਕ ਨੂੰ ਲਗਭਗ 2 ਟ੍ਰਿਲੀਅਨ ਡਾਲਰ ਜਾਂ ਲਗਭਗ 168 ਟ੍ਰਿਲੀਅਨ ਰੁਪਏ ਦਾ ਨੁਕਸਾਨ ਹੋਇਆ। ਇਹ ਗਿਰਾਵਟ ਟਰੰਪ ਦੇ ਟੈਰਿਫ਼ਾਂ ਦਾ ਐਲਾਨ ਕਰਨ ਤੋਂ ਥੋੜ੍ਹੀ ਦੇਰ ਬਾਅਦ ਸ਼ੁਰੂ ਹੋਈ। ਇਸ ਨਾਲ ਨਿਵੇਸ਼ਕਾਂ ਦੇ ਵਿਸ਼ਵਵਿਆਪੀ ਮੰਦੀ ਅਤੇ ਵਪਾਰ ਯੁੱਧ ਦੇ ਡਰ ਵਧ ਗਏ। ਨਿਵੇਸ਼ਕਾਂ ਨੂੰ ਡਰ ਹੈ ਕਿ ਇਸ ਨਾਲ ਅਮਰੀਕੀ ਅਰਥਵਿਵਸਥਾ ਮੰਦੀ ਵੱਲ ਜਾ ਸਕਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਵਿਸ਼ਵ ਵਪਾਰ ਵਿੱਚ ਤਣਾਅ ਵਧ ਸਕਦਾ ਹੈ, ਖਾਸ ਕਰਕੇ ਜਦੋਂ ਅਮਰੀਕਾ ਅਤੇ ਕਈ ਹੋਰ ਦੇਸ਼ਾਂ ਵਿਚਕਾਰ ਵਪਾਰਕ ਸਬੰਧ ਪਹਿਲਾਂ ਹੀ ਖਟਾਸ ਭਰੇ ਹੋਏ ਹਨ। ਨਵੇਂ ਟੈਰਿਫ਼ਾਂ ਨਾਲ ਆਯਾਤ ਕੀਤੀਆਂ ਵਸਤਾਂ ਦੀਆਂ ਕੀਮਤਾਂ ਵਧਣ ਦੀ ਉਮੀਦ ਹੈ, ਜਿਸ ਦਾ ਅਸਰ ਅਮਰੀਕੀ ਖਪਤਕਾਰਾਂ ਅਤੇ ਕੰਪਨੀਆਂ 'ਤੇ ਪੈ ਸਕਦਾ ਹੈ।

ਟਰੰਪ ਨੇ ਆਲਮੀ ਪੱਧਰ 'ਤੇ ਅਮਰੀਕੀ ਉਤਪਾਦਾਂ 'ਤੇ ਲਗਾਏ ਗਏ ਉੱਚ ਟੈਕਸਾਂ ਦੇ ਟਾਕਰੇ ਲਈ ਇਤਿਹਾਸਕ ਪੇਸ਼ਕਦਮੀ ਤਹਿਤ ਭਾਰਤ ਸਣੇ ਕਰੀਬ 60 ਮੁਲਕਾਂ 'ਤੇ ਪ੍ਰਸਪਰ (ਜਵਾਬੀ) ਟੈਕਸ ਲਗਾਉਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਇਹ ਮੁਕਤੀ ਦਿਹਾੜਾ ਹੈ, ਜਿਸ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਦੋ ਅਪਰੈਲ 2025 ਨੂੰ ਹਮੇਸ਼ਾ ਲਈ ਉਸ ਦਿਨ ਵਜੋਂ ਯਾਦ ਕੀਤਾ ਜਾਵੇਗਾ, ਜਿਸ ਦਿਨ ਅਮਰੀਕੀ ਉਦਯੋਗ ਦਾ ਪੁਨਰ-ਜਨਮ ਹੋਇਆ, ਜਿਸ ਦਿਨ ਅਮਰੀਕਾ ਦੇ ਭਾਗ ਮੁੜ ਖੁੱਲ੍ਹੇ, ਜਿਸ ਦਿਨ ਅਸੀਂ ਅਮਰੀਕਾ ਨੂੰ ਮੁੜ ਤੋਂ ਖੁਸ਼ਹਾਲ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇਸ ਵਿੱਚ ਸਾਰੇ ਅਮਰੀਕੀ ਵਪਾਰਕ ਭਾਈਵਾਲਾਂ 'ਤੇ 10% ਟੈਰਿਫ਼ ਲਗਾਇਆ ਗਿਆ, ਅਤੇ ਕਈ ਦੇਸ਼ਾਂ 'ਤੇ ਉੱਚ ਟੈਰਿਫ਼ ਲਗਾਇਆ ਗਿਆ। ਇਸ ਤੋਂ ਇਲਾਵਾ, ਚੀਨ 'ਤੇ 54%, ਵੀਅਤਨਾਮ 'ਤੇ 46% ਅਤੇ ਯੂਰਪੀਅਨ ਯੂਨੀਅਨ 'ਤੇ 20% ਤੱਕ ਦੇ ਵਾਧੂ ਟੈਰਿਫ਼ ਲਗਾਏ ਗਏ। ਇਹ ਕਦਮ ਟਰੰਪ ਦੇ ਇਸ ਦਾਅਵੇ ਦਾ ਹਿੱਸਾ ਹੈ ਕਿ ਇਹ ਟੈਰਿਫ਼ ਅਮਰੀਕੀ ਅਰਥਵਿਵਸਥਾ ਨੂੰ ਮਜ਼ਬੂਤ ਕਰਨਗੇ ਅਤੇ ਘਰੇਲੂ ਨਿਰਮਾਣ ਨੂੰ ਹੁਲਾਰਾ ਦੇਣਗੇ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨੀਤੀ ਉਲਟਾ ਅਸਰ ਪਾ ਸਕਦੀ ਹੈ। ਇਸ ਦਾ ਸਭ ਤੋਂ ਵੱਡਾ ਪ੍ਰਭਾਵ ਵਪਾਰ ਯੁੱਧ ਦਾ ਡਰ ਹੈ। ਕੈਨੇਡਾ, ਮੈਕਸੀਕੋ ਅਤੇ ਚੀਨ ਵਰਗੇ ਵੱਡੇ ਵਪਾਰਕ ਭਾਈਵਾਲਾਂ ਨੇ ਜਵਾਬੀ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਹੈ। ਇਸ ਨਾਲ ਵਿਸ਼ਵ ਵਪਾਰ ਵਿੱਚ ਵਿਘਨ ਅਤੇ ਸਪਲਾਈ ਲੜੀ ਵਿੱਚ ਵਿਘਨ ਪੈਣ ਦਾ ਡਰ ਵਧ ਗਿਆ ਹੈ। ਵਪਾਰ ਯੁੱਧ ਦੇ ਡਰ ਦੇ ਵਿਚਕਾਰ, ਮਹਿੰਗਾਈ ਦਾ ਡਰ ਵੀ ਘੱਟ ਵੱਡਾ ਨਹੀਂ ਹੈ। ਟੈਰਿਫ਼ ਦਰਾਮਦ ਕੀਤੀਆਂ ਵਸਤੂਆਂ ਦੀਆਂ ਕੀਮਤਾਂ ਵਧਾ ਦੇਣਗੇ, ਜਿਸ ਨਾਲ ਅਮਰੀਕਾ ਵਿੱਚ ਮਹਿੰਗਾਈ ਵੱਧ ਸਕਦੀ ਹੈ। ਇਸ ਨਾਲ ਫ਼ੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਵਿੱਚ ਕਟੌਤੀ ਦੀਆਂ ਉਮੀਦਾਂ ਕਮਜ਼ੋਰ ਹੋ ਗਈਆਂ, ਜਿਸ ਨਾਲ ਬਾਜ਼ਾਰ 'ਤੇ ਹੋਰ ਦਬਾਅ ਪਿਆ। ਇਸ ਨਾਲ ਕੰਪਨੀਆਂ ਵੀ ਪ੍ਰਭਾਵਿਤ ਹੋਈਆਂ ਹਨ। ਤਕਨੀਕੀ ਅਤੇ ਪ੍ਰਚੂਨ ਖੇਤਰਾਂ ਦੀਆਂ ਵੱਡੀਆਂ ਕੰਪਨੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਐਪਲ (9% ਗਿਰਾਵਟ), ਨਾਈਕੀ (13% ਗਿਰਾਵਟ), ਅਤੇ ਐਮਾਜ਼ਾਨ ਵਿੱਚ ਗਿਰਾਵਟ ਆਈ। ਇਨ੍ਹਾਂ ਕੰਪਨੀਆਂ ਦੀਆਂ ਵਧਦੀਆਂ ਲਾਗਤਾਂ ਨੇ ਉਨ੍ਹਾਂ ਦੇ ਮੁਨਾਫ਼ੇ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਹਿੱਲ ਗਿਆ।

### ਭਾਰਤ 'ਤੇ ਕੀ ਪ੍ਰਭਾਵ ਪਵੇਗਾ

ਟਰੰਪ ਨੇ ਭਾਰਤ 'ਤੇ 26% ਟੈਰਿਫ਼ ਲਗਾਉਣ ਦੀ ਗੱਲ ਕੀਤੀ ਹੈ। ਇਸ ਦਾ ਪ੍ਰਭਾਵ ਕਈ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ। ਸਭ ਤੋਂ ਵੱਧ ਪ੍ਰਭਾਵ ਬਰਾਮਦਾਂ 'ਤੇ ਪਵੇਗਾ। ਭਾਰਤ ਦੇ ਅਮਰੀਕਾ ਨੂੰ ਨਿਰਯਾਤ ਪ੍ਰਭਾਵਿਤ ਹੋ ਸਕਦੇ ਹਨ, ਖਾਸ ਕਰਕੇ ਸੂਚਨਾ ਤਕਨਾਲੋਜੀ (ਆਈ.ਟੀ.), ਫ਼ਾਰਮਾਸਿਊਟੀਕਲ ਅਤੇ ਟੈਕਸਟਾਈਲ ਖੇਤਰਾਂ ਵਿੱਚ। ਇਸ ਨਾਲ ਭਾਰਤੀ


(ਬਾਕੀ ਸਫ਼ਾ 31 'ਤੇ)




## ਅਮਰੀਕਾ ਨੇ ਘਟਾਇਆ ਭਾਰਤ 'ਤੇ ਟੈਕਸ

ਵ੍ਹਾਈਟ ਹਾਊਸ ਦੇ ਇਕ ਦਸਤਾਵੇਜ਼ ਦੇ ਅਨੁਸਾਰ ਸੰਯੁਕਤ ਰਾਜ ਨੇ ਭਾਰਤ 'ਤੇ ਲਗਾਏ ਜਾਣ ਵਾਲੇ ਦਰਾਮਦਗੀ ਡਿਊਟੀ ਨੂੰ 27 ਫ਼ੀਸਦੀ ਤੋਂ ਘਟਾ ਕੇ 26 ਫ਼ੀਸਦੀ ਕਰ ਦਿੱਤਾ ਹੈ। ਇਹ ਟੈਕਸ 9 ਅਪ੍ਰੈਲ ਤੋਂ ਸ਼ੁਰੂ ਹੋਣਾ ਹੈ। ਪਿਛਲੇ ਦਿਨੀਂ ਵੱਖ-ਵੱਖ ਦੇਸ਼ਾਂ ਵਿਰੁੱਧ ਜਵਾਬੀ ਟੈਕਸ ਦਾ ਐਲਾਨ ਕਰਦੇ ਹੋਏ ਟਰੰਪ ਨੇ ਇਕ ਚਾਰਟ ਚੁੱਕਿਆ ਜਿਸ ਵਿੱਚ ਭਾਰਤ, ਚੀਨ, ਯੂਕੇ ਅਤੇ ਯੂਰਪੀਅਨ ਯੂਨੀਅਨ ਵਰਗੇ ਦੇਸ਼ਾਂ ਨੂੰ ਹੁਣ ਭੁਗਤਾਨ ਕਰਨ ਵਾਲੇ ਟੈਕਸ ਦਿਖਾਏ ਗਏ ਸਨ। ਚਾਰਟ ਨੇ ਸੰਕੇਤ ਦਿੱਤਾ ਕਿ ਭਾਰਤ ਨੇ ਮੁਦਰਾ ਹੇਰਾਫ਼ੇਰੀ ਅਤੇ ਵਪਾਰ ਰੁਕਾਵਟਾਂ ਸਮੇਤ 52 ਫ਼ੀਸਦੀ ਟੈਕਸ ਲਗਾਏ ਸਨ ਅਤੇ ਅਮਰੀਕਾ ਹੁਣ ਭਾਰਤ ਤੋਂ 26 ਪ੍ਰਤੀਸ਼ਤ ਦੀ ਛੋਟ ਵਾਲਾ ਜਵਾਬੀ ਟੈਕਸ ਵਸੂਲੇਗਾ। ਪਹਿਲਾਂ ਵ੍ਹਾਈਟ ਹਾਊਸ ਦੇ ਦਸਤਾਵੇਜ਼ਾਂ ਵਿੱਚ ਭਾਰਤ 'ਤੇ 27 ਫ਼ੀਸਦੀ ਡਿਊਟੀ ਦਿਖਾਈ ਗਈ ਸੀ। ਹਾਲਾਂਕਿ ਨਵੀਨਤਮ ਅਪਡੇਟ ਦੇ ਅਨੁਸਾਰ ਇਸਨੂੰ ਘਟਾ ਕੇ 26 ਫ਼ੀਸਦੀ ਕਰ ਦਿੱਤਾ ਗਿਆ ਹੈ। ਉਦਯੋਗ ਮਾਹਰਾਂ ਨੇ ਕਿਹਾ ਕਿ ਇਕ ਪ੍ਰਤੀਸ਼ਤ ਦਾ ਬਹੁਤਾ ਪ੍ਰਭਾਵ ਨਹੀਂ ਪਵੇਗਾ।

## ਟਰੰਪ ਵੱਲੋਂ ਟੈਰਿਫ਼ ਲਗਾਉਣ 'ਤੇ ਚੀਨ ਨੇ ਕਿਹਾ ਕਿ ਢੁਕਵਾਂ ਜਵਾਬ ਦੇਵਾਂਗੇ



ਅਮਰੀਕਾ ਨੇ ਚੀਨ 'ਤੇ 34 ਪ੍ਰਤੀਸ਼ਤ ਟੈਰਿਫ਼ ਲਗਾਉਣ ਦਾ ਐਲਾਨ ਕੀਤਾ, ਜਿਸ ਨਾਲ ਚੀਨ ਦੇ ਤੀਜੇ ਸਭ ਤੋਂ ਵੱਡੇ ਨਿਰਯਾਤ ਬਾਜ਼ਾਰ 'ਤੇ ਅਸਰ ਪਵੇਗਾ। ਚੀਨ ਨੇ ਇਸ ਕਦਮ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਆਪਣੇ ਅਧਿਕਾਰਾਂ ਦੀ ਰਾਖੀ ਲਈ ਸਖ਼ਤ ਕਦਮ ਚੁੱਕੇਗਾ। ਯਾਦ ਰਹੇ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਤੋਂ 438 ਬਿਲੀਅਨ ਡਾਲਰ ਦੇ ਅਮਰੀਕੀ ਆਯਾਤ 'ਤੇ 34 ਪ੍ਰਤੀਸ਼ਤ ਟੈਰਿਫ਼ ਲਗਾਉਣ ਦਾ ਐਲਾਨ ਕੀਤਾ। ਚੀਨ ਅਮਰੀਕਾ ਦਾ ਤੀਜਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਚੀਨ ਨੇ ਇਸ ਫ਼ੈਸਲੇ 'ਤੇ ਸਖ਼ਤ ਪ੍ਰਤੀਕ੍ਰਿਆ ਦਿੱਤੀ ਅਤੇ ਕਿਹਾ ਕਿ ਉਹ ਆਪਣੇ ਅਧਿਕਾਰਾਂ ਦੀ ਰਾਖੀ ਲਈ ਜਵਾਬੀ ਕਦਮ ਚੁੱਕੇਗਾ। ਚੀਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਨਵੇਂ ਟੈਰਿਫ਼ ਅਮਰੀਕੀ ਖ਼ਪਤਕਾਰਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਣਗੇ। ਪਰ ਇਨ੍ਹਾਂ ਟੈਰਿਫ਼ਾਂ ਦਾ ਚੀਨ ਦੇ ਵਪਾਰ ਅਤੇ ਉਦਯੋਗਾਂ 'ਤੇ ਬਹੁਤ ਵੱਡਾ ਪ੍ਰਭਾਵ ਪਵੇਗਾ, ਜੋ ਪਹਿਲਾਂ ਹੀ ਚੀਨੀ ਅਰਥਵਿਵਸਥਾ ਵਿੱਚ ਆਈ ਮੰਦੀ ਤੋਂ ਪ੍ਰਭਾਵਿਤ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਚੀਨ ਅਮਰੀਕੀ ਉਤਪਾਦਾਂ 'ਤੇ 67 ਪ੍ਰਤੀਸ਼ਤ ਟੈਰਿਫ਼ ਲਗਾਉਂਦਾ ਹੈ, ਜਿਸ ਵਿੱਚ ਮੁਦਰਾ ਹੇਰਾਫ਼ੇਰੀ ਅਤੇ ਵਪਾਰ ਰੁਕਾਵਟਾਂ ਸ਼ਾਮਿਲ ਹਨ। ਵ੍ਹਾਈਟ ਹਾਊਸ ਰੋਜ਼ ਗਾਰਡਨ ਤੋਂ ਇਸ ਦਾ ਐਲਾਨ ਕਰਦੇ ਹੋਏ, ਟਰੰਪ ਨੇ ਕਿਹਾ ਕਿ ਚੀਨ 'ਤੇ 34 ਪ੍ਰਤੀਸ਼ਤ ਟੈਰਿਫ਼ ਲਗਾਉਣ ਨਾਲ ਵਪਾਰ ਅਸੰਤੁਲਨ ਠੀਕ ਹੋ ਜਾਵੇਗਾ। ਉਸਨੇ ਕਿਹਾ ਕਿ ਚੀਨ ਨੇ ਅਮਰੀਕਾ ਦਾ ਬਹੁਤ ਵੱਡਾ ਫ਼ਾਇਦਾ ਉਠਾਇਆ ਹੈ।

## ਪੰਜਾਬ ਉਪਰ ਕੀ ਪ੍ਰਭਾਵ ਪਵੇਗਾ?

ਟੈਰਿਫ਼ ਇੱਕ ਟੈਕਸ ਹੈ ਜੋ ਕਿਸੇ ਦੇਸ਼ ਵੱਲੋਂ ਕੌਮਾਂਤਰੀ ਸਰਹੱਦ ਪਾਰੋਂ ਦਰਾਮਦ ਹੋਣ ਵਾਲੇ ਸਮਾਨ ਉੱਤੇ ਲਗਾਇਆ ਜਾਂਦਾ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਪੰਜਾਬ ਅਮਰੀਕਾ ਨੂੰ ਕਈ ਤਰ੍ਹਾਂ ਦੀਆਂ ਵਸਤਾਂ ਦੀ ਬਰਾਮਦ ਕਰਦਾ ਹੈ, ਜਿਸ ਵਿੱਚ ਬਾਸਮਤੀ ਚੌਲ, ਕੱਪੜਾ, ਖੇਡਾਂ ਦਾ ਸਾਮਾਨ, ਡੇਅਰੀ ਉਤਪਾਦ, ਫ਼ਾਰਮਾਸਿਊਟੀਕਲ ਅਤੇ ਆਈ.ਟੀ. ਦਾ ਸਮਾਨ ਸ਼ਾਮਲ ਹਨ। ਇਸ ਵਪਾਰ ਵਿੱਚ ਪੰਜਾਬ ਦੇ ਤਿੰਨ ਵੱਡੇ ਸ਼ਹਿਰਾਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਮੁੱਖ ਯੋਗਦਾਨ ਪਾਉਂਦੇ ਹਨ।

ਟਰੰਪ ਦੇ ਇਸ ਕਦਮ ਨਾਲ ਭਾਰਤ ਵਿੱਚ ਕੱਪੜਿਆਂ, ਚਮੜੇ ਦੇ ਉਤਪਾਦਾਂ, ਗਹਿਣਿਆਂ, ਮੱਛੀਆਂ ਅਤੇ ਹੋਰ ਭੋਜਨ ਉਤਪਾਦਾਂ ਦੇ ਨਿਰਯਾਤ ਵਿੱਚ ਤੁਰੰਤ ਗਿਰਾਵਟ ਆ ਸਕਦੀ ਹੈ ਕਿਉਂਕਿ ਜ਼ਿਆਦਾ ਟੈਰਿਫ਼ ਨਾਲ ਅਮਰੀਕਾ ਵਿੱਚ ਇਨ੍ਹਾਂ ਦੀ ਕੀਮਤ ਵੱਧ ਜਾਵੇਗੀ।

ਪੰਜਾਬ ਵਿੱਚ ਲੋਹਾ ਅਤੇ ਸਟੀਲ ਉਤਪਾਦਾਂ, ਕੱਪੜੇ, ਆਟੋਪਾਰਟਸ, ਚਮੜੇ ਦੇ ਸਾਮਾਨ, ਪਲਾਸਟਿਕ ਅਤੇ ਰਬੜ ਉਦਯੋਗ ਪ੍ਰਭਾਵਿਤ ਹੋਣਗੇ। ਇਨ੍ਹਾਂ ਟੈਰਿਫ਼ਜ਼ ਦੇ ਪ੍ਰਭਾਵ ਲੰਬੇ ਸਮੇਂ ਬਾਅਦ ਦੇਖਣ ਨੂੰ ਮਿਲਣਗੇ ਕਿਉਂਕਿ ਇਸ ਨਾਲ ਅਮਰੀਕਾ ਨੂੰ ਆਪਣੇ ਉਦਯੋਗਾਂ ਨੂੰ ਵਧਾਉਣ ਵਿੱਚ ਮਦਦ ਮਿਲੇਗੀ ਅਤੇ ਅਮਰੀਕਾ ਦੀ ਹੋਰ ਦੇਸ਼ਾਂ ਤੋਂ ਦਰਾਮਦ 'ਤੇ ਨਿਰਭਰਤਾ ਘੱਟ ਜਾਵੇਗੀ। ਅਮਰੀਕਾ ਤੋਂ ਉੱਚ ਟੈਰਿਫ਼ਾਂ ਦੇ ਪ੍ਰਭਾਵ ਕਾਰਨ, ਭਾਰਤ ਨੂੰ ਚੀਨ ਅਤੇ ਹੋਰ ਦੇਸ਼ਾਂ ਤੋਂ ਡੰਪਿੰਗ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਲੁਧਿਆਣਾ ਵਿੱਚ ਆਟੋ ਪਾਰਟਸ ਦੀ ਵੱਡੀ ਇੰਡਸਟਰੀ ਹੈ।

(ਬਾਕੀ ਸਫ਼ਾ 31 'ਤੇ)

# ਅਮਰੀਕਾ ਦੇ 50 ਸੂਬਿਆਂ 'ਚ 1200 ਤੋਂ ਵੱਧ ਥਾਵਾਂ 'ਤੇ ਟਰੰਪ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ

## ਵਕੀਲਾਂ, ਨਾਗਰਿਕ ਅਧਿਕਾਰ ਜਥੇਬੰਦੀਆਂ, ਐੱਲ.ਜੀ.ਬੀ.ਟੀ. ਸਮਰਥਕਾਂ, ਮਨੁੱਖੀ ਹੱਕਾਂ ਦੇ ਕਾਰਕੁਨਾਂ ਸਮੇਤ 150 ਤੋਂ ਵੱਧ ਗਰੁੱਪਾਂ ਨੇ ਰੈਲੀਆਂ ਕੀਤੀਆਂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਨਾਰਾਜ਼ ਲੋਕਾਂ ਨੇ ਮੁਲਕ ਦੇ ਸਾਰੇ 50 ਸੂਬਿਆਂ 'ਚ 1200 ਤੋਂ ਵੱਧ ਥਾਵਾਂ 'ਤੇ ਪਿਛਲੇ ਦਿਨੀਂ ਜ਼ੋਰਦਾਰ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਾਂ ਨੂੰ 'ਹੈਂਡਜ਼ ਆਫ਼' ਨਾਮ ਦਿੱਤਾ ਗਿਆ ਜਿਸ ਦਾ ਮਤਲਬ ਹੈ ਕਿ ਟਰੰਪ ਲੋਕਾਂ ਦੇ ਨਿੱਜੀ ਮਾਮਲਿਆਂ 'ਚ ਦਖ਼ਲ ਦੇਣਾ ਬੰਦ ਕਰਨ। ਦੇਸ਼ ਭਰ 'ਚ ਵਕੀਲਾਂ, ਨਾਗਰਿਕ ਅਧਿਕਾਰ ਜਥੇਬੰਦੀਆਂ, ਐੱਲਜੀਬੀਟੀ ਸਮਰਥਕਾਂ, ਮਨੁੱਖੀ ਹੱਕਾਂ ਦੇ ਕਾਰਕੁਨਾਂ ਸਮੇਤ 150 ਤੋਂ ਵੱਧ ਗਰੁੱਪਾਂ ਨੇ ਰੈਲੀਆਂ ਕੀਤੀਆਂ। ਇਸ ਦੌਰਾਨ ਬੱਚਿਆਂ ਤੋਂ ਲੈ ਕੇ ਬਜ਼ੁਰਗ ਤੱਕ ਸੜਕਾਂ 'ਤੇ ਟਰੰਪ ਅਤੇ ਉੱਘੇ ਕਾਰੋਬਾਰੀ ਐਲਨ ਮਸਕ ਖ਼ਿਲਾਫ਼ ਪੋਸਟਰ ਲਹਿਰਾਉਂਦੇ ਦਿਖੇ। ਪ੍ਰਦਰਸ਼ਨਕਾਰੀਆਂ ਨੇ ਟਰੰਪ ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ, ਦੇਸ਼ ਨਿਕਾਲੇ, ਅਰਥਚਾਰੇ ਅਤੇ ਹੋਰ ਨੀਤੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਾਂ ਬਾਰੇ ਵ੍ਹਾਈਟ ਹਾਊਸ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ, "ਰਾਸ਼ਟਰਪਤੀ ਟਰੰਪ ਦਾ ਸਟੈਂਡ ਸਪੱਸ਼ਟ ਹੈ। ਉਹ ਸਮਾਜਿਕ ਸੁਰੱਖਿਆ, ਮੈਡੀਕੇਅਰ ਅਤੇ ਮੈਡਿਕਏਡ ਦੇ ਯੋਗ ਲਾਭਪਾਤਰੀਆਂ ਦੀ ਹਮੇਸ਼ਾ ਰਾਖੀ ਕਰਨਗੇ। ਉਂਝ ਡੈਮੋਕਰੈਟਸ ਦਾ ਰਵੱਈਆ ਗ਼ੈਰਕਾਨੂੰਨੀ ਵਿਦੇਸ਼ੀਆਂ ਨੂੰ ਸਮਾਜਿਕ ਸੁਰੱਖਿਆ, ਮੈਡਿਕਏਡ ਅਤੇ ਮੈਡੀਕੇਅਰ ਲਾਭ ਦੇਣਾ ਹੈ ਜਿਸ ਨਾਲ ਪ੍ਰੋਗਰਾਮਾਂ ਦਾ ਦੀਵਾਲੀਆ ਨਿਕਲ



ਜਾਵੇਗਾ ਅਤੇ ਅਮਰੀਕੀ ਸੀਨੀਅਰ ਨਾਗਰਿਕ ਬਰਬਾਦ ਹੋ ਜਾਣਗੇ।" ਮਿੱਡਟਾਊਨ ਮੈਨਹਟਨ ਤੋਂ ਅਲਾਸਕਾ ਤੱਕ ਦੇਸ਼ ਭਰ ਦੇ ਸ਼ਹਿਰਾਂ 'ਚ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵੈਸਟ ਕੋਸਟ 'ਤੇ ਸਿਆਟਲ 'ਚ ਪ੍ਰਦਰਸ਼ਨਕਾਰੀਆਂ ਨੇ 'ਕੁਲੀਨ ਤੰਤਰ ਨਾਲ ਸੰਘਰਸ਼ ਕਰੋ' ਜਿਹੇ ਨਾਅਰੇ ਲਿਖੇ ਪੋਸਟਰ ਫੜੇ ਹੋਏ ਸਨ। ਪੋਰਟਲੈਂਡ, ਓਰੇਗਨ ਅਤੇ ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਨੇ ਨਾਅਰੇਬਾਜ਼ੀ ਕੀਤੀ ਅਤੇ ਪਰਸ਼ਿੰਗ ਸਕੁਏਅਰ ਤੋਂ ਸਿਟੀ ਹਾਲ ਤੱਕ ਮਾਰਚ ਕੀਤਾ। ਵਾਸ਼ਿੰਗਟਨ ਡੀਸੀ ਦੇ ਨੈਸ਼ਨਲ ਮਾਲ 'ਚ ਰੈਲੀ ਦੌਰਾਨ ਮਨੁੱਖੀ ਹੱਕਾਂ ਨਾਲ ਸਬੰਧਿਤ ਜਥੇਬੰਦੀ ਦੇ ਪ੍ਰਧਾਨ ਕੈਲੀ ਰੌਬਿਨਸਨ ਨੇ ਐੱਲਬੀਜੀਟੀਕਿਊ ਭਾਈਚਾਰੇ ਨਾਲ ਪ੍ਰਸ਼ਾਸਨ ਵੱਲੋਂ ਅਪਨਾਏ ਵਤੀਰੇ ਦੀ ਆਲੋਚਨਾ ਕੀਤੀ। ਬੋਸਟਨ 'ਚ ਪ੍ਰਦਰਸ਼ਨ ਦੌਰਾਨ ਮੇਅਰ ਮਿਸ਼ੇਲ ਵੂ ਨੇ ਕਿਹਾ ਕਿ ਉਹ ਨਹੀਂ ਚਾਹੁੰਦੀ ਕਿ ਉਸ ਦੇ ਬੱਚੇ ਅਤੇ ਹੋਰ ਲੋਕ ਡਰ ਤੇ ਨਫ਼ਰਤ ਦੇ ਮਾਹੌਲ 'ਚ ਜਿਊਣ ਅਤੇ ਜਿਥੇ ਉਨ੍ਹਾਂ ਦੇ ਹੱਕਾਂ 'ਤੇ ਹਮਲੇ ਹੋਣ। ਡੈਲਾਵੇਅਰ ਕਾਊਂਟੀ ਦੇ ਰੋਜਰ ਬਰੂਮ (66) ਨੇ ਕਿਹਾ ਕਿ ਉਹ ਪਹਿਲਾਂ ਰਿਪਬਲਿਕਨ ਪਾਰਟੀ ਨਾਲ ਜੁੜਿਆ ਹੋਇਆ ਸੀ ਪਰ ਟਰੰਪ ਦੀਆਂ ਨੀਤੀਆਂ ਕਾਰਨ ਉਹ ਪਾਰਟੀ ਖ਼ਿਲਾਫ਼ ਡਟ ਗਿਆ ਹੈ। ਸੈਂਕੜੇ ਲੋਕਾਂ ਨੇ ਫਲੋਰਿਡਾ 'ਚ ਟਰੰਪ ਦੇ ਗੋਲਫ ਕੋਰਸ ਤੋਂ ਕੁਝ ਦੂਰੀ 'ਤੇ ਪਾਮ ਬੀਚ ਗਾਰਡਨਜ਼ 'ਚ ਪ੍ਰਦਰਸ਼ਨ ਕੀਤੇ। ਲੋਕਾਂ ਨੇ ਆਪਣੀਆਂ ਕਾਰਾਂ ਦੇ ਹੌਰਨ ਵਜਾਏ ਅਤੇ ਟਰੰਪ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪੋਰਟ ਸੇਂਟ ਲੂਈ (ਫਲੋਰਿਡਾ) ਦੇ ਆਰਚਰ ਮੋਰਾਨ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਵਰਗੀਆਂ ਨੀਤੀਆਂ ਤੋਂ ਸਰਕਾਰ ਨੂੰ ਲਾਂਭੇ ਰਹਿਣ ਦੀ ਲੋੜ ਹੈ।



# ਪੰਜਾਬੀਆਂ ਦੀ ਸਿਆਸੀ ਅਤੇ ਆਰਥਿਕ ਹਾੜ੍ਹੀ-ਸਾਉਣੀ

## ਬਦਲਵੇਂ ਫ਼ਸਲੀ ਤੇ ਸਿਆਸੀ ਚੱਕਰ ਨੂੰ ਨਹੀਂ ਪਿਆ ਆਸ ਮੁਤਾਬਕ ਬੂਰ

➤ ਪੰਜਾਬ ਦੀ ਸਿਆਸਤ ਵਿੱਚ ਬਣੀ ਸਿਆਸੀ ਖ਼ਲਾਅ ਵਾਲੀ ਸਥਿਤੀ ➤ ਮੌਸਮ ਵਾਂਗੂੰ ਬਦਲ ਜਾਂਦੇ ਨੇ ਸਰਕਾਰ ਦੇ ਰੂਪ, ਰੁੱਖਾਂ ਵਾਂਗੂੰ ਖੜੇ ਰਹਿੰਦੇ ਨੇ ਲੋਕਾਂ ਦੇ ਮਸਲੇ

**ਜਗਮੋਹਨ ਸਿੰਘ ਲੱਕੀ**

ਪੰਜਾਬ ਦੇ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਖੇਤੀਬਾੜੀ ਇਸ ਦਾ ਆਰਥਿਕ ਧੁਰਾ ਹੈ ਅਤੇ ਹਰ ਹਾੜੀ-ਸਾਉਣੀ ਦੀਆਂ ਫ਼ਸਲਾਂ ਦੇ ਮੰਡੀਆਂ ਵਿੱਚ ਆਉਣ ਤੋਂ ਬਾਅਦ ਪੰਜਾਬ ਦੀ ਆਰਥਿਕਤਾ ਦਾ ਪਹੀਆ ਤੇਜੀ ਨਾਲ ਘੁੰਮਦਾ ਹੈ। ਕਿਸਾਨ ਲੰਬੇ ਸਮੇਂ ਤੋਂ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚ ਫਸੇ ਹੋਏ ਹਨ, ਜੇ ਉਹ ਕਣਕ ਤੇ ਝੋਨੇ ਦੀ ਥਾਂ ਹੋਰ ਫ਼ਸਲਾਂ ਬੀਜਦੇ ਹਨ ਤਾਂ ਬਦਲਵੇਂ ਫ਼ਸਲੀ ਚੱਕਰ ਦੇ ਆਸ ਮੁਤਾਬਕ ਨਤੀਜੇ ਨਹੀਂ ਨਿਕਲਦੇ। ਕਿਸਾਨਾਂ ਅਨੁਸਾਰ ਬਦਲਵੀਂਆਂ ਫ਼ਸਲਾਂ ਦਾ ਮੰਡੀਕਰਨ ਸਹੀ ਨਹੀਂ ਹੁੰਦਾ। ਕਿਸਾਨਾਂ ਨੂੰ ਫਸਲਾਂ ਦਾ ਸਹੀ ਭਾਅ ਨਹੀਂ ਮਿਲਦਾ। ਪੰਜਾਬੀਆਂ ਦਾ ਇਹੋ ਹਾਲ ਸਿਆਸੀ ਖੇਤਰ ਵਿੱਚ ਹੈ। ਪੰਜਾਬੀ ਲੰਬਾ ਸਮਾਂ ਅਕਾਲੀ ਦਲ ਅਤੇ ਕਾਂਗਰਸ ਦੇ ਸਿਆਸੀ ਚੱਕਰ ਵਿੱਚ ਹੀ ਉਲਝੇ ਰਹੇ। ਪੰਜਾਬੀਆਂ ਦੀਆਂ ਵੋਟਾਂ ਨਾਲ ਲੰਬਾ ਸਮਾਂ ਪੰਜਾਬ ਵਿੱਚ ਇੱਕ ਵਾਰ ਅਕਾਲੀ ਦਲ ਦੀ ਸਰਕਾਰ ਬਣਦੀ ਰਹੀ ਅਤੇ ਦੂਜੀ ਵਾਰ ਕਾਂਗਰਸ ਦੀ ਸਰਕਾਰ ਬਣਦੀ ਰਹੀ, ਉਸ ਤੋਂ ਬਾਅਦ ਫੇਰ ਅਕਾਲੀ ਦਲ ਦੀ ਸਰਕਾਰ ਤੇ ਫੇਰ ਮੁੜ ਕਾਂਗਰਸ ਦੀ ਸਰਕਾਰ ਬਣਦੀ ਰਹੀ। ਇਸ ਤਰ੍ਹਾਂ ਕਿਸਾਨਾਂ ਦੇ ਕਣਕ ਝੋਨੇ ਦੇ ਫ਼ਸਲੀ ਚੱਕਰ ਵਾਂਗ ਹਰ ਵਰਗ ਦੇ ਨਾਲ ਸਬੰਧਿਤ ਪੰਜਾਬੀ ਅਕਾਲੀ ਦਲ ਅਤੇ ਕਾਂਗਰਸ ਦੇ ਸਿਆਸੀ ਚੱਕਰ ਵਿੱਚ ਉਲਝੇ ਰਹੇ।

ਸਮਾਂ ਬਦਲਿਆ ਅਤੇ ਪੰਜਾਬੀਆਂ ਦੀ ਸੋਚ ਵਿੱਚ ਆਈ ਤਬਦੀਲੀ ਨੇ ਜਿਥੇ ਕਿਸਾਨਾਂ ਨੂੰ ਬਦਲਵੀਂਆਂ ਫ਼ਸਲਾਂ ਬੀਜਣ ਲਈ ਪ੍ਰੇਰਿਤ ਕੀਤਾ, ਉਥੇ ਪੰਜਾਬੀ ਸਿਆਸੀ ਤੌਰ 'ਤੇ ਵੀ ਸੁਚੇਤ ਹੋਏ। ਕਿਸਾਨਾਂ ਵੱਲੋਂ ਜਿਥੇ ਖੇਤਾਂ ਵਿੱਚ ਮੁੜ ਮੱਕੀ, ਗੰਨਾ/ਕਮਾਦ ਅਤੇ ਹੋਰ ਫ਼ਸਲਾਂ ਦੀ ਬਿਜਾਈ ਸ਼ੁਰੂ ਕੀਤੀ ਗਈ, ਉਥੇ ਸਾਲ 2022 ਵਿੱਚ ਪੰਜਾਬੀਆਂ ਵੱਲੋਂ ਪੰਜਾਬ ਦੀ ਸਿਆਸਤ ਵਿੱਚ ਵੱਡਾ ਉਲਟਫੇਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਪੰਜਾਬ ਦੀ ਸੱਤਾ ਸੌਂਪ ਦਿੱਤੀ ਗਈ। ਇਸ ਸਮੇਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਰਾਜ ਕਰ ਰਹੀ ਹੈ। ਜਿਵੇਂ ਖੇਤਾਂ ਵਿੱਚ ਬਦਲਵੀਂਆਂ ਫ਼ਸਲਾਂ ਨੂੰ ਕਿਸਾਨਾਂ ਦੀ ਆਸ ਮੁਤਾਬਕ ਝਾੜ ਜਾਂ ਬੂਰ ਨਹੀਂ ਪਿਆ, ਉਵੇਂ ਹੀ ਅਨੇਕਾਂ ਪੰਜਾਬੀ ਹੁਣ ਆਮ ਆਦਮੀ ਪਾਰਟੀ ਤੋਂ ਵੀ ਸੰਤੁਸ਼ਟ ਨਹੀਂ ਜਾਪ ਰਹੇ। ਪੰਜਾਬੀਆਂ ਨੇ ਬਹੁਤ ਸੋਚ ਸਮਝ ਕੇ ਪੰਜਾਬ ਵਿੱਚ ਰਵਾਇਤੀ ਪਾਰਟੀਆਂ ਅਕਾਲੀ ਦਲ ਅਤੇ ਕਾਂਗਰਸ ਦੀ ਥਾਂ ਤੀਜਾ ਸਿਆਸੀ ਬਦਲ ਲਿਆਂਦਾ ਸੀ ਪਰ ਅਨੇਕਾਂ ਪੰਜਾਬੀ ਅਜੇ ਵੀ ਕਹਿ ਰਹੇ ਹਨ ਕਿ ਇਹ ਸਰਕਾਰ ਉਹਨਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ। ਪੰਜਾਬੀਆਂ ਦਾ ਵੱਡਾ ਵਰਗ ਕਿਸਾਨ ਭਾਈਚਾਰਾ ਇਸ ਸਰਕਾਰ ਤੋਂ ਨਾਰਾਜ਼ ਹੈ। ਸ਼ੰਭੂ ਬੈਰੀਅਰ ਅਤੇ ਖਨੌਰੀ ਬੈਰੀਅਰ ਤੋਂ ਕਿਸਾਨੀ ਧਰਨੇ ਪੁਲਿਸ ਦੀ ਤਾਕਤ ਨਾਲ ਚੁਕਵਾਏ ਜਾਣ ਕਾਰਨ ਪੰਜਾਬ ਦੇ ਕਿਸਾਨਾਂ ਵਿੱਚ ਪੰਜਾਬ ਦੀ 'ਆਪ' ਸਰਕਾਰ ਖ਼ਿਲਾਫ਼ ਕਾਫ਼ੀ ਗੁੱਸਾ ਹੈ ਅਤੇ ਕਿਸਾਨ ਆਗੂ ਆਪਣੇ ਇਸ ਗੁੱਸੇ ਦਾ ਪ੍ਰਗਟਾਵਾ ਅਕਸਰ ਹੀ ਆਪਣੇ ਬਿਆਨਾਂ ਵਿੱਚ ਕਰਦੇ ਹਨ। ਇਸ ਦੇ ਬਾਵਜੂਦ ਕਿਸਾਨਾਂ ਨੂੰ ਅਜੇ ਕੋਈ ਅਜਿਹੀ ਸਿਆਸੀ ਪਾਰਟੀ ਦਿਖਾਈ ਨਹੀਂ ਦਿੰਦੀ, ਜੋ ਕਿ ਪੂਰੀ ਤਰ੍ਹਾਂ ਕਿਸਾਨਾਂ ਦੇ ਮੋਢੇ ਨਾ ਮੋਢਾ ਜੋੜ ਕੇ ਖੜ ਸਕੇ। ਪੰਜਾਬ ਵਿੱਚ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਕਿਸਾਨਾਂ ਦੀ ਹਿਤੈਸ਼ੀ ਅਤੇ ਵੱਡੀ ਸਮਰਥਕ ਪਾਰਟੀ ਸਮਝਿਆ ਜਾਂਦਾ ਸੀ ਪਰ ਇਸ ਸਮੇਂ ਇਹ ਪਾਰਟੀ ਖੁਦ ਹੀ ਆਪਣੀ ਹੋਂਦ ਲਈ ਸਹਿਕ ਰਹੀ ਹੈ। ਕਾਂਗਰਸ ਪਾਰਟੀ ਦੇ ਆਗੂ ਭਾਵੇਂ ਕਿਸਾਨਾਂ ਦੇ ਪੱਖ ਵਿੱਚ ਬਿਆਨ ਦਿੰਦੇ ਹਨ ਪਰ ਅਜੇ ਕਿਸਾਨ ਕਾਂਗਰਸ 'ਤੇ ਵੀ ਪੂਰੀ ਤਰ੍ਹਾਂ ਭਰੋਸਾ ਨਹੀਂ ਕਰ ਰਹੇ। ਕੇਂਦਰ ਦੀ ਭਾਜਪਾ ਸਰਕਾਰ ਦੇ ਵਿਰੁੱਧ ਕਿਸਾਨਾਂ ਵੱਲੋਂ ਸੰਘਰਸ਼ ਕੀਤੇ ਜਾਣ ਕਰਕੇ ਕਿਸਾਨਾਂ ਦਾ ਭਾਜਪਾ ਦੀ ਹਮਾਇਤ ਕਰਨਾ ਵੀ ਸੰਭਵ ਨਹੀਂ ਲੱਗਦਾ। ਇਸ ਤੋਂ ਇਲਾਵਾ ਪੰਜਾਬ ਵਿੱਚ ਹੋਰ ਕੋਈ ਅਜਿਹੀ ਸਿਆਸੀ ਪਾਰਟੀ ਨਹੀਂ ਹੈ, ਜੋ ਕਿ ਕਿਸਾਨਾਂ ਦੀ ਹਮਾਇਤ ਕਰ ਸਕੇ ਜਾਂ ਕਿਸਾਨਾਂ ਦੀ ਹਮਾਇਤ ਲੈ ਸਕੇ। ਜਿਸ ਕਰਕੇ ਪੰਜਾਬ ਦੇ ਕਿਸਾਨ ਸਿਆਸੀ ਤੌਰ 'ਤੇ ਸੰਗਠਿਤ ਤੇ ਸੁਚੇਤ ਨਹੀਂ ਹਨ। ਇਸੇ ਗੱਲ ਦਾ ਫ਼ਾਇਦਾ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ 'ਆਪ' ਸਰਕਾਰ ਚੁੱਕ ਰਹੀਆਂ ਹਨ। ਭਾਵੇਂ ਕਿ











ਕਿਸਾਨਾਂ ਦੀਆਂ ਕੁਝ ਜਥੇਬੰਦੀਆਂ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਿੱਸਾ ਲਿਆ ਗਿਆ ਸੀ ਪਰ ਇਹਨਾਂ ਕਿਸਾਨ ਜਥੇਬੰਦੀਆਂ ਨੂੰ ਸਫ਼ਲਤਾ ਨਹੀਂ ਸੀ ਮਿਲੀ ਸਗੋਂ ਕਿਸਾਨ ਜਥੇਬੰਦੀਆਂ ਵਿੱਚ ਹੀ ਅਜਿਹੀ ਫ਼ੁੱਟ ਪਈ ਸੀ ਕਿ ਅਜੇ ਤੱਕ ਇਹਨਾਂ ਕਿਸਾਨ ਜਥੇਬੰਦੀਆਂ ਵਿਚਾਲੇ ਏਕਤਾ ਨਹੀਂ ਹੋ ਸਕੀ।

ਰਾਜਨੀਤਿਕ ਅਗਵਾਈ ਦੀ ਅਣਹੋਂਦ ਅਤੇ ਪਹਿਲੇ ਕਿਸਾਨ ਅੰਦੋਲਨ ਵਾਂਗ ਦੂਜੇ ਕਿਸਾਨ ਅੰਦੋਲਨ ਨੂੰ ਆਮ ਲੋਕਾਂ ਦਾ ਭਰਪੂਰ ਸਮਰਥਨ ਨਾ ਮਿਲਣ ਕਾਰਨ ਦੂਜਾ ਕਿਸਾਨ ਅੰਦੋਲਨ ਅਜੇ ਤੱਕ ਸਫ਼ਲ ਨਹੀਂ ਹੋ ਸਕਿਆ। ਜਿਹੜੇ ਅੰਦੋਲਨਾਂ ਨੂੰ ਜਨ ਸਮਰਥਨ ਨਾ ਮਿਲੇ, ਉਹਨਾਂ ਅੰਦੋਲਨਾਂ ਨੂੰ ਕੁਚਲਨਾ ਸਰਕਾਰਾਂ ਲਈ ਸੌਖਾ ਹੁੰਦਾ ਹੈ। ਇਸੇ ਗੱਲ ਨੂੰ ਸਮਝਦਿਆਂ ਹੀ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਕਿਸਾਨਾਂ ਦੇ ਸ਼ੰਭੂ ਬੈਰੀਅਰ ਅਤੇ ਖਨੌਰੀ ਬੈਰੀਅਰ ਤੋਂ ਧਰਨੇ ਜਬਰਦਸਤੀ ਚੁਕਵਾ ਦਿੱਤੇ ਗਏ।

ਪੰਜਾਬ ਵਿੱਚ ਕਿਸਾਨ ਬਹੁਗਿਣਤੀ ਵਿੱਚ ਹਨ ਅਤੇ ਉਹਨਾਂ ਦੀਆਂ ਵੋਟਾਂ ਕਿਸੇ ਵੀ ਸਿਆਸੀ ਪਾਰਟੀ ਦੀ ਜਿੱਤ ਹਾਰ ਦਾ ਫ਼ੈਸਲਾ ਕਰਨ ਦੇ ਸਮਰੱਥ ਹੁੰਦੀਆਂ ਹਨ। ਕਿਸਾਨਾਂ ਨਾਲ ਵੈਰ ਪਾ ਕੇ ਕੋਈ ਵੀ ਸਿਆਸੀ ਪਾਰਟੀ ਪੰਜਾਬ ਵਿੱਚ ਸਫ਼ਲ ਨਹੀਂ ਹੋ ਸਕਦੀ। ਇਸੇ ਕਾਰਨ ਸਾਰੀਆਂ ਸਿਆਸੀ ਪਾਰਟੀਆਂ ਕਿਸਾਨਾਂ ਪ੍ਰਤੀ ਹਮਦਰਦੀ ਵਾਲੀ ਸੁਰ ਰੱਖਦੀਆਂ ਹਨ। ਭਾਵੇਂ ਕਿ ਇਸ ਸਮੇਂ ਕਿਸਾਨ ਆਮ ਆਦਮੀ ਪਾਰਟੀ ਦੀ ਸਰਕਾਰ ਨਾਲ ਨਾਰਾਜ਼ ਹਨ ਪਰ ਇਸ ਸਰਕਾਰ ਦੇ ਗਠਨ ਵਿੱਚ ਕਿਸਾਨਾਂ ਦੀਆਂ ਵੋਟਾਂ ਦਾ ਵੀ ਯੋਗਦਾਨ ਹੈ।

ਪੰਜਾਬ ਦੀ ਸਿਆਸਤ ਵਿੱਚ ਇਸ ਸਮੇਂ ਸਿਆਸੀ ਖ਼ਲਾਅ ਆ ਗਿਆ ਹੈ। ਆਮ ਆਦਮੀ ਪਾਰਟੀ ਦੇ ਆਗੂ ਜਿਥੇ ਸੱਤਾ ਦਾ ਸੁੱਖ ਮਾਣ ਰਹੇ ਹਨ, ਉਥੇ ਵਿਰੋਧੀ ਪਾਰਟੀਆਂ ਦੇ ਆਗੂ ਸਿਰਫ਼ ਸਰਕਾਰ ਦੀ ਨਿਖੇਧੀ ਕਰਨ ਤੱਕ ਹੀ ਸੀਮਿਤ ਹੋ ਗਏ ਹਨ। ਕਈ ਵਿਰੋਧੀ ਆਗੂਆਂ ਦੇ ਬਿਆਨਾਂ ਵਿੱਚ ਤਾਂ ਉਹਨਾਂ ਦਾ ਸੱਤਾ ਤੋਂ ਦੂਰ ਹੋਣ ਦਾ ਦੁੱਖ ਵੀ ਦਿਖਾਈ ਦਿੰਦਾ ਹੈ। ਇਸ ਸਮੇਂ ਕੋਈ ਵੀ ਸਿਆਸੀ ਪਾਰਟੀ ਪੰਜਾਬੀਆਂ ਨੂੰ ਕੋਈ ਨਵਾਂ ਸਿਆਸੀ ਪ੍ਰੋਗਰਾਮ ਦੇਣ ਵਿੱਚ ਸਫ਼ਲ ਨਹੀਂ ਹੋਈ। ਨਾ ਹੀ ਪੰਜਾਬ ਦੇ ਮੁੱਖ ਮਸਲੇ ਹੱਲ ਕਰਨ ਵਿੱਚ ਕਿਸੇ ਸਿਆਸੀ ਪਾਰਟੀ ਜਾਂ ਸਿਆਸੀ ਆਗੂ ਵੱਲੋਂ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਮੁੱਖ ਮਸਲੇ ਪਹਿਲਾਂ ਵਾਂਗ ਹੀ ਠੰਡੇ ਬਸਤੇ ਵਿੱਚ ਪਏ ਹੋਏ ਹਨ, ਜਿਨ੍ਹਾਂ ਨੂੰ ਸਿਆਸੀ ਪਾਰਟੀਆਂ ਵੱਲੋਂ ਸਿਰਫ਼ ਚੋਣਾਂ ਸਮੇਂ ਹੀ ਉਭਾਰਿਆ ਜਾਵੇਗਾ। ਪੰਜਾਬ ਦੀ ਮੌਜੂਦਾ ਸਿਆਸੀ ਅਤੇ ਆਰਥਿਕ ਹਾੜੀ ਸਾਉਣੀ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਵੱਲੋਂ ਅਪਨਾਏ ਬਦਲਵੇਂ ਫ਼ਸਲੀ ਅਤੇ ਸਿਆਸੀ ਚੱਕਰ ਦੇ ਆਸ ਮੁਤਾਬਕ ਨਤੀਜੇ ਨਹੀਂ ਨਿਕਲੇ। ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਦੀ ਸਿਆਸਤ ਕੀ ਰੁਖ਼ ਅਖ਼ਤਿਆਰ ਕਰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।





## ਹਾੜੀ ਸਾਉਣੀ

ਵਿਦਵਾਨ ਕਾਹਨ ਸਿੰਘ ਪਨੂੰ ਕਹਿੰਦੇ ਹਨ ਕਿ ਪੰਜਾਬ ਵੱਡੇ ਪੱਧਰ 'ਤੇ ਜ਼ਮੀਨ ਹੇਠਲੇ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ, ਜੋ ਇੱਥੇ ਵਸਦੀ ਲੋਕਾਈ ਦੀ ਹੋਂਦ ਲਈ ਵੀ ਖ਼ਤਰਾ ਬਣ ਗਿਆ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ (ਸੀ.ਜੀ.ਡਬਲਿਊ.ਬੀ.) ਦੀ ਤਾਜ਼ਾ ਰਿਪੋਰਟ ਮੁਤਾਬਿਕ ਅਗਲੇ ਸਿਰਫ਼ 14 ਸਾਲਾਂ ਵਿੱਚ ਪੰਜਾਬ ਜ਼ਮੀਨ ਹੇਠਲੇ ਵਰਤੋਂ ਯੋਗ ਪਾਣੀ ਦੀ ਆਖ਼ਰੀ ਬੂੰਦ ਵੀ ਖ਼ਤਮ ਕਰ ਚੁੱਕਾ ਹੋਵੇਗਾ। ਵਰਤਮਾਨ ਵਿਗਿਆਨਕ ਜਾਣਕਾਰੀ ਦਿਖਾਉਂਦੀ ਹੈ ਕਿ ਪੰਜਾਬ ਹਰ ਸਾਲ ਧਰਤੀ ਮਾਂ ਦੀ ਕੁੱਖ ਵਿੱਚੋਂ 2.8 ਕਰੋੜ ਏਕੜ ਫੁੱਟ (ਐੱਮ.ਏ.ਐੱਫ.) ਪਾਣੀ ਕੱਢ ਰਿਹਾ ਹੈ, ਜਦੋਂਕਿ ਮੀਂਹ ਤੇ ਇਸ ਦੇ ਤਿੰਨ ਦਰਿਆਵਾਂ ਰਾਹੀਂ ਸਿਰਫ਼ 1.7 ਕਰੋੜ ਏਕੜ ਫੁੱਟ ਪਾਣੀ ਹੀ ਵਾਪਸ ਧਰਤੀ 'ਚ ਪੈ ਰਿਹਾ ਹੈ। ਇਸ ਅਸੰਤੁਲਨ ਕਾਰਨ ਪਾਣੀ ਦਾ ਪੱਧਰ ਤਕਰੀਬਨ ਅੱਧਾ ਮੀਟਰ ਪ੍ਰਤੀ ਸਾਲ ਦੀ ਖ਼ਤਰਨਾਕ ਦਰ ਨਾਲ ਡਿੱਗ ਰਿਹਾ ਹੈ ਤੇ ਪੰਜਾਬ ਨੂੰ ਮਾਰੂਥਲੀਕਰਨ ਵੱਲ ਲਿਜਾ ਰਿਹਾ ਹੈ। ਸ੍ਰ. ਪਨੂੰ ਅਨੁਸਾਰ ਝੋਨਾ ਲਾਉਣ ਦੀ ਤਰੀਕ 20 ਜੂਨ ਕੀਤੀ ਜਾਵੇ, ਲੰਮਾ ਸਮਾਂ ਲੈਣ ਵਾਲੀ ਪੂਸਾ 44 ਕਿਸਮ ਨੂੰ ਬੰਦ ਕੀਤਾ ਜਾਵੇ, ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਦਿੱਤਾ ਜਾਵੇ। ਸ੍ਰ. ਪਨੂੰ ਅਨੁਸਾਰ ਵੀਹ ਲੱਖ ਏਕੜ 'ਤੇ ਸਾਉਣੀ ਦੀਆਂ ਹੋਰ ਫ਼ਸਲਾਂ ਨੂੰ ਉਤਸ਼ਾਹਿਤ ਕਰ ਕੇ ਜ਼ਮੀਨੀ ਪਾਣੀ ਦਾ ਸੰਤੁਲਨ ਬਹਾਲ ਕੀਤਾ ਜਾ ਸਕਦਾ ਹੈ। ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਹਰ ਸਿਆਸੀ ਪਾਰਟੀ ਦਾ ਮੁੱਖ ਮੁੱਦਾ ਹੋਣਾ ਚਾਹੀਦਾ ਹੈ।

# ਟਰੰਪ ਵੱਲੋਂ ਲਗਾਏ ਨਵੇਂ ਟੈਕਸ ਲਾਗੂ ਹੋਏ

## ਅਮਰੀਕੀ ਪ੍ਰਸ਼ਾਸਨ ਦੇ ਨਵੇਂ ਟੈਕਸਾਂ ਕਾਰਨ ਵਿਸ਼ਵ 'ਚ ਆਰਥਿਕ ਮੰਦੀ ਆਉਣ ਦਾ ਖ਼ਤਰਾ ਬਣਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਰਜਨਾਂ ਮੁਲਕਾਂ 'ਤੇ ਲਾਇਆ 'ਜਵਾਬੀ' ਟੈਕਸ ਅੱਜ ਤੋਂ ਅਮਲ ਵਿੱਚ ਆ ਗਿਆ ਹੈ। ਇਸ ਵਿੱਚ ਚੀਨੀ ਵਸਤਾਂ 'ਤੇ ਲਾਇਆ 104 ਫ਼ੀਸਦੀ ਟੈਕਸ ਵੀ ਸ਼ਾਮਲ ਹੈ, ਜਿਸ ਨਾਲ ਟਰੰਪ ਵੱਲੋਂ ਛੇੜੀ ਆਲਮੀ ਵਪਾਰਕ ਜੰਗ ਹੋਰ ਡੂੰਘੀ ਹੋਣ ਦੇ ਆਸਾਰ ਹਨ। ਅਮਰੀਕੀ ਸਦਰ ਨੇ ਹਾਲਾਂਕਿ ਕੁਝ ਦੇਸ਼ਾਂ ਨਾਲ ਗੱਲਬਾਤ ਦੀ ਤਿਆਰੀ ਕਰ ਲਈ ਹੈ। ਟਰੰਪ ਦੇ ਜਵਾਬੀ ਟੈਕਸਾਂ ਨੇ ਦਹਾਕਿਆਂ ਤੋਂ ਚੱਲ ਰਹੀ ਵਿਸ਼ਵਵਿਆਪੀ ਵਪਾਰਕ ਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਨਾਲ ਨਾ ਸਿਰਫ਼ ਮੰਦੀ ਦਾ ਡਰ ਵਧਿਆ ਹੈ ਬਲਕਿ ਆਲਮੀ ਪੱਧਰ 'ਤੇ ਸ਼ੇਅਰ ਬਾਜ਼ਾਰਾਂ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੀਆਂ ਨਵੀਆਂ ਟੈਕਸ ਦਰਾਂ ਬੁੱਧਵਾਰ ਅੱਧੀ ਰਾਤ ਤੋਂ ਅਮਲ ਵਿੱਚ ਆ ਗਈਆਂ ਹਨ। ਟਰੰਪ ਨੇ 2 ਅਪ੍ਰੈਲ ਨੂੰ ਟੈਕਸਾਂ ਦੇ ਨਵੇਂ ਦੌਰ ਦਾ ਐਲਾਨ ਕੀਤਾ ਸੀ। ਟਰੰਪ ਨੇ ਉਦੋਂ ਕਿਹਾ ਸੀ ਕਿ ਅਮਰੀਕਾ ਹੁਣ ਆਪਣੇ ਸਾਰੇ ਵਪਾਰਕ ਭਾਈਵਾਲਾਂ 'ਤੇ ਘੱਟੋ ਘੱਟ 10 ਫ਼ੀਸਦੀ ਟੈਕਸ ਲਗਾਏਗਾ। ਪਿਛਲੇ ਦਿਨੀਂ 10 ਫ਼ੀਸਦ ਦੀ ਮੂਲ ਦਰਾਂ ਲਾਗੂ ਹੋ ਗਈਆਂ ਸਨ। ਇਸ ਮਗਰੋਂ ਕਈ ਦੇਸ਼ਾਂ ਤੇ ਖੇਤਰਾਂ ਉੱਤੇ ਅਮਰੀਕਾ ਦੀ ਉੱਚ ਦਰਾਮਦ ਟੈਕਸ ਦਰਾਂ ਅੱਧੀ ਰਾਤ ਤੋਂ ਲਾਗੂ ਹੋ ਗਈਆਂ। ਸਭ ਤੋਂ ਵੱਧ 50 ਫ਼ੀਸਦੀ ਟੈਕਸ ਉਨ੍ਹਾਂ ਛੋਟੇ ਅਰਥਚਾਰਿਆਂ ਉੱਤੇ ਲਾਗੂ ਹੁੰਦਾ ਹੈ, ਜੋ ਅਮਰੀਕਾ ਨਾਲ ਬਹੁਤ ਘੱਟ ਵਪਾਰ ਕਰਦੇ ਹਨ। ਇਸ ਵਿੱਚ ਅਫ਼ਰੀਕੀ ਸ਼ਹਿਰ ਲੇਸੋਥੋ ਵੀ ਸ਼ਾਮਲ ਹੈ। ਉਧਰ ਮੈਡਾਗਾਸਕਰ ਤੋਂ ਦਰਾਮਦ ਉੱਤੇ 47 ਫ਼ੀਸਦੀ, ਵੀਅਤਨਾਮ ਉੱਤੇ 46 ਫ਼ੀਸਦੀ, ਤਾਇਵਾਨ 32 ਫ਼ੀਸਦੀ, ਦੱਖਣੀ ਕੋਰੀਆ 25 ਫ਼ੀਸਦੀ, ਜਾਪਾਨ 24 ਫ਼ੀਸਦੀ ਤੇ ਯੂਰੋਪੀ ਸੰਘ 'ਤੇ 20 ਫ਼ੀਸਦੀ ਟੈਕਸ ਦਰ ਸ਼ਾਮਲ ਹੈ। ਇਨ੍ਹਾਂ ਵਿਚੋਂ ਕੁਝ ਨਵੇਂ ਟੈਕਸ ਵਪਾਰਕ ਉਪਾਆਂ 'ਤੇ ਅਧਾਰਿਤ ਹਨ। ਮਿਸਾਲ ਵਜੋਂ ਟਰੰਪ ਨੇ ਪਿਛਲੇ ਹਫ਼ਤੇ ਚੀਨੀ ਦਰਾਮਦਾਂ 'ਤੇ 34 ਫ਼ੀਸਦ ਟੈਕਸ ਲਾਉਣ ਦਾ ਐਲਾਨ ਕੀਤਾ ਸੀ, ਜੋ ਇਸ ਸਾਲ ਦੀ ਸ਼ੁਰੂਆਤ ਵਿੱਚ ਦੇਸ਼ ਉੱਤੇ ਲਗਾਏ ਗਏ 20 ਫ਼ੀਸਦ ਟੈਕਸ ਤੋਂ ਵਾਧੂ ਹੋਵੇਗਾ। ਟਰੰਪ ਪ੍ਰਸ਼ਾਸਨ ਨੇ ਚੀਨ ਦੇ ਪਲਟਵਾਰ ਮਗਰੋਂ ਚੀਨੀ ਵਸਤਾਂ 'ਤੇ 50 ਫ਼ੀਸਦ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ। ਅਜਿਹੀ ਸਥਿਤੀ ਵਿੱਚ ਚੀਨ 'ਤੇ ਕੁਲ ਮਿਲਾ ਕੇ 104 ਫ਼ੀਸਦ ਟੈਕਸ ਲੱਗੇਗਾ।

ਕਾਬਿਲੇਗੌਰ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚਿਤਾਵਨੀ ਤੋਂ ਇੱਕ ਦਿਨ ਬਾਅਦ, ਵ੍ਹਾਈਟ ਹਾਊਸ ਨੇ ਚੀਨ 'ਤੇ 104% ਟੈਕਸ ਲਗਾਉਣ ਦਾ ਐਲਾਨ ਕੀਤਾ ਸੀ। ਇਸ ਖ਼ਬਰ ਤੋਂ ਬਾਅਦ ਅਮਰੀਕੀ ਸਟਾਕ ਡਿੱਗ ਗਏ। ਆਲਮੀ ਬਾਜ਼ਾਰਾਂ ਵਿੱਚ ਪਹਿਲਾਂ ਇਸ ਉਮੀਦ ਨਾਲ ਤੇਜ਼ੀ ਆਈ ਸੀ ਕਿ ਟਰੰਪ ਗੱਲਬਾਤ ਲਈ ਤਿਆਰ ਹੋ ਸਕਦੇ ਹਨ।

ਫ਼ੌਕਸ ਬਿਜ਼ਨਸ ਦੀ ਰਿਪੋਰਟ ਮੁਤਾਬਕ ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਨੇ ਕਿਹਾ ਹੈ ਕਿ ਚੀਨ ਨੇ ਆਪਣੀ ਜਵਾਬੀ ਕਾਰਵਾਈ ਵਾਪਸ ਨਹੀਂ ਲਈ ਹੈ। ਇਸ ਕਾਰਨ, 104% ਦਾ ਵਾਧੂ ਟੈਕਸ ਲਗਾਇਆ ਗਿਆ ਹੈ। ਇਹ ਵਾਧੂ ਟੈਕਸ ਅਮਲ ਵਿੱਚ ਆ ਗਿਆ ਹੈ। ਦੂਜੇ ਪਾਸੇ, ਚੀਨ ਨੇ ਇਸ ਕਦਮ ਅੱਗੇ ਝੁਕਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਮਰੀਕਾ ਉਸ ਨੂੰ 'ਬਲੈਕਮੇਲ' ਕਰ ਰਿਹਾ ਹੈ। ਚੀਨ ਨੇ ਅਮਰੀਕਾ ਦੀ ਇਸ ਧੱਕੇਸ਼ਾਹੀ ਖ਼ਿਲਾਫ਼ 'ਅਖੀਰ ਤੱਕ ਲੜਨ' ਦੀ ਸਹੁੰ ਖਾਧੀ ਹੈ।

# ਟਰੰਪ ਨੇ ਪੈਂਗੁਇਨ ਅਤੇ ਸੀਲ ਵਰਗੇ ਜੀਵਾਂ 'ਤੇ ਵੀ ਲਗਾਇਆ 10 ਫ਼ੀਸਦੀ ਟੈਰਿਫ਼

## ਹਰਡ ਅਤੇ ਮੈਕਡੋਨਲਡ ਆਈਲੈਂਡ 'ਤੇ ਨਹੀਂ ਰਹਿੰਦਾ ਕੋਈ ਇਨਸਾਨ



ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਐਲਾਨ ਨਾਲ ਇੱਕ ਵਾਰ ਫ਼ਿਰ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਿਛਲੇ ਦਿਨੀਂ ਵ੍ਹਾਈਟ ਹਾਊਸ ਦੇ ਰੋਜ਼ ਗਾਰਡਨ ਤੋਂ ਉਸਨੇ 180 ਤੋਂ ਵੱਧ ਦੇਸ਼ਾਂ 'ਤੇ ਜਵਾਬੀ ਟੈਰਿਫ਼ ਲਗਾਉਣ ਦਾ ਐਲਾਨ ਕੀਤਾ, ਜੋ ਕਿ 9 ਅਪ੍ਰੈਲ ਤੋਂ ਲਾਗੂ ਹੋਵੇਗਾ। ਟਰੰਪ ਦਾ ਕਹਿਣਾ ਹੈ ਕਿ ਇਹ ਟੈਰਿਫ਼ ਅਮਰੀਕਾ ਨੂੰ ਦੁਬਾਰਾ ਅਮੀਰ ਬਣਨ ਵਿੱਚ ਮਦਦ ਕਰਨਗੇ। ਹਾਲਾਂਕਿ ਇਸ ਰੈਸੀਪ੍ਰੋਕਲ ਟੈਰਿਫ਼ ਸੂਚੀ ਵਿੱਚ ਇੱਕ ਅਜਿਹਾ ਨਾਮ ਵੀ ਸ਼ਾਮਲ ਹੈ ਜਿਸਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਸਦਾ ਨਾਮ ਹਰਡ ਅਤੇ ਮੈਕਡੋਨਲਡ ਆਈਲੈਂਡ ਹੈ। ਟਰੰਪ ਨੇ ਇੱਥੇ 10% ਟੈਰਿਫ਼ ਲਗਾਇਆ ਹੈ। ਅਸਲੀਅਤ ਵਿੱਚ ਇਹ ਇੱਕ ਅਜਿਹਾ ਉਜਾੜ ਇਲਾਕਾ ਹੈ ਜਿੱਥੇ ਦੂਰ-ਦੂਰ ਮਨੁੱਖਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਇੱਥੇ ਸਿਰਫ਼ ਪੈਂਗੁਇਨ ਅਤੇ ਸੀਲ ਵਰਗੇ ਜੀਵ ਹੀ ਰਾਜ ਕਰਦੇ ਹਨ। ਪਰ ਟਰੰਪ ਵੱਲੋਂ ਅਜਿਹੇ ਟਾਪੂ 'ਤੇ ਟੈਰਿਫ਼ ਲਗਾਉਣ ਕਾਰਨ ਲੋਕ ਗੁੱਸੇ ਵਿੱਚ ਹਨ।

**ਟਾਪੂ ਦੀ ਲੋਕੇਸ਼ਨ**

ਇਸ ਟਾਪੂ 'ਤੇ ਸਾਲ 2000 ਤੋਂ ਕੋਈ ਮਨੁੱਖ ਨਹੀਂ ਰਹਿ ਰਿਹਾ। ਇਸ ਟਾਪੂ ਨੂੰ 25 ਸਾਲ ਪਹਿਲਾਂ ਜ਼ੀਰੋ ਪੀਪਲ ਆਈਲੈਂਡ ਘੋਸ਼ਿਤ ਕੀਤਾ ਗਿਆ ਸੀ। ਅਜਿਹਾ ਨਹੀਂ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਗੱਲ ਤੋਂ ਜਾਣੂ ਨਹੀਂ ਹਨ। ਇਸ ਦੇ ਬਾਵਜੂਦ ਟਰੰਪ ਪ੍ਰਸ਼ਾਸਨ ਜਾਂ ਖੁਦ ਰਾਸ਼ਟਰਪਤੀ ਨੂੰ ਇਹ ਕਿਵੇਂ ਅਹਿਸਾਸ ਨਹੀਂ ਹੋਇਆ ਕਿ ਇਸ ਟਾਪੂ 'ਤੇ ਹੁਣ ਸਿਰਫ਼ ਪੈਂਗੁਇਨ ਵਰਗੇ ਪੰਛੀ (**ਬਾਕੀ ਸਫ਼ਾ 30 'ਤੇ**)

# ਭਾਰਤੀ ਮੂਲ ਦੀ ਸ਼ਰੀਨਾ ਕੁਰਾਨੀ ਬੈਂਕ ਵਿੱਚ ਡਿਪਟੀ ਡਾਇਰੈਕਟਰ ਨਿਯੁਕਤ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਕੈਲੀਫ਼ੋਰਨੀਆ ਇਨਫ਼ਰਾਸਟਰਕਚਰ ਐਂਡ ਇਕਨਾਮਿਕ ਡਿਵੈਲਪਮੈਂਟ ਬੈਂਕ (ਆਈ ਬੈਂਕ) ਵੱਲੋਂ ਭਾਰਤੀ ਮੂਲ ਦੀ ਸ਼ਰੀਨਾ ਕੁਰਾਨੀ ਨੂੰ ਡਿਪਟੀ ਡਾਇਰੈਕਟਰ ਵੈਨਚਰ ਕੈਪੀਟਲ ਨਿਯੁਕਤ ਕੀਤਾ ਗਿਆ ਹੈ।

ਕੁਰਾਨੀ ਨਵੇਂ ਪ੍ਰਾਜੈਕਟਾਂ ਜਾਂ ਸਥਾਪਿਤ ਪ੍ਰਾਜੈਕਟਾਂ ਵਿੱਚ ਨਿਵੇਸ਼ ਸਬੰਧੀ ਕੋਸ਼ਿਸ਼ਾਂ ਦੀ ਅਗਵਾਈ ਕਰੇਗੀ। ਕੁਰਾਨੀ 2023 ਤੋਂ ਬੈਂਕ ਵਿੱਚ ਨਿਵੇਸ਼ ਮਾਹਿਰ ਵਜੋਂ ਪ੍ਰਮੁੱਖ ਭੂਮਿਕਾ ਨਿਭਾਉਂਦੀ ਆ ਰਹੀ ਹੈ। ਬੈਂਕ ਵਿੱਚ ਆਪਣੀ ਨਵੀਂ ਨਿਯੁਕਤੀ ਬਾਰੇ ਉਨ੍ਹਾਂ ਕਿਹਾ ਕਿ ਮੈਂ ਆਪਣੀ ਨਵੀਂ ਭੂਮਿਕਾ ਤੇ ਉੱਦਮੀਆਂ ਦੀਆਂ ਨਿਵੇਸ਼ ਲੋੜਾਂ ਦੀ ਪੂਰਤੀ ਲਈ ਕੰਮ ਕਰਨ ਵਾਸਤੇ ਤਿਆਰ ਹਾਂ। ਮੈ ਟਿਕਾਊ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਸਤੇ ਕੰਮ ਕਰਾਂਗੀ। 2022 ਵਿੱਚ ਕੁਰਾਨੀ ਨੇ ਰਾਜਨੀਤੀ ਵਿੱਚ ਵੀ ਕਿਸਮਤ ਅਜ਼ਮਾਉਣ ਦਾ ਯਤਨ ਕੀਤਾ ਸੀ ਪਰੰਤੂ ਉਹ ਕੈਲੀਫ਼ੋਰਨੀਆ ਦੇ 41ਵੇਂ ਕਾਂਗਰਸ ਡਿਸਟ੍ਰਿਕਟ ਤੋਂ ਮੁੱਢਲੀ ਚੋਣ ਹਾਰ ਗਈ ਸੀ।

# ਸੈਨੇਟ ਵੱਲੋਂ ਹਰਮੀਤ ਢਿੱਲੋਂ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ


ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕੀ ਸੈਨੇਟ ਨੇ ਪੰਜਾਬੀ ਤੇ ਅਮਰੀਕੀ ਭਾਈਚਾਰੇ ਵਿੱਚ ਜਾਣੀ ਪਛਾਣੀ ਸ਼ਖਸੀਅਤ ਹਰਮੀਤ ਢਿੱਲੋਂ ਦੀ ਮਾਨਵੀ ਹੱਕਾਂ ਬਾਰੇ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕਰ ਦਿੱਤੀ ਹੈ। ਢਿੱਲੋਂ ਦੇ ਸੰਵਿਧਾਨਕ ਆਜ਼ਾਦੀ ਕਾਇਮ ਰੱਖਣ ਵਿੱਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਅਹਿਮ ਅਹੁਦੇ ਲਈ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ। ਅਲਾਸਕਾ ਤੋਂ ਕੇਵਲ ਇੱਕ ਰਿਪਬਲੀਕਨ ਸਾਂਸਦ ਲੀਸਾ ਮੁਰਕੋਵਸਕੀ ਨੇ ਪਾਰਟੀ ਲਾਈਨ ਤੋਂ ਹਟ ਕੇ ਢਿੱਲੋਂ ਦੇ ਵਿਰੋਧ ਵਿੱਚ ਡੈਮੋਕਰੈਟਸ ਦਾ ਸਾਥ ਦਿੱਤਾ



ਬਾਕੀ ਸਭ ਰਿਪਬਲੀਕਨ ਸੈਨੇਟ ਮੈਂਬਰਾਂ ਨੇ ਪਾਰਟੀ ਲਾਈਨ ਅਨੁਸਾਰ ਉਨ੍ਹਾਂ ਨੂੰ ਵੋਟ ਪਾਈ। ਢਿੱਲੋਂ ਦੇ ਹੱਕ ਵਿੱਚ 52 ਤੇ ਵਿਰੁੱਧ 42 ਵੋਟਾਂ ਪਈਆਂ। ਰਾਸ਼ਟਰਪਤੀ ਟਰੰਪ ਦੀ ਕੱਟੜ ਸਮਰਥਕ ਢਿੱਲੋਂ ਨਿਆਂ ਵਿਭਾਗ ਨਾਲ ਸਬੰਧਿਤ ਕੰਮਕਾਜ ਵੇਖੇਗੀ।

# ਟੈਰਿਫ਼ ਕਾਰਨ ਬਹੁਤ ਮਹਿੰਗਾਈ ਹੋਣ ਤੇ ਬੇਯਕੀਨੀ ਵਾਲੇ ਹਾਲਾਤ ਬਣਨ ਦੀ ਸੰਭਾਵਨਾ : ਫ਼ੈਡਰਲ ਰਿਜ਼ਰਵ ਚੇਅਰਮੈਨ ਦੀ ਚਿਤਾਵਨੀ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਸਮੇਤ ਵਿਸ਼ਵ ਭਰ ਦੇ ਦੇਸ਼ਾਂ ਦੀਆਂ ਦਰਾਮਦਾਂ ਉੱਪਰ ਲਾਏ ਟੈਰਿਫ਼ ਕਾਰਨ ਅਮਰੀਕੀ ਲੋਕਾਂ ਦਾ ਜਨ ਜੀਵਨ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਫ਼ੈਡਰਲ ਰਿਜ਼ਰਵ ਚੇਅਰਮੈਨ ਜੇਰੋਮ ਪਾਵਲ ਨੇ ਇਸ ਬਾਰੇ ਕਿਹਾ ਹੈ ਕਿ ਜਿਸ ਢੰਗ ਨਾਲ ਸਮੁੱਚੇ ਦੇਸ਼ਾਂ ਉੱਪਰ ਟੈਰਿਫ਼ ਲਾਇਆ ਗਿਆ ਹੈ, ਉਸ ਨਾਲ ਬਹੁਤ ਜਿਆਦਾ ਮਹਿੰਗਾਈ ਹੋ ਸਕਦੀ ਹੈ। ਉਨ੍ਹਾਂ ਕਿਹਾ ਹੈ ਕਿ ਵੱਡੀ ਪੱਧਰ 'ਤੇ ਬੇਯਕੀਨੀ ਦੇ ਹਾਲਾਤ ਕਾਰਨ ਬੇਰੁਜ਼ਗਾਰੀ ਤੇ ਮਹਿੰਗਾਈ ਦੋਵਾਂ ਦਾ ਬੋਲਬਾਲਾ ਰਹਿ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਆਜ ਦਰਾਂ ਸਥਿਰ ਰਹਿਣਗੀਆਂ। ਉਨ੍ਹਾਂ ਨੇ ਵਿਕਾਸ ਦੀ ਰਫ਼ਤਾਰ ਮੱਧਮ ਹੋ ਜਾਣ ਦੀ ਚਿਤਾਵਨੀ ਵੀ ਦਿੱਤੀ। ਉਹ ਵਾਸ਼ਿੰਗਟਨ , ਡੀ ਸੀ ਤੋਂ ਬਾਹਰ ਸੋਸਾਇਟੀ ਫ਼ਾਰ ਐਡਵਾਂਸ ਬਿਜ਼ਨਸ ਐਡੀਟਿੰਗ ਐਂਡ ਰਾਈਟਿੰਗ



ਕਾਨਫ਼ਰੰਸ ਵਿੱਚ ਬੋਲ ਰਹੇ ਸਨ। ਉਨ੍ਹਾਂ ਕਿਹਾ ਕਿ ਘੱਟੋ ਘੱਟ ਆਰਜ਼ੀ ਤੌਰ 'ਤੇ ਮਹਿੰਗਾਈ ਤਾਂ ਵਧਣ ਦੀ ਸੰਭਾਵਨਾ ਹੈ ਹੀ ਪਰੰਤੂ ਇਹ ਵੀ ਸੰਭਾਵਨਾ ਹੈ ਕਿ ਇਹ ਲੰਬਾ ਸਮਾਂ ਰਹੇ। ਪਾਵਲ ਦੇ ਭਾਸ਼ਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਉੱਪਰ ਪਾਈ ਇੱਕ ਪੋਸਟ ਵਿੱਚ ਲਿਖਿਆ ਹੈ ਕਿ ਫ਼ੈਡਰਲ ਰਿਜ਼ਰਵ ਨੂੰ ਉਧਾਰ ਲਾਗਤਾਂ ਘਟਾਉਣੀਆਂ ਚਾਹੀਦੀਆਂ ਹਨ। ਟਰੰਪ ਨੇ ਕੇਂਦਰੀ ਬੈਂਕ ਦੇ ਆਗੂ ਉੱਪਰ ਰਾਜਨੀਤੀ ਖੇਡਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਫ਼ੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਲਈ ਇਹ ਉਚਿਤ ਸਮਾਂ ਹੈ ਕਿ ਉਹ ਵਿਆਜ ਦਰਾਂ ਵਿੱਚ ਕਟੌਤੀ ਕਰਨ। ਇਥੇ ਜ਼ਿਕਰਯੋਗ ਹੈ ਕਿ ਟਰੰਪ ਦੁਆਰਾ ਅਮਰੀਕੀ ਦਰਾਮਦਾਂ ਉਪਰ ਐਲਾਨਿਆ 10% ਟੈਰਿਫ਼ ਲਾਗੂ ਹੋ ਗਿਆ ਹੈ ਜਦ ਕਿ ਵੱਖ ਵੱਖ ਦੇਸ਼ਾਂ ਉਪਰ ਲਾਏ ਟੈਰਿਫ਼ 9 ਅਪ੍ਰੈਲ ਤੋਂ ਲਾਗੂ ਹੋਣਗੇ। ਮਾਹਿਰਾਂ ਦਾ ਵਿਚਾਰ ਹੈ ਕਿ ਟਰੰਪ ਦੁਆਰਾ ਲਾਏ ਟੈਰਿਫ਼ ਅਨੁਮਾਨ ਨਾਲੋਂ ਕਿਤੇ ਵਧ ਖਤਰਨਾਕ ਹਨ। ਅਰਥਸ਼ਾਸ਼ਤਰੀ ਜੇ ਪੀ ਮੋਰਗਨ ਦਾ ਵਿਚਾਰ ਹੈ ਕਿ ਜੇਕਰ ਟੈਰਿਫ਼ ਲਾਗੂ ਰਹਿੰਦੇ ਹਨ ਤਾਂ ਕੌਮਾਂਤਰੀ ਮੰਦਾ ਆਵੇਗਾ। ਮੁੱਖ ਅਰਥਸ਼ਾਸ਼ਤਰੀ ਕੈਥੀ ਬੋਸਟਜੈਨਸਿਸ ਨੇ ਕਿਹਾ ਹੈ ਕਿ ਫ਼ੈਡਰਲ ਰਿਜ਼ਰਵ ਬਹੁਤ ਕਸੂਤੀ ਸਥਿਤੀ ਵਿਚ ਹੈ ਕਿਉਂਕਿ ਮਹਿੰਗਾਈ ਵਧਣੀ ਤੇ ਅਰਥ ਵਿਵਸਥਾ ਵਿੱਚ ਮੰਦਾ ਆਉਣਾ ਤੈਅ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਯਾਦਗਾਰੀ ਪੈੜਾਂ ਪਾ ਗਿਆ ਸਤਿੰਦਰ ਸਰਤਾਜ ਦਾ ਟੋਰਾਂਟੋ ਸ਼ੋਅ

## ਸੱਚੀ ਪੰਜਾਬੀ ਕਲਾ, ਸੱਭਿਆਚਾਰ ਅਤੇ ਕਾਵਿ ਦੀ ਕੀਤੀ ਸ਼ਾਨਦਾਰ ਪੇਸ਼ਕਾਰੀ

## ਸਤਿੰਦਰ ਸਰਤਾਜ ਦੇ ਗੀਤਾਂ ਦੌਰਾਨ ਦਰਸ਼ਕਾਂ ਦੀਆਂ ਤਾੜੀਆਂ ਨਾਲ ਗੂੰਜਦਾ ਰਿਹਾ ਹਾਲ





ਡਾ. ਸਤਿੰਦਰ ਸਰਤਾਜ ਨੇ ਦੁਨੀਆਂ ਪ੍ਰਸਿੱਧ ਸਕੋਟੀਆਬੈਂਕ ਏਰੇਨਾ ’ਚ ਹਜ਼ਾਰਾਂ ਦੀ ਭੀੜ ਸਾਹਮਣੇ ਇੱਕ ਰੂਹ-ਛੂਹਣ ਵਾਲਾ ਪਰਫ਼ਾਰਮੈਂਸ ਦਿੱਤਾ। ਇਸ ਮੌਕੇ ਵੱਡੀ ਗਿਣਤੀ ਦਰਸ਼ਕਾਂ ਨੇ ਤਾੜੀਆਂ ਨਾਲ ਹਾਲ ਗੂੰਜਾ ਦਿੱਤਾ ਅਤੇ ਖੜੇ ਹੋ ਕੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਇਹ ਸਿਰਫ਼ ਇੱਕ ਕਨਸਰਟ ਨਹੀਂ ਸੀ,ਇਹ ਤਾਂ ਸੱਚੀ ਪੰਜਾਬੀ ਕਲਾ, ਸੱਭਿਆਚਾਰ ਅਤੇ ਕਾਵਿ ਦੀ ਇੱਕ ਸ਼ਾਨਦਾਰ ਰਚਨਾ ਸੀ।

ਬਿਨਾਂ ਕਿਸੇ ਵਿਖਾਵੇ ਦੇ, ਸਰਤਾਜ ਨੇ ਫਿਰ ਸਾਬਤ ਕੀਤਾ ਕਿ ਅਸਲੀ ਕਲਾ ਆਪਣੀ ਕਾਬਲੀਅਤ ਦੇ ਆਧਾਰ ’ਤੇ ਖੜੀ ਰਹਿੰਦੀ ਹੈ। ਸਟੇਜ ’ਤੇ ਵਿਸ਼ਵਾਸ ਨਾਲ ਬੈਠ ਕੇ, ਉਨ੍ਹਾਂ ਨੇ ਇੱਕ ਅਜਿਹਾ ਭਾਵਨਾਤਮਕ ਮਾਹੌਲ ਬਣਾਇਆ ਜਿਸ ਨੇ ਹਜ਼ਾਰਾਂ ਲੋਕਾਂ ਦੇ ਦਿਲ ਹਿਲਾ ਦਿੱਤੇ, ਉਨ੍ਹਾਂ ਨੂੰ ਨਚਾਇਆ, ਗਵਾਇਆ ਅਤੇ ਹਰ ਇੱਕ ਸ਼ਬਦ ਮਹਿਸੂਸ ਕਰਵਾਇਆ। ਇਹ ਵਿਰਲਾ ਹੀ ਹੁੰਦਾ ਹੈ ਕਿ ਕਿਸੇ ਕਲਾਕਾਰ ਦੀ ਸਿਰਫ਼ ਹਾਜ਼ਰੀ ਅਤੇ ਆਵਾਜ਼ ਪੂਰੇ ਮੰਚ ਨੂੰ ਜਾਦੂਈ ਬਣਾ ਦੇਵੇ।

ਸਾਰੀ ਦੁਨੀਆ ਵਿੱਚ ਆਪਣੀ ਯਾਤਰਾ ਜਾਰੀ ਰੱਖਦੇ ਹੋਏ, ਸਰਤਾਜ ਹਰ ਇੱਕ ਮਨ ਦੀ ਗੂੰਜ ਬਣਦੇ ਜਾ ਰਹੇ ਹਨ। ਉਹ ਅਜੇ ਵੀ ਸ਼ੁੱਧ ਪੰਜਾਬੀ ਅਤੇ ਲੋਕ-ਸੰਗੀਤ ਨਾਲ ਆਪਣਾ ਮੋਹ ਭਰਿਆ ਰਿਸ਼ਤਾ ਰੱਖਦੇ ਹਨ—ਬਿਨਾਂ ਕਿਸੇ ਰੁਝਾਨ ਪਿੱਛੇ ਤੁਰਨ ਜਾਂ ਰੰਗ-ਮਿਸ਼ਰਣ ਦੇ। ਖ਼ਾਸ ਗੱਲ ਇਹ ਹੈ ਕਿ ਉਹ ਆਪਣੇ ਗੀਤਾਂ ਵਿੱਚ ਅੰਗ੍ਰੇਜ਼ੀ ਸ਼ਬਦ ਨਹੀਂ ਵਰਤਦੇ, ਜਿਸ ਰਾਹੀਂ ਉਹ ਪੰਜਾਬੀ ਭਾਸ਼ਾ ਦੀ ਪਵਿੱਤਰਤਾ ਅਤੇ ਸ਼ਾਨ ਨੂੰ ਬਰਕਰਾਰ ਰੱਖਦੇ ਹਨ।

ਸਰਤਾਜ ਦਾ ਟੋਰਾਂਟੋ ਸ਼ੋਅ ਇਹ ਸਾਬਤ ਕਰ ਗਿਆ ਕਿ ਦੁਨੀਆਂ ਭਰ ਦੇ ਦਰਸ਼ਕ ਅਜੇ ਵੀ ਗਹਿਰਾਈ, ਸੱਭਿਆਚਾਰ ਅਤੇ ਸ਼ਬਦਾਂ ਦੀ ਚਮਕ ਨੂੰ ਤਰਸਦੇ ਹਨ। ਇਹ ਸ਼ਾਮ ਸਿਰਫ਼ ਸਫਲਤਾ ਨਹੀਂ ਸੀ, ਇਹ ਤਾਂ ਉਹ ਯਾਦ ਦਿਵਾਈ ਸੀ ਕਿ ਜਦੋਂ ਕਲਾ ਆਪਣੇ ਅਸਲੀਅਤ ਨਾਲ ਵਫ਼ਾਦਾਰ ਰਹੇ, ਤਾਂ ਉਹ ਸਦਾ ਲਈ ਦਿਲਾਂ ’ਤੇ ਰਾਜ ਕਰਦੀ ਹੈ।

# ਫ਼ਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਲੱਗੀਆਂ ਵਿਰਾਸਤੀ ਖੇਡਾਂ ਦੀਆਂ ਰੌਣਕਾਂ



ਫ਼ਰਿਜ਼ਨੋ (ਕੈਲੀਫ਼ੋਰਨੀਆ)/ ਏ.ਟੀ.ਨਿਊਜ਼: ਵਿਸਾਖੀ ਅਤੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਇਸ ਮੌਕੇ ’ਤੇ ਗੁਰਦੁਆਰਾ ਸਿੰਘ ਸਭਾ ਫ਼ਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਰਾਸਤੀ ਖੇਡਾਂ ਦੀ ਰੌਣਕ ਨੇ ਸਮੂਹ ਸੰਗਤ ਦਾ ਮਨ ਮੋਹ ਲਿਆ। ਸਵੇਰੇ ਤੋਂ ਹੀ ਗੁਰਦੁਆਰੇ ਵਿੱਚ ਭਾਵਨਾਤਮਕ ਦੀਵਾਨ ਸਜਾਏ ਗਏ, ਜਿੱਥੇ ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ। ਸਮਾਗਮ ਦੌਰਾਨ ਤਰ੍ਹਾਂ-ਤਰ੍ਹਾਂ ਦੇ ਲੰਗਰ ਵੀ ਲਗਾਏ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ।

ਵਿਰਾਸਤੀ ਖੇਡਾਂ-ਜਿਵੇਂ ਕਿ ਚਾਟੀ ਦੌੜ, ਗਿੱਟਿਆਂ ਦੀ ਖੇਡ ਤੇ ਬੋਰਿਆਂ ਦੀ ਦੌੜ ਆਦਿ ਖੇਡਾਂ ਵਿੱਚ ਛੋਟੇ ਬੱਚਿਆਂ ਤੋਂ ਲੈਕੇ ਔਰਤਾਂ ਅਤੇ ਮਰਦਾਂ ਤੱਕ ਨੇ ਪੂਰੇ ਜੋਸ਼ ਨਾਲ ਭਾਗ ਲਿਆ। ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੌਰਾਨ ਪੀ.ਸੀ.ਏ. ਫ਼ਰਿਜ਼ਨੋ ਦੇ ਮੈਬਰਾਂ ਦਾ ਵੀ ਭਰਪੂਰ ਸਹਿਯੋਗ ਰਿਹਾ।

ਇਸ ਮੌਕੇ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਡਾ. ਗੁਰੀ, ਹਾਕਮ ਸਿੰਘ ਢਿੱਲੋ, ਜੰਗੀਰ ਸਿੰਘ ਗਿੱਲ, ਸਤਨਾਮ ਸਿੰਘ ਸਰਪੰਚ, ਦਵਿੰਦਰ ਸਿੰਘ ਬੁੱਟਰ, ਕੁਲਵਿੰਦਰ ਸਿੰਘ ਬੁੱਟਰ, ਹਰਚੰਦ ਸਿੰਘ ਦਿਓਲ ਆਦਿ ਨੇ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ ਗਿਆ। ਸਮੂਹ ਸਮਾਗਮ ਨੇ ਨਾ ਸਿਰਫ਼ ਮਨੋਰੰਜਨ ਕੀਤਾ, ਬਲਕਿ ਸਿੱਖ ਵਿਰਾਸਤ ਨਾਲ ਵੀ ਸੰਗਤ ਨੂੰ ਜੋੜਿਆ। ਇਸ ਮੌਕੇ ਲੱਗੇ ਖ਼ਰੀਦੋ ਫ਼ਰੋਖ਼ਤ ਦੇ ਸਟਾਲਾਂ ਤੋਂ ਸੰਗਤਾਂ ਨੇ ਖ਼ੂਬ ਖਰੀਦਦਾਰੀ ਕੀਤੀ। ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਐਮ.ਪੀ. ਸੁਖ ਧਾਲੀਵਾਲ ‘ਮਨੁੱਖੀ ਅਧਿਕਾਰਾਂ ਦਾ ਰਾਖਾ’ (ਹਿਊਮਨ ਰਾਈਟਸ ਡਿਫੈਂਡਰ) ਪੁਰਸਕਾਰ ਨਾਲ ਸਨਮਾਨਿਤ

ਸਰੀ/ਏ.ਟੀ.ਨਿਊਜ਼ : ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਮੈਂਬਰ-ਪਾਰਲੀਮੈਂਟ ਸੁੱਖ ਧਾਲੀਵਾਲ ਨੂੰ ਕੈਨੇਡਾ ਦੀ ਪਾਰਲੀਮੈਂਟ ਵਿੱਚ ਸਿੱਖ ਨਸਲਕੁਸ਼ੀ 1984 ਅਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਰਗੇ ਮੁੱਦੇ ਉਠਾਉਣ, ਏਅਰ ਇੰਡੀਆ ਦੁਖਾਂਤ ਦੀ ਮੁੜ ਜਾਂਚ ਦੀ ਮੰਗ ਵਾਲੀ ਪਟੀਸ਼ਨ ਪੇਸ਼ ਕਰਨ ਅਤੇ ਕੈਨੇਡਾ ਵਿੱਚ ਭਾਰਤੀ ਦਖ਼ਲ-ਅੰਦਾਜ਼ੀ ਦੇ ਮਾਮਲੇ ਤੇ ਬੇਬਾਕੀ ਨਾਲ ਬੋਲਣ ਲਈ ਰੈਡੀਕਲ ਦੇਸੀ ਸੰਸਥਾ ਵੱਲੋਂ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਸਨਮਾਨਿਤ ਕੀਤਾ ਗਿਆ। ਸੁੱਖ ਧਾਲੀਵਾਲ ਨੂੰ ‘ਮਨੁੱਖੀ ਅਧਿਕਾਰਾਂ ਦਾ ਰਾਖਾ’ (ਹਿਊਮਨ ਰਾਈਟਸ ਡਿਫੈਂਡਰ) ਪੁਰਸਕਾਰ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ’ਤੇ ਮਹਿਕ ਪੰਜਾਬ ਦੀ ਟੀ.ਵੀ. ਪ੍ਰੋਗਰਾਮ ਦੇ ਨਿਰਮਾਤਾ ਕੰਵਲਜੀਤ ਸਿੰਘ ਥਿੰਦ, ਰੈਡੀਕਲ ਦੇਸੀ ਦੇ ਸੰਪਾਦਕ, ਰੇਡੀਓ ਹੋਸਟ ਅਤੇ ਪੱਤਰਕਾਰ ਗੁਰਪ੍ਰੀਤ ਸਿੰਘ, ਪ੍ਰਸਿੱਧ ਸ਼ਾਇਰ ਅੰਮ੍ਰਿਤ ਦੀਵਾਨਾ, ਸਿੱਖ ਕਾਰਕੁੰਨ ਕੁਲਵਿੰਦਰ ਸਿੰਘ ਢਿੱਲੋਂ ਅਤੇ ਚੈਨਲ ਪੰਜਾਬੀ ’ਤੇ ਪ੍ਰੋਗਰਾਮ ‘ਆਵਾਜ਼ ਏ ਪੰਜਾਬ’ ਦੇ ਸੰਚਾਲਕ ਡਾ. ਗੁਰਵਿੰਦਰ ਸਿੰਘ ਧਾਲੀਵਾਲ ਵੱਲੋਂ ਸ਼ਮੂਲੀਅਤ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਸੀਨੀਅਰ ਜਰਨਲਿਸਟ ਗੁਰਪ੍ਰੀਤ ਸਿੰਘ ਨੇ ਰੈਡੀਕਲ ਦੇਸੀ ਸੰਸਥਾ ਦੇ ਪਿਛੋਕੜ ਬਾਰੇ ਅਤੇ ਐਮ.ਪੀ. ਸੁੱਖ ਧਾਲੀਵਾਲ ਦੀ ਮਨੁੱਖੀ ਅਧਿਕਾਰਾਂ ਬਾਰੇ ਦੇਣ ਦੀ ਗੱਲਬਾਤ ਕੀਤੀ। ਮਗਰੋਂ ਉਹਨਾਂ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਜਿੰਨਾ ਨੂੰ ਪਿਛਲੇ ਵਾਰ ਮਨੁੱਖੀ ਪੱਤਰਕਾਰੀ ਦੇ ਖੇਤਰ ਵਿੱਚ ਮਨੁੱਖੀ ਅਧਿਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ, ਨੂੰ ਇਹ ਐਵਾਰਡ ਸੁੱਖ ਧਾਲੀਵਾਲ ਨੂੰ ਦੇਣ ਲਈ ਸੱਦਾ ਦਿੱਤਾ। ਡਾ. ਧਾਲੀਵਾਲ ਨੇ ਐਮ.ਪੀ. ਸੁੱਖ ਧਾਲੀਵਾਲ ਦੇ ਮਨੁੱਖੀ ਅਧਿਕਾਰਾਂ ਦੇ ਲੰਮੇ ਸੰਘਰਸ਼, ਸਿੱਖ ਨਸਲਕੁਸ਼ੀ ਦੀ ਪਟੀਸ਼ਨ ਸਮੇਤ ਵੱਖ-ਵੱਖ ਸੰਘਰਸ਼ਮਈ ਕਦਮਾਂ ’ਤੇ ਰੌਸ਼ਨੀ ਪਾਈ। ਪੰਜਾਬੀ ਅਗਾਂਹ-ਵਧੂ ਸ਼ਾਇਰ ਅੰਮ੍ਰਿਤ ਦੀਵਾਨਾ ਨੇ ਸੁੱਖ ਧਾਲੀਵਾਲ ਨੂੰ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਸਿਆਸਤਦਾਨ ਕਰਾਰ ਦਿੰਦਿਆਂ, ਭਵਿੱਖ ਵਿੱਚ ਵੀ ਉਪਰਾਲੇ ਜਾਰੀ ਰੱਖਣ ਦੀ ਆਸ ਪ੍ਰਗਟਾਈ। ਸਿੱਖ ਮੋਟਰਸਾਈਕਲ ਕਲੱਬ ਸੰਸਥਾਵਾਂ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਕੁਲਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜੋ ਸੁੱਖ ਧਾਲੀਵਾਲ ਨੇ ਕੀਤਾ ਹੈ, ਉਹ ਪ੍ਰਸ਼ੰਸਾਯੋਗ ਹੈ ਅਤੇ ਉਮੀਦ ਹੈ ਕਿ ਉਹ ਹੋਰ ਵੀ ਵੱਧ-ਚੜ੍ਹ ਕੇ ਮਾਨਵੀ ਅਧਿਕਾਰ ਕਾਰਜ ਕਰਦੇ ਰਹਿਣਗੇ।



(ਬਾਕੀ ਸਫ਼ਾ 30 ’ਤੇ)

# ਕੈਨੇਡਾ ਦੀ ਪਾਰਲੀਮੈਂਟ ’ਚ ਦਾਖ਼ਲ ਹੋਇਆ ਹਥਿਆਰਬੰਦ ਵਿਅਕਤੀ ਕਾਬੂ

ਵੈਨਕੂਵਰ/ਏ.ਟੀ.ਨਿਊਜ਼: ਓਟਾਵਾ ਵਿੱਚ ਕੈਨੇਡਾ ਦੀ ਪਾਰਲੀਮੈਂਟ ਦੇ ਈ-ਬਲਾਕ ਵਿੱਚ ਪਿਛਲੇ ਦਿਨੀਂ ਇੱਕ ਹਥਿਆਰਬੰਦ ਮਸ਼ਕੂਕ ਦਾਖ਼ਲ ਹੋ ਗਿਆ। ਕੈਨੇਡਿਆਈ ਪੁਲਿਸ ਨੇ ਹਾਲਾਂਕਿ ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਮੁਲਜ਼ਮ ਨੂੰ ਕਾਬੂ ਕਰ ਲਿਆ। ਉਂਝ ਇਸ ਦੌਰਾਨ ਕਿਸੇ ਜਾਨੀ ਮਾਲੀ ਨੁਕਸਾਨ ਤੋਂ ਬਚਾਅ ਰਿਹਾ ਤੇ ਅਮਲੇ ਦੇ ਮੈਂਬਰਾਂ ਨੇ ਕਮਰਿਆਂ ’ਚ ਲੁਕ ਕੇ ਜਾਨ ਬਚਾਈ। ਜਾਣਕਾਰੀ ਅਨੁਸਾਰ ਹਥਿਆਰਬੰਦ ਵਿਅਕਤੀ ਦੁਪਹਿਰ ਪੌਣੇ ਤਿੰਨ ਵਜੇ ਦੇ ਕਰੀਬ ਸੰਸਦ ਦੇ ਈ ਬਲਾਕ ਵਿੱਚ ਦਾਖ਼ਲ ਹੋਇਆ। ਸੰਸਦੀ ਅਮਲੇ ਦੇ ਮੈਂਬਰ ਜਾਨ ਬਚਾਉਣ ਲਈ ਨਾਲ ਲੱਗਦੇ ਕਮਰਿਆਂ ਵਿੱਚ ਲੁਕ ਗਏ ਤੇ ਅੰਦਰੋਂ ਤਾਲੇ ਲਾ ਲਏ। ਉਧਰ ਪਾਰਲੀਮੈਂਟ ਪ੍ਰੋਟੈਕਟਿਵ ਸੇਵਾ ਦਲ ਨੂੰ ਹਫੜਾ ਦਫੜੀ ਪੈ ਗਈ ਤੇ ਇਸ ਦੌਰਾਨ ਪੁਲਿਸ ਵੀ ਮੌਕੇ ’ਤੇ ਪਹੁੰਚ ਗਈ। ਅੰਦਰ ਫਸੇ ਲੋਕਾਂ ਨੂੰ ਹੋਰ ਦਰਵਾਜ਼ਿਆਂ ਰਾਹੀਂ ਬਾਹਰ ਕੱਢ ਕੇ ਇਮਾਰਤ ਖਾਲੀ ਕਰਵਾਈ ਗਈ। ਪੁਲਿਸ ਨੇ ਪਾਰਲੀਮੈਂਟ ਹਿੱਲ (ਸੰਸਦੀ ਭਵਨ) ਦੁਆਲੇ ਸਾਰੀਆਂ ਸੜਕਾਂ ਬੰਦ ਕਰ ਦਿੱਤੀਆਂ ਤੇ ਪਾਰਲੀਮੈਂਟ ਦੀ ਘੇਰਾਬੰਦੀ ਕਰ ਦਿੱਤੀ। ਪੁਲਿਸ ਨੇ ਹਥਿਆਰਬੰਦ ਮਸ਼ਕੂਕ ਨੂੰ ਬਾਹਰ ਆਉਣ ਲਈ ਕਈ ਚਿਤਾਵਨੀਆਂ ਵੀ ਦਿੱਤੀਆਂ। ਦੱਸ ਦੇਈਏ ਕਿ ਸੰਸਦ ਭਵਨ ਦੇ ਈ-ਬਲਾਕ ਵਿੱਚ ਸੈਨੇਟਰਾਂ ਤੇ ਉਨ੍ਹਾਂ ਦੇ ਸਹਾਇਕ ਅਮਲੇ ਦੇ ਦਫ਼ਤਰ ਹਨ। ਪੁਲਿਸ ਨੇ ਕਈ ਘੰਟਿਆਂ ਦੀ ਮੁਸ਼ੱਕਤ ਮਗਰੋਂ ਰਿਬੋਟ ਦੀ ਮਦਦ ਨਾਲ ਹਥਿਆਰਬੰਦ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਹੈ।




# ਦੁਨੀਆਂ ਦੇ ਸਭ ਤੋਂ ਤਾਕਤਵਰ ਪਾਸਪੋਰਟ ਦੀ ਰੈਂਕਿੰਗ ਜਾਰੀ

* ਭਾਰਤ 148ਵੇਂ ਸਥਾਨ ’ਤੇ ਪਛੜਿਆ
* ਆਇਰਲੈਂਡ ਦੇ ਪਾਸਪੋਰਟ ਨੂੰ ਪਹਿਲਾ ਸਥਾਨ ਮਿਲਿਆ

ਬ੍ਰਸੇਲਸ/ਏ.ਟੀ.ਨਿਊਜ਼: ਹਾਲ ਹੀ ਵਿੱਚ ਟੈਕਸ ਅਤੇ ਇਮੀਗ੍ਰੇਸ਼ਨ ਸਲਾਹਕਾਰ ਨੋਮੈਡ ਕੈਪੀਟਲਿਸਟ ਨੇ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਰੈਂਕਿੰਗ ਜਾਰੀ ਕੀਤੀ ਹੈ। ਇਸ ਰੈਂਕਿੰਗ ਵਿੱਚ ਆਇਰਲੈਂਡ ਦੇ ਪਾਸਪੋਰਟ ਨੂੰ ਪਹਿਲਾ ਸਥਾਨ ਮਿਲਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਉੱਤਰੀ ਅਮਰੀਕੀ ਦੇਸ਼ ਆਇਰਲੈਂਡ ਦੇ ਪਾਸਪੋਰਟ ਨੂੰ ਨੋਮੈਡ ਕੈਪੀਟਲਿਸਟ ਦੀ ਰੈਂਕਿੰਗ ਵਿੱਚ ਨੰਬਰ 1 ਦਾ ਦਰਜਾ ਦਿੱਤਾ ਗਿਆ ਹੈ। ਇਸ ਦਰਜਾਬੰਦੀ ਵਿੱਚ ਦੁਨੀਆਂ ਦੇ 199 ਦੇਸ਼ਾਂ ਦੇ ਪਾਸਪੋਰਟਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿੱਚ ਭਾਰਤੀ ਪਾਸਪੋਰਟ ਵੀ ਸ਼ਾਮਲ ਹੈ, ਜਿਸਦੀ ਰੈਂਕਿੰਗ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਡਿੱਗ ਗਈ ਹੈ।

(ਬਾਕੀ ਸਫ਼ਾ 30 ’ਤੇ)



# ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਅੱਠ ਮਤੇ ਪਾਸ

## ਗਿਆਨੀ ਇਕਬਾਲ ਸਿੰਘ ਦੀਆਂ ਪੰਥਕ ਸੇਵਾਵਾਂ ’ਤੇ ਰੋਕ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ’ਤੇ ਲੱਗੇ ਦੋਸ਼ਾਂ ਤਹਿਤ ਉਨ੍ਹਾਂ ਦੀਆਂ ਪੰਥਕ ਸੇਵਾਵਾਂ ’ਤੇ ਰੋਕ ਲਾਈ ਗਈ ਹੈ ਅਤੇ ਉਨ੍ਹਾਂ ਨੂੰ ਪੰਥਕ ਸਰਗਰਮੀਆਂ ਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਤੋਂ ਗੁਰੇਜ਼ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਸਿੱਖ ਪੰਥ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਸਿੱਖ ਅੰਤਿਮ ਅਰਦਾਸ ਸਮੇਂ ਗੁਰੂ ਕੇ ਲੰਗਰ ਦੀ ਮੂਲ ਭਾਵਨਾ ਤੇ ਰਵਾਇਤ ਅਨੁਸਾਰ ਪਹਿਰਾ ਦਿੰਦੇ ਹੋਏ ਸਾਦੇ ਲੰਗਰ ਤਿਆਰ ਕਰਨ। ਇਹ ਖ਼ਰਚ ਲੋੜਵੰਦ ਬੱਚਿਆਂ ਦੀ ਮਦਦ ਲਈ ਕੀਤਾ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਹੋਈ ਇਸ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰਾ ਭਾਈ ਮੰਗਲ ਸਿੰਘ ਸ਼ਾਮਿਲ ਹੋਏ।

ਜਥੇਦਾਰ ਸਾਹਿਬਾਨ ਦੀ ਇਸ ਮੀਟਿੰਗ ਵਿੱਚ ਅੱਠ ਮਤੇ ਪਾਸ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਮਤੇ ਰਾਹੀਂ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੀਆਂ ਪੰਥਕ ਸੇਵਾਵਾਂ ’ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਵਿੱਚ ਦੱਸਿਆ ਗਿਆ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ 15 ਜੁਲਾਈ, 2024 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਗ਼ਲਤੀਆਂ ਦੀ ਤਨਖ਼ਾਹ ਲਵਾਈ ਸੀ, ਜਿਸ ਵਿੱਚ ਉਨ੍ਹਾਂ ਨੇ ਭੁੱਲ ਬਖਸ਼ਾਈ ਸੀ। ਪ੍ਰੰਤੂ ਉਸ ਤੋਂ ਬਾਅਦ ਵੀ ਉਨ੍ਹਾਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਵਿਖੇ ਸ਼ਿਕਾਇਤਾਂ ਆ ਰਹੀਆਂ ਹਨ ਅਤੇ ਗੰਭੀਰ ਇਲਜ਼ਾਮ ਲੱਗੇ ਹਨ। ਇਸ ਲਈ ਜਦੋਂ ਤੱਕ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਉਹ ਆਪਣਾ ਪੱਖ ਨਹੀਂ ਰੱਖਦੇ ਅਤੇ ਲੱਗੇ ਦੋਸ਼ਾਂ ਤੋਂ ਸੁਰਖਰੂ ਨਹੀਂ ਹੋ ਜਾਂਦੇ, ਉਸ ਵੇਲੇ ਤੱਕ ਉਹ ਪੰਥਕ ਸਰਗਰਮੀਆਂ ਅਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਤੋਂ ਗੁਰੇਜ਼ ਕਰਨ।

ਇੱਕ ਮਤੇ ਰਾਹੀ ਗੁਰਸਿੱਖਾਂ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਜਿੱਥੇ ਉਹ ਨਿਤਨੇਮ ਕਰਦੇ ਹਨ, ਉਥੇ ਆਪਣੇ ਘਰਾਂ ਵਿੱਚ ਸੌਣ ਤੋਂ ਪਹਿਲਾਂ ਅੱਧਾ ਘੰਟਾ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਸਾਖੀਆਂ ਸੁਣਾਉਣ ਦੀ ਰਵਾਇਤ ਨੂੰ ਮੁੜ ਸੁਰਜੀਤ ਕੀਤਾ ਜਾਵੇ ਤਾਂ ਕਿ ਬੱਚਿਆਂ ਨੂੰ ਸਿੱਖ ਕਦਰਾਂ ਕੀਮਤਾਂ ਦਾ ਵੱਧ ਤੋਂ ਵੱਧ ਗਿਆਨ ਹੋ ਸਕੇ ਅਤੇ ਸਿੱਖੀ ਨਾਲ ਪਿਆਰ ਵਧ ਸਕੇ।

ਇੱਕ ਮਤੇ ਰਾਹੀ ਸਮੁੱਚੇ ਸਿੱਖ ਜਗਤ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਹਰ ਸਿੱਖ ਅੰਤਿਮ ਅਰਦਾਸ ਸਮੇਂ ਸਾਦੇ ਲੰਗਰ ਤਿਆਰ ਕਰੇ ਅਤੇ ਇਹ ਖ਼ਰਚ ਲੋੜਵੰਦ ਬੱਚਿਆਂ ਦੀ ਮਦਦ ਲਈ ਵਰਤਿਆ ਜਾਵੇ। ਇੱਕ ਮਤੇ ਸਿੱਖ ਸੰਗਤ ਨੂੰ ਆਖਿਆ ਗਿਆ ਹੈ ਕਿ ਖ਼ਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਤੌਰ ’ਤੇ ਗੁਰਮਤਿ ਸਮਾਗਮ ਅਤੇ ਵੱਡੇ ਪੱਧਰ ’ਤੇ ਅੰਮ੍ਰਿਤ ਸੰਚਾਰ ਦੇ ਪ੍ਰਬੰਧ ਕੀਤੇ ਜਾਣ। ਤਖ਼ਤ ਸਾਹਿਬਾਨ ’ਤੇ ਵੀ ਅੰਮ੍ਰਿਤ ਸੰਚਾਰ ਕਰਵਾਏ ਜਾਣਗੇ ਅਤੇ ਸੰਗਤ ਇਸ ਦਾ ਵੱਧ ਤੋਂ ਵੱਧ ਲਾਹਾ ਲਵੇ।

ਇੱਕ ਮਤੇ ਰਾਹੀਂ ਸਿੱਖ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਕਿਹਾ ਹੈ ਕਿ ਗੁਰਦੁਆਰਾ ਸਾਹਿਬਾਨ ਵਿੱਚ ਸੇਵਾ ਨਿਭਾਉਣ ਵਾਲੇ ਗ੍ਰੰਥੀ ਸਿੰਘ, ਕੀਰਤਨੀਏ ਅਤੇ ਸੇਵਾਦਾਰਾਂ ਦੇ ਪਰਿਵਾਰਾਂ ਦਾ ਚੰਗੇ ਪਾਲਣ ਪੋਸ਼ਣ ਅਤੇ ਬੱਚਿਆਂ ਦੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ।

ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿਸ਼ਵ ਭਰ ਦੀਆਂ ਸਿੱਖ ਸੰਸਥਾਵਾਂ ਨਾਲ ਸਬੰਧਿਤ ਪ੍ਰਚਾਰਕ, ਰਾਗੀ ,ਢਾਡੀ ਕਵੀਸ਼ਰਾਂ ਨੂੰ ਕਿਹਾ ਹੈ ਕਿ ਉਹ ਆਪਣੇ ਦੇਸ਼ ਵਿਦੇਸ਼ ਦੇ ਦੌਰਿਆਂ ਤੋਂ ਇਲਾਵਾ ਪੰਜਾਬ ਵਿੱਚ ਅਗਲੇ ਚਾਰ ਮਹੀਨੇ ਦਸ ਪਿੰਡ ਚੁਣਨ ਅਤੇ ਉਨ੍ਹਾਂ ਵਿੱਚ ਸਮਰਪਿਤ ਹੋ ਕੇ ਗੁਰੂ ਦਾ ਪ੍ਰਚਾਰ ਕਰਨ।

ਮੀਟਿੰਗ ਵਿੱਚ ਪੰਜ ਸਿੰਘ ਸਾਹਿਬਾਨ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਗੁਰਪੁਰਵਾਸੀ ਗਿਆਨੀ ਮਲਕੀਤ ਸਿੰਘ ਵੱਲੋਂ ਗੁਰਬਾਣੀ ਸੰਥਿਆ ਵਾਸਤੇ ਦਿੱਤੀਆਂ ਸੇਵਾਵਾਂ ਸ਼ਲਾਘਾਯੋਗ ਹਨ, ਜਿਨਾਂ ਲਈ ਉਨ੍ਹਾਂ ਦੇ ਪਰਿਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਦਿੱਤਾ ਜਾਵੇਗਾ। ਇਸੇ ਤਰ੍ਹਾਂ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਦੀਆਂ ਪ੍ਰਚਾਰ ਸਬੰਧੀ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਦਿੱਤਾ ਜਾਵੇਗਾ।

## ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ



ਚੰਡੀਗੜ੍ਹ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ, ਜਨਰਲ ਸਕੱਤਰ ਤੇ ਸਾਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਜਨਤਕ ਐਲਾਨ ਕੀਤਾ ਹੈ। ਉਹ ਪਹਿਲਾਂ ਹੀ 10 ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਤਤਕਾਲੀ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਅਸਤੀਫ਼ਾ ਸੌਂਪ ਚੁੱਕੇ ਹਨ, ਜਿਸ ਨੂੰ ਹੁਣ ਉਨ੍ਹਾਂ ਨੇ ਜਨਤਕ ਕਰ ਦਿੱਤਾ ਹੈ।

ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਪਾ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦੇ ਹੁਕਮਨਾਮੇ ਦੇ ਉਲਟ ਕੰਮ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ’ਤੇ ਦਬਾਅ ਪਾ ਕੇ ਸਿੰਘ ਸਾਹਿਬਾਨ ਦੀਆਂ ਸੇਵਾਵਾਂ ਖ਼ਤਮ ਕੀਤੀਆ ਗਈਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਧੀਨ 5 ਮੈਂਬਰੀ ਕਮੇਟੀ ਵੱਲੋਂ ਕੀਤੀ ਜਾ ਰਹੀ ਅਕਾਲੀ ਦਲ ਦੀ ਭਰਤੀ ਨੂੰ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ ਹੈ, ਉਸ ਨਾਲ ਮਨ ਨੂੰ ਬਹੁਤ ਦੁੱਖ ਪਹੁੰਚਿਆ ਹੈਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ’ਚ ਮੈਂ ਅਕਾਲੀ ਦਲ ਦੀ ਇਸ ਲੀਡਰਸ਼ਿਪ ਦਾ ਹਿੱਸਾ ਨਹੀਂ ਬਣ ਸਕਦਾ ਕਿਉਂਕਿ ਇਹ ਘਟਨਾਕ੍ਰਮ ਪੰਜਾਬ ਤੇ ਅਕਾਲੀ ਦਲ ਦੇ ਹਿੱਤਾਂ ’ਚ ਨਹੀਂ ਹੈ।

## ਪਾਕਿ ਤੇ ਅ.ਫ.ਗਾਨਿਸਤਾਨ ਵਿੱਚ ਸਿੱਖਾਂ ਖ਼ਿਲਾ.ਫ ਜ਼ੁਲਮਾਂ ਦੀਆਂ ਰਿਪੋਰਟਾਂ ’ਤੇ ਨਜ਼ਰ ਰੱਖਦੈ ਭਾਰਤ: ਕੇਂਦਰ ਸਰਕਾਰ



ਨਵੀਂ ਦਿੱਲੀ/ਏ.ਟੀ.ਨਿਊਜ਼: ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਹੈ ਕਿ ਸਰਕਾਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਸਿੱਖ ਭਾਈਚਾਰੇ ’ਤੇ ਹੋਣ ਵਾਲੀਆਂ ਜ਼ੁਲਮ-ਜ਼ਿਆਦਤੀਆਂ ਦੀਆਂ ਰਿਪੋਰਟਾਂ ’ਤੇ ਨਿਯਮਤ ਤੌਰ ’ਤੇ ਨਜ਼ਰ ਰੱਖਦੀ ਹੈ। ਵਿਦੇਸ਼ ਰਾਜ ਮੰਤਰੀ ਸਿੰਘ ਨੇ ਰਾਜ ਸਭਾ ਵਿੱਚ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ।

ਵਿਦੇਸ਼ ਮੰਤਰਾਲੇ ਨੂੰ ਪੁੱਛਿਆ ਗਿਆ ਸੀ ਕਿ ਕੀ ਉਹ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ’ਤੇ ਜ਼ੁਲਮਾਂ ਦੇ ਅੰਕੜੇ ਰੱਖਦਾ ਹੈ ਅਤੇ ਵਿਦੇਸ਼ ਮੰਤਰਾਲੇ ਵੱਲੋਂ ਦੁਨੀਆਂ ਭਰ ਵਿੱਚ ਸਿੱਖਾਂ ਦੀ ਸੁਰੱਖਿਆ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ ਕੀ ਹੈ?

ਇਸ ’ਤੇ ਮੰਤਰੀ ਨੇ ਕਿਹਾ, “ਭਾਰਤ ਸਰਕਾਰ ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ ਵਿੱਚ ਸਿੱਖ ਭਾਈਚਾਰੇ ਦੇ ਮੈਂਬਰਾਂ ’ਤੇ ਅਤਿਆਚਾਰਾਂ ਦੀਆਂ ਰਿਪੋਰਟਾਂ ’ਤੇ ਨਿਯਮਤ ਤੌਰ’ ਤੇ ਨਜ਼ਰ ਰੱਖਦੀ ਹੈ। ਪਾਕਿਸਤਾਨ ਵਿੱਚ ਸਿੱਖ ਭਾਈਚਾਰੇ ਸਮੇਤ ਘੱਟ ਗਿਣਤੀ ਭਾਈਚਾਰਿਆਂ ਵਿਰੁੱਧ ਅੱਤਿਆਚਾਰਾਂ ਵਿੱਚ ਪਰੇਸ਼ਾਨੀ, ਧਮਕਾਉਣਾ, ਜਬਰੀ ਵਿਆਹ, ਜਬਰੀ ਧਰਮ ਪਰਿਵਰਤਨ, ਉਨ੍ਹਾਂ ਦੇ ਧਾਰਮਿਕ ਸਥਾਨਾਂ ਦੀ ਭੰਨ-ਤੋੜ ਆਦਿ ਸ਼ਾਮਲ ਹਨ। ਕੂਟਨੀਤਕ ਮਾਧਿਅਮਾਂ ਰਾਹੀਂ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਘੱਟ ਗਿਣਤੀ ਭਾਈਚਾਰਿਆਂ ਸਮੇਤ ਆਪਣੇ ਨਾਗਰਿਕਾਂ ਪ੍ਰਤੀ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਵੇ ਅਤੇ ਫਿਰਕੂ ਹਿੰਸਾ, ਅਤਿਅੰਤ ਪੱਖਪਾਤ ਅਤੇ ਧਾਰਮਿਕ ਅਸਹਿਣਸ਼ੀਲਤਾ ਨੂੰ ਖਤਮ ਕਰੇ।’’ ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ 2021 ਤੋਂ ਸੁਰੱਖਿਆ ਹਾਲਾਤ ਵਿੱਚ ‘ਤੇਜ਼ੀ ਨਾਲ ਆਈ ਗਿਰਾਵਟ’ ਦੇ ਮੱਦੇਨਜ਼ਰ ‘ਅਪਰੇਸ਼ਨ ਦੇਵੀ ਸ਼ਕਤੀ’ ਤਹਿਤ ਮੁਲਕ ਵਿਚੋਂ ‘ਘੱਟਗਿਣਤੀ ਭਾਈਚਾਰਿਆਂ ਦੇ 74 ਮੈਂਬਰਾਂ ਨੂੰ ਹਵਾਈ ਫ਼ੌਜ ਤੇ ਏਅਰ ਇੰਡੀਆ ਦੀਆਂ ਉਡਾਣਾਂ ਸੁਰੱਖਿਅਤ ਕੱਢ ਕੇ ਲਿਆਂਦਾ ਗਿਆ’, ਜਿਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਉਨ੍ਹਾਂ ਨੇ ਕਿਹਾ ਕਿ ਭਾਰਤ, ਵਿਦੇਸ਼ਾਂ ਵਿੱਚ ਆਪਣੇ ਸਫ਼ਾਰਤੀ ਮਿਸ਼ਨਾਂ ਅਤੇ ਪੋਸਟਾਂ ਰਾਹੀਂ, ਸਿੱਖ ਭਾਈਚਾਰੇ ਸਮੇਤ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ, ਸਲਾਮਤੀ ਅਤੇ ਭਲਾਈ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਮੇਜ਼ਬਾਨ ਸਰਕਾਰਾਂ ਨਾਲ ਸੰਪਰਕ ਵਿੱਚ ਰਹਿੰਦਾ ਹੈ।

## ਹਰਿਆਣਾ ਵੀ ਕੈਂਸਰ ਦੀ ਮਾਰ ਹੇਠ, ਕੈਂਸਰ ਦੇ 60,000 ਕੇਸ ਮਿਲੇ

### ਫ਼ਤਿਹਾਬਾਦ, ਸਿਰਸਾ ਅਤੇ ਹਿਸਾਰ ਵਰਗੇ ਜ਼ਿਲ੍ਹੇ ਵੱਧ ਪ੍ਰਭਾਵਿਤ



ਹਰਿਆਣਾ ਵਿੱਚ 2023-24 ਦੌਰਾਨ ਮਿਲੇ ਕੈਂਸਰ ਦੇ 60,000 ਕੇਸ ਡੂੰਘੇ ਜਨਤਕ ਸਿਹਤ ਸੰਕਟ ਦੀ ਤਸਵੀਰ ਪੇਸ਼ ਕਰਦੇ ਹਨ, ਜਿਸ ’ਤੇ ਫ਼ੌਰੀ ਧਿਆਨ ਦੇਣ ਦੀ ਲੋੜ ਹੈ। ਤਾਜ਼ਾ ਰਿਪੋਰਟਾਂ ਦੱਸਦੀਆਂ ਹਨ ਕਿ ਫ਼ਤਿਹਾਬਾਦ, ਸਿਰਸਾ ਅਤੇ ਹਿਸਾਰ ਵਰਗੇ ਜ਼ਿਲ੍ਹੇ ਜ਼ਿਆਦਾ ਪ੍ਰਭਾਵਿਤ ਹਨ ਜਿੱਥੇ ਕੇਸਾਂ ਵਿੱਚ ਵਾਧਾ ਦੇਖਿਆ ਗਿਆ ਹੈ। ਦਿਹਾਤੀ ਇਲਾਕਿਆਂ ’ਤੇ ਬਿਮਾਰੀ ਦੀ ਮਾਰ ਵੱਧ ਹੈ। ਸੂਬੇ ਦੇ ਕੈਂਸਰ ਰਜਿਸਟਰੀ ਅੰਕੜੇ ਪ੍ਰੇਸ਼ਾਨ ਕਰਨ ਵਾਲੇ ਹਨ ਜਿਨ੍ਹਾਂ ’ਚ ਇੱਕ ਰੁਝਾਨ ਪ੍ਰਤੱਖ ਤੌਰ ’ਤੇ ਉੱਭਰਿਆ ਹੈ- ਕੀਟਨਾਸ਼ਕਾਂ ਦੀ ਲੋੜੋਂ ਵੱਧ ਵਰਤੋਂ, ਸਨਅਤੀ ਪ੍ਰਦੂਸ਼ਣ ਤੇ ਮਾੜੀਆਂ ਸਿਹਤ ਸਹੂਲਤਾਂ ਨੂੰ ਮਾਹਿਰ ਕੈਂਸਰ ਦੇ ਵਾਧੇ ਨਾਲ ਜੋੜ ਰਹੇ ਹਨ। (ਬਾਕੀ ਸ.ਫਾ 30 ’ਤੇ)

## ਸਿੱਖ ਧਰਮ ਤੇ ਸਿੱਖਾਂ ਦੀ ਦੁਨੀਆਂ ਵਿੱਚ ਵੱਖਰੀ ਪਹਿਚਾਣ : ਤਰਲੋਚਨ ਸਿੰਘ



ਚੰਡੀਗੜ੍ਹ/ਏ.ਟੀ.ਨਿਊਜ਼: ਸਾਬਕਾ ਰਾਜ ਸਭਾ ਮੈਂਬਰ ਸ੍ਰ. ਤਰਲੋਚਨ ਸਿੰਘ ਨੇ ਕਿਹਾ ਹੈ ਕਿ ਸਿੱਖ ਧਰਮ ਤੇ ਸਿੱਖਾਂ ਦੀ ਦੁਨੀਆਂ ਵਿੱਚ ਵੱਖਰੀ ਪਹਿਚਾਣ ਹੈ। ਸਿੱਖ ਧਰਮ ਵਿੱਚ ਜਥੇਦਾਰ ਦਾ ਬਹੁਤ ਵੱਡਾ ਅਹੁਦਾ ਹੈ ਜਿਸ ਨੂੰ ਸਾਰੀ ਦੁਨੀਆਂ ਜਾਣਦੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ 2 ਦਸੰਬਰ 2024 ਨੂੰ ਹੁਕਮਨਾਮਾ ਕਢਿਆ ਗਿਆ, ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਵੱਡੇ ਵੱਡੇ ਰਾਜਨੀਤਕ ਆਗੂਆਂ ਨੇ ਆਪਣੇ ਗੁਨਾਹ ਕਬੂਲ ਕੀਤੇ ਤੇ ਦੁਨੀਆਂ ਦੇਖਦੀ ਰਹਿ ਗਈ। ਇਹ ਅਜਿਹੀ ਅਦਾਲਤ ਹੈ, ਜਿਸ ਦੇ ਫ਼ੈਸਲੇ ਨੇ ਸਿੱਖ ਧਰਮ ਨੂੰ ਅਸਮਾਨ ’ਤੇ ਚੜ੍ਹਾ ਦਿਤਾ। ਇਸ ਫ਼ੈਸਲੇ ਦੀਆਂ ਖ਼ਬਰਾਂ ਦੁਨੀਆਂ ਭਰ ਦੀ ਮੀਡੀਆ ਨੇ ਛਾਪੀਆਂ।

ਸ੍ਰੀ ਅਕਾਲ ਤਖ਼ਤ ਸਿੱਖਾਂ ਦਾ ਹੈ ਪਰ ਸਾਡੀ ਗ਼ਲਤਫ਼ਹਿਮੀ ਇਹ ਹੋ ਗਈ ਕਿ ਇਹ ਸਿਰਫ਼ ਅਕਾਲੀਆਂ ਦਾ ਹੈ। ਸਿੱਖਾਂ ’ਚੋਂ ਅਕਾਲੀ ਤਾਂ ਸਿਰਫ਼ 10 ਫ਼ੀਸਦੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਲੀਡਰਸ਼ਿਪ ਹੈ। ਇੰਨੀ ਉਚਾਈ ’ਤੇ ਜਾ ਕੇ ਇਸ ਨੂੰ ਹੇਠਾਂ ਕਿਸ ਨੇ ਸੁੱਟਿਆ, ਅਸੀਂ ਆਪ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਛੋਟੇ ਤੋ ਛੋਟੇ ਅਹੁਦੇ ’ਤੇ ਕੰਮ ਕਰ ਰਹੇ ਅਧਿਕਾਰੀ ਜਾਂ ਕਰਮਚਾਰੀ ਨੂੰ ਕੱਢਣ ਤੋਂ ਪਹਿਲਾਂ ਨੋਟਿਸ ਦਿਤਾ ਜਾਂਦਾ ਹੈ ਤਾਂ ਇਹ ਤਾਂ ਜਥੇਦਾਰ ਸੀ।

ਇਨ੍ਹਾਂ ਨੇ ਜਥੇਦਾਰਾਂ ਨੂੰ ਇੱਕ ਮਿੰਟ ਵਿੱਚ ਕੱਢ ਦਿੱਤਾ, ਨਾ ਨੋਟਿਸ, ਨਾ ਸੁਣਵਾਈ ਬਸ ਅਹੁਦੇ ਤੋਂ ਹਟਾ ਦਿੱਤਾ। ਇਨ੍ਹਾਂ ਦਾ ਅਸਤੀਫ਼ਾ ਹੀ ਲੈ ਲੈਂਦੇ। ਫਿਰ ਇਸ ਐਸ.ਜੀ.ਪੀ.ਸੀ. ਨੇ ਦਿਖਾਵਾ ਕੀਤਾ ਤੇ ਇਨ੍ਹਾਂ ਤੋਂ ਅਸਤੀਫ਼ੇ ਲਏ ਗਏ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇੱਕ ਚਿੱਠੀ ਲਿਖੀ ਹੈ ਜਿਸ ਵਿਚ ਕੁੱਝ ਵਿਚਾਰ ਲਿਖੇ ਗਏ ਹਨ, ਜਿਵੇਂ ਜਥੇਦਾਰ ਦੀ ਉਮਰ ਕਿੰਨੀ ਹੋਣੀ ਚਾਹੀਦੀ ਹੈ ? ਉਹ ਕਿਨਾ ਪੜ੍ਹਿਆ ਹੋਣਾ ਚਾਹੀਦਾ ਹੈ ? ਉਸ ਦਾ ਤਜਰਬਾ ਤੇ ਕਰੈਕਟਰ ਆਦਿ ਕਿਹੋ ਜਿਹਾ ਹੈ ? ਇਹ ਸਭ ਕਰਨ ਲਈ ਇਕ ਕਮੇਟੀ ਬਣਾਉਣੀ ਚਾਹੀਦੀ ਹੈ। ਜਿਸ ਦੇ ਮੈਂਬਰ ਅਜਿਹੇ ਹੋਣ ਜੋ ਨਿਰਪੱਖ ਚੋਣ ਕਰਨ। ਜਥੇਦਾਰ ਦੇ ਅਹੁਦੇ ਲਈ ਅਜਿਹਾ ਵਿਅਕਤੀ ਹੋਣਾ ਚਾਹੀਦਾ ਹੈ ਜਿਸ ਨੇ ਸਿੱਖ ਧਰਮ ਲਈ 20 ਤੋਂ 25 ਸਾਲ ਕੁੱਝ ਕੀਤਾ ਹੋਵੇ।


# ਅਣਦੇਖੀ ਘਟਨਾ: ਡਾ. ਸਤਿੰਦਰ ਸਰਤਾਜ ਦਾ ਰਹੱਸ





ਇਤਿਹਾਸ ਵਿੱਚ ਅਜਿਹੇ ਪਲ ਆਉਂਦੇ ਹਨ ਜਦੋਂ ਦੁਨੀਆਂ ਅਣਜਾਣੇ ਵਿੱਚ ਇੱਕ ਘਟਨਾ ਦੀ ਮੌਜੂਦਗੀ ਦਾ ਗਵਾਹ ਬਣਦੀ ਹੈ - ਕੁਦਰਤ ਦੀ ਇੱਕ ਦੁਰਲੱਭ ਸ਼ਕਤੀ, ਜੋ ਜ਼ਿੰਦਗੀਆਂ ਨੂੰ ਛੂਹਦੀ ਹੈ, ਦ੍ਰਿਸ਼ਟੀਕੋਣ ਬਦਲਦੀ ਹੈ ਅਤੇ ਇੱਕ ਅਜਿਹੀ ਛਾਪ ਛੱਡਦੀ ਹੈ ਜੋ ਸਮੇਂ ਦੇ ਨਾਲ ਗੂੰਜਦੀ ਹੈ। ਪੰਜਾਬ, ਜੋ ਆਪਣੇ ਅਮੀਰ ਸੱਭਿਆਚਾਰਕ ਤਾਣੇ-ਬਾਣੇ ਲਈ ਜਾਣਿਆ ਜਾਂਦਾ ਹੈ, ਅਜਿਹੀ ਹੀ ਇੱਕ ਘਟਨਾ ਦੇ ਕੇਂਦਰ ਵਿੱਚ ਹੈ। ਫਿਰ ਵੀ, ਇਸ ਜੋਸ਼ੀਲੀ ਮਿੱਟੀ ਵਾਲੀ ਹਵਾ ਵਿੱਚ ਸਾਹ ਲੈਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਅਹਿਸਾਸ ਨਾ ਹੋਵੇ ਕਿ ਉਨ੍ਹਾਂ ਦੇ ਆਲੇ-ਦੁਆਲੇ ਕੀ ਹੈ ? ਉਹ ਇੱਕ ਅਜਿਹੇ ਕਲਾਕਾਰ ਨਾਲ ਰਹਿੰਦੇ ਹਨ ਜੋ ਆਮ ਤੋਂ ਪਰੇ ਹੈ, ਜੋ ਕਲਾ, ਸਾਹਿਤ ਅਤੇ ਵਿਚਾਰਾਂ ਦੇ ਰੂਪਾਂ ਨੂੰ ਮੁੜ ਆਕਾਰ ਦਿੰਦਾ ਹੈ। ਉਹ ਕਲਾਕਾਰ ਕੋਈ ਹੋਰ ਨਹੀਂ ਸਗੋਂ ਡਾ. ਸਤਿੰਦਰ ਸਰਤਾਜ ਹਨ। ਉਸਨੂੰ ਗਾਇਕ ਕਹਿਣਾ ਇੱਕ ਛੋਟੀ ਗੱਲ ਹੋਵੇਗੀ। ਉਸਨੂੰ ਕਵੀ ਕਹਿਣਾ ਉਸਦੇ ਸਾਰ ਨੂੰ ਹਾਸਲ ਕਰਨ ਵਿੱਚ ਅਸਫਲ ਹੋਵੇਗਾ ਅਤੇ ਉਸਨੂੰ ਦਾਰਸ਼ਨਿਕ ਕਹਿਣਾ ਇੱਕ ਅਧੂਰਾ ਵਰਣਨ ਹੋਵੇਗਾ। ਡਾ. ਸਰਤਾਜ ਇਹ ਸਭ ਕੁਝ ਹੈ ਅਤੇ ਹੋਰ ਵੀ ਬਹੁਤ ਕੁਝ। ਉਸਦੀ ਮੌਜੂਦਗੀ ਸਮਕਾਲੀ ਕਲਾ ਦੇ ਕੈਨਵਸ 'ਤੇ ਇੱਕ ਮਾਸਟਰਸਟ੍ਰੋਕ ਹੈ। ਹਰ ਪ੍ਰਦਰਸ਼ਨ, ਹਰ ਆਇਤ ਅਤੇ ਹਰ ਸੰਵਾਦ ਮਨੁੱਖੀ ਅਨੁਭਵ ਦੀ ਅਨੰਤ ਡੂੰਘਾਈ ਦਾ ਪ੍ਰਮਾਣ ਹੈ। ਫਿਰ ਵੀ, ਬਹੁਤ ਸਾਰੇ ਲੋਕ ਉਨ੍ਹਾਂ ਕੋਲੋਂ ਲੰਘਦੇ ਹਨ, ਉਨ੍ਹਾਂ ਦੀ ਮਹਾਨਤਾ ਤੋਂ ਅਣਜਾਣ। ਲਿਖਤੀ ਸ਼ਬਦ ਤੋਂ ਪਰੇ ਕਾਵਿਕ ਦਰਸ਼ਨ ਅਕਸਰ ਬੰਨ੍ਹੀਆਂ ਹੋਈਆਂ ਕਿਤਾਬਾਂ ਦੇ ਪੰਨਿਆਂ ਵਿੱਚ ਆਪਣਾ ਘਰ ਲੱਭਦਾ ਹੈ। ਪਰ ਡਾ. ਸਰਤਾਜ ਨੂੰ ਆਪਣੀ ਸੱਚਾਈ ਦੱਸਣ ਲਈ ਕਿਸੇ ਛਪੇ ਹੋਏ ਹੱਥ-ਲਿਖਤ ਦੀ ਲੋੜ ਨਹੀਂ ਹੈ। ਉਸਦੇ ਗੀਤ ਜੀਵਤ ਦਰਸ਼ਨ ਦੇ ਅਧਿਆਏ ਹਨ, ਉਸਦੇ ਅਲੰਕਾਰ ਹੋਂਦ ਦਾ ਸਾਰ ਹਨ। ਉਸਦਾ ਲਿਖਿਆ ਹਰ ਗੀਤ ਮਨੁੱਖੀ ਆਤਮਾ ਅਤੇ ਬ੍ਰਹਿਮੰਡ ਵਿਚਕਾਰ ਇੱਕ ਸੰਵਾਦ ਹੈ। ਆਪਣੇ ਸੰਗੀਤ ਰਾਹੀਂ, ਉਹ ਸਾਡੇ ਸਾਰਿਆਂ ਦੇ ਅੰਦਰ ਵੱਸਦੀਆਂ ਅਣਕਹੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਨ - 'ਹੋਣ ਦੀ ਖੁਸ਼ੀ, ਤਾਂਘ ਦਾ ਦਰਦ, ਆਤਮਾ ਦੀ ਲਚਕਤਾ'। ਉਸਦੇ ਗੀਤ ਸਿਰਫ਼ ਰਚਨਾਵਾਂ ਨਹੀਂ ਹਨ, ਇਹ ਜਿਉਂਦੇ ਅਨੁਭਵ ਹਨ, ਕਾਵਿਕ ਚਮਕ ਵਿੱਚ ਲਪੇਟੇ ਹੋਏ। ਉਸਦੇ ਦੁਆਰਾ ਗਾਏ ਗਏ ਹਰ ਸੁਰ ਵਿੱਚ ਹਜ਼ਾਰਾਂ ਹੰਝੂਆਂ ਅਤੇ ਹਜ਼ਾਰਾਂ ਚਮਕਦਾਰ ਮੁਸਕਰਾਹਟਾਂ ਦਾ ਭਾਰ ਹੈ। ਡਾ. ਸਰਤਾਜ ਨੂੰ ਪ੍ਰਦਰਸ਼ਨ ਕਰਦੇ ਦੇਖਣਾ ਕਲਾ ਅਤੇ ਬ੍ਰਹਮਤਾ ਦੇ ਸੰਗਮ ਨੂੰ ਦੇਖਣਾ ਹੁੰਦਾ ਹੈ। ਉਸਦਾ ਸਟੇਜ ਉਸਦੇ ਪੈਰਾਂ ਹੇਠ ਲੱਕੜ ਦੇ ਫੱਟਿਆਂ ਤੱਕ ਸੀਮਿਤ ਨਹੀਂ ਹੈ, ਇਹ ਉਸਦੇ ਦਰਸ਼ਕਾਂ ਦੇ ਦਿਲਾਂ ਤੱਕ ਫੈਲਿਆ ਹੋਇਆ ਹੈ। ਇੱਕ ਨਜ਼ਰ ਨਾਲ, ਉਹ ਧਿਆਨ ਖਿੱਚ ਲੈਂਦੇ ਹਨ। ਉਸਦੀਆਂ ਅਦਾਵਾਂ ਉਸ ਦੀਆਂ ਭਾਵਨਾਵਾਂ ਦਾ ਸੁਮੇਲ ਹਨ। ਉਸਦੀ ਮੌਜੂਦਗੀ ਸਿਰਫ਼ ਦਿਖਾਈ ਨਹੀਂ ਦਿੰਦੀ, ਇਹ ਮਹਿਸੂਸ ਹੁੰਦੀ ਹੈ, ਹਵਾ ਦੀ ਚੁੱਪ ਸਰਸਰਾਹਟ ਵਾਂਗ ਜੋ ਆਤਮਾ ਨੂੰ ਹਿਲਾ ਦਿੰਦੀ ਹੈ। ਉਨ੍ਹਾਂ ਦੀਆਂ ਅੱਖਾਂ ਕਹਾਣੀਆਂ ਸੁਣਾਉਂਦੀਆਂ ਹਨ—ਉਹ ਕਹਾਣੀਆਂ ਜਿਨ੍ਹਾਂ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਇੱਕ ਅਜਿਹੀ ਦੁਨੀਆਂ ਦੀ ਗੱਲ ਕਰਦੇ ਹਨ ਜੋ ਦੁਨਿਆਵੀਪਣ ਦੇ ਪਰਦੇ ਤੋਂ ਪਰੇ ਮੌਜੂਦ ਹੈ। ਇੱਕ ਅਜਿਹੀ ਦੁਨੀਆਂ ਜਿੱਥੇ ਸੁੰਦਰਤਾ ਅਤੇ ਦਰਦ ਆਪਸ ਵਿੱਚ ਜੁੜੇ ਹੋਏ ਹਨ, ਜਿੱਥੇ ਮਨੁੱਖੀ ਆਤਮਾ ਆਜ਼ਾਦ ਉੱਡਦੀ ਹੈ। ਬਿਨਾਂ ਕਿਤਾਬ ਦੇ ਇੱਕ ਦਾਰਸ਼ਨਿਕ ਕੁਝ ਦਾਰਸ਼ਨਿਕ ਗ੍ਰੰਥ ਲਿਖਦੇ ਹਨ, ਡਾ. ਸਰਤਾਜ ਆਪਣੀ ਜ਼ਿੰਦਗੀ ਜੀਉਂਦੇ ਹਨ। ਉਸਨੇ ਦਾਰਸ਼ਨਿਕ ਪ੍ਰਵਚਨਾਂ ਦਾ ਕੋਈ ਵੱਡਾ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਕੀਤਾ ਹੈ, ਫਿਰ ਵੀ ਉਸਦੇ ਵਿਚਾਰ ਉਸਦੀ ਕਲਾ ਦੇ ਤਾਣੇ-ਬਾਣੇ ਵਿੱਚ ਬੁਣੇ ਹੋਏ ਹਨ। ਉਸਦੇ ਇੰਟਰਵਿਊ ਸਿਰਫ਼ ਗੱਲਬਾਤ ਨਹੀਂ ਹਨ, ਇਹ ਹੋਂਦ ਦੀਆਂ ਡੂੰਘੀਆਂ ਖੋਜਾਂ ਹਨ। ਉਸਦਾ ਹਰ ਬਿਆਨ ਜੀਵਨ ਦੇ ਥੋੜ੍ਹਚਿਰੇ ਸੁਭਾਅ, ਇਸਦੇ ਗੁੰਝਲਦਾਰ ਵਿਰੋਧਾਭਾਸਾਂ ਅਤੇ ਇਸਦੀ ਨਿਰਵਿਵਾਦ ਸੁੰਦਰਤਾ ਦੀ ਡੂੰਘੀ ਸਮਝ ਨੂੰ ਪ੍ਰਗਟ ਕਰਦਾ ਹੈ। ਆਪਣੀਆਂ ਰਚਨਾਵਾਂ ਰਾਹੀਂ, ਉਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਜ਼ਿੰਦਗੀ ਸਿਰਫ਼ ਜਿਉਂਦੇ ਰਹਿਣਾ ਹੀ ਨਹੀਂ ਹੈ - ਇਹ ਹਰ ਪਲ ਨੂੰ ਜੀਣ, ਮਹਿਸੂਸ ਕਰਨ ਅਤੇ ਗਲੇ ਲਗਾਉਣ ਬਾਰੇ ਹੈ। ਉਹ ਬਿਨਾਂ ਜਵਾਬਾਂ ਦੀ ਮੰਗ ਕੀਤੇ ਸਵਾਲ ਪੁੱਛਦਾ ਹੈ ਅਤੇ ਸਾਨੂੰ ਅਰਥ ਦੀ ਖੋਜ ਵਿੱਚ ਆਪਣੇ ਨਾਲ ਜੁੜਨ ਲਈ ਸੱਦਾ ਦਿੰਦਾ ਹੈ। ਡਾ. ਸਤਿੰਦਰ ਸਰਤਾਜ ਨਾਲ ਸਹਿ-ਮੌਜੂਦ ਹੋਣਾ ਇਸ ਯੁੱਗ ਦਾ ਸੁਭਾਗ ਹੈ। ਫਿਰ ਵੀ, ਅਸੀਂ ਕਿੰਨੀ ਵਾਰ ਕਿਸੇ ਘਟਨਾ ਦੀ ਮਹਾਨਤਾ ਨੂੰ ਪਛਾਣਦੇ ਹਾਂ ਜਦੋਂ ਉਹ ਸਾਡੇ ਵਿਚਕਾਰ ਹੁੰਦੀ ਹੈ ? ਇਤਿਹਾਸ ਨੇ ਸਾਨੂੰ ਅਣਗਿਣਤ ਉਦਾਹਰਣਾਂ ਦਿਖਾਈਆਂ ਹਨ ਜਿੱਥੇ ਮਨ ਦੀ ਪ੍ਰਤਿਭਾ ਨੂੰ ਉਦੋਂ ਹੀ ਪਛਾਣਿਆ ਜਾਂਦਾ ਸੀ ਜਦੋਂ ਇਹ ਫਿੱਕਾ ਪੈ ਜਾਂਦਾ ਸੀ। ਕੀ ਸਾਨੂੰ ਸਮੇਂ ਦੇ ਇਸ ਅਧਿਆਇ ਨੂੰ ਪਛਤਾਵੇ ਵਿੱਚ ਲਿਖਣਾ ਚਾਹੀਦਾ ਹੈ ? ਪੰਜਾਬ ਦੇ ਲੋਕਾਂ ਅਤੇ ਸੱਚਮੁੱਚ ਦੁਨੀਆ ਨੂੰ ਰੁਕ ਕੇ ਇਸ 'ਤੇ ਧਿਆਨ ਦੇਣਾ ਚਾਹੀਦਾ ਹੈ। ਉਸਦੇ ਹਰ ਸ਼ਬਦ ਵਿੱਚ, ਉਸਦੇ ਗਾਏ ਹਰ ਗੀਤ ਵਿੱਚ, ਉਸਦੇ ਨਿਭਾਏ ਹਰ ਕਿਰਦਾਰ ਵਿੱਚ, ਸੂਝ-ਬੂਝ ਦਾ ਇੱਕ ਖਜ਼ਾਨਾ ਛੁਪਿਆ ਹੋਇਆ ਹੈ, ਜੋ ਖੋਜੇ ਜਾਣ ਦੀ ਉਡੀਕ ਵਿੱਚ ਹੈ। ਉਸਦੀ ਵਿਰਾਸਤ ਸਿਰਫ਼ ਪ੍ਰਸ਼ੰਸਾ ਲਈ ਨਹੀਂ ਹੈ - ਇਹ ਸਮਝ, ਪ੍ਰਤੀਬਿੰਬ ਅਤੇ ਵਿਕਾਸ ਲਈ ਹੈ। ਇਹ ਨਾ ਕਿਹਾ ਜਾਵੇ ਕਿ ਅਸੀਂ ਡਾ. ਸਤਿੰਦਰ ਸਰਤਾਜ ਦੀ ਪ੍ਰਤਿਭਾ ਦਾ ਜਸ਼ਨ ਮਨਾਉਣ ਦਾ ਮੌਕਾ ਗੁਆ ਦਿੱਤਾ। ਇਹ ਨਾ ਕਿਹਾ ਜਾਵੇ ਕਿ ਅਸੀਂ ਕਿਸੇ ਵੀ ਘਟਨਾ ਨੂੰ ਸਵੀਕਾਰ ਕੀਤੇ ਬਿਨਾਂ ਜਾਣ ਦਿੰਦੇ ਹਾਂ। ਉਸਦੀ ਹਾਜ਼ਰੀ ਦੇ ਤੋਹਫ਼ੇ ਨੂੰ ਅਪਣਾਓ। ਉਨ੍ਹਾਂ ਦਾ ਸੰਗੀਤ ਸਿਰਫ਼ ਕੰਨਾਂ ਨਾਲ ਨਹੀਂ, ਸਗੋਂ ਦਿਲ ਨਾਲ ਸੁਣੋ। ਉਨ੍ਹਾਂ ਦੇ ਪ੍ਰਦਰਸ਼ਨ ਨੂੰ ਸਿਰਫ਼ ਆਪਣੀਆਂ ਅੱਖਾਂ ਨਾਲ ਨਹੀਂ, ਸਗੋਂ ਆਪਣੀ ਆਤਮਾ ਨਾਲ ਦੇਖੋ। ਉਨ੍ਹਾਂ ਦੇ ਵਿਚਾਰਾਂ ਨੂੰ ਇੱਕ ਖੋਜੀ ਦੀ ਉਤਸੁਕਤਾ ਨਾਲ ਜੋੜੋ। ਅਜਿਹਾ ਕਰਨ ਨਾਲ ਤੁਸੀਂ ਸਮਝ ਜਾਓਗੇ ਕਿ ਜੀਣ ਦਾ ਅਸਲ ਅਰਥ ਕੀ ਹੈ ਅਤੇ ਸ਼ਾਇਦ ਤੁਸੀਂ ਵੀ ਉਸਦੀ ਸਿਆਣਪ ਦੀ ਗੂੰਜ ਨੂੰ ਅੱਗੇ ਵਧਾ ਸਕੋਗੇ, ਜੋ ਤੁਹਾਨੂੰ ਸਾਡੇ ਸਮੇਂ ਵਿੱਚ ਵਾਪਰੀਆਂ ਸਭ ਤੋਂ ਦੁਰਲੱਭ ਘਟਨਾਵਾਂ ਵਿੱਚੋਂ ਇੱਕ ਦੀ ਯਾਦ ਦਿਵਾਏਗੀ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਸਨੂੰ ਸਮਝੋ !

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital
DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਪੰਜਾਬ 'ਚ ਪਹਿਲਾਂ ਵਗਦੀਆਂ ਸਨ

# ਦੁੱਧ ਦੀਆਂ ਨਦੀਆਂ

## ਚਾਰੇ ਦੀਆਂ ਕੀਮਤਾਂ ਵਧਣ ਨਾਲ ਦੁੱਧ ਦੀ ਮਹਿੰਗਾਈ ਵਧੀ

## ਪੰਜਾਬ 'ਚ ਮੱਝਾਂ ਦੀ ਗਿਣਤੀ ਘਟੀ ਪਰ ਦੁੱਧ ਦੀ ਮੰਗ ਵਧੀ



ਪੰਜਾਬ ਦੀ ਪਛਾਣ ਦੁੱਧ ਤੇ ਦੇਸੀ ਘਿਓ ਨਾਲ ਹੈ। ਦੁੱਧ ਅਤੇ ਪੁੱਤ ਪੰਜਾਬ ਦੇ ਹਰ ਘਰ ਦੀ ਸ਼ਾਨ ਹੋਇਆ ਕਰਦੇ ਸਨ। ਉਸ ਸਮੇਂ ਦੁੱਧ ਵੇਚਣ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ ਅਤੇ ਘਰ ਆਏ ਮਹਿਮਾਣਾਂ ਦੀ ਆਓ ਭਗਤ ਵੀ ਦੁੱਧ ਤੇ ਲੱਸੀ ਨਾਲ ਕੀਤੀ ਜਾਂਦੀ ਸੀ। ਸਮਾਂ ਬਦਲਿਆ ਅਤੇ ਸਾਡਾ ਦੁੱਧ ਘਰਾਂ ਦੀਆਂ ਚਾਟੀਆਂ ਵਿਚੋਂ ਨਿਕਲ ਕੇ ਦੋਧੀਆਂ ਦੇ ਢੋਲਾਂ ਵਿੱਚ ਪੈਣ ਲੱਗਿਆ। ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘਟਦੀ ਗਈ ਤੇ ਦੁੱਧ ਦੀ ਮੰਗ ਵਧਦੀ ਗਈ। ਪੇਂਡੂ ਅਰਥਚਾਰੇ 'ਚ ਰੋਜ਼ੀ-ਰੋਟੀ ਦੇ ਵਸੀਲੇ ਵਜੋਂ ਪਸ਼ੂ ਪਾਲਣ ਦਾ ਧੰਦਾ ਅਹਿਮ ਭੂਮਿਕਾ ਨਿਭਾਉਂਦਾ ਹੈ। ਪੰਜਾਬ 'ਚ ਮੱਝਾਂ ਦੇ ਦੁੱਧ ਦਾ ਵਪਾਰਕ ਕੰਮ ਜ਼ਿਆਦਾ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਗਊਆਂ ਅਤੇ ਬੱਕਰੀਆਂ ਨੂੰ ਵੀ ਦੁਧਾਰੂ ਪਸ਼ੂਆਂ ਵਜੋਂ ਪਾਲਿਆ ਜਾਂਦਾ ਹੈ ਅਤੇ ਮੱਝਾਂ ਦੇ ਦੁੱਧ ਵਾਂਗੂੰ ਹੀ ਗਊਆਂ ਅਤੇ ਬੱਕਰੀਆਂ ਦਾ ਦੁੱਧ ਵੀ ਵੇਚਿਆ ਜਾਂਦਾ ਹੈ। ਹੁਣ ਪਿੰਡਾਂ ਦੇ ਲੋਕਾਂ ਵਿੱਚ ਪਸ਼ੂ ਪਾਲਣ ਤੋਂ ਮੋਹ ਭੰਗ ਹੋ ਰਿਹਾ ਹੈ, ਜਿਸ ਕਰਕੇ ਦੁੱਧ ਦੀ ਪੈਦਾਵਾਰ ਘੱਟ ਹੋ ਰਹੀ ਹੈ, ਪਰ ਇਸ ਦੇ ਬਾਵਜੂਦ ਪੰਜਾਬ ਵਿੱਚ ਭਾਰੀ ਮਾਤਰਾ ਵਿੱਚ ਵਿਕ ਰਿਹਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਕਈ ਸਵਾਲ ਖੜੇ ਕਰਦੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਇਸ ਕਿੱਤੇ ਅਤੇ ਮਾਮਲੇ ਵਿੱਚ ਕੋਈ ਘਾਲਾ ਮਾਲਾ ਹੋ ਰਿਹਾ ਹੈ। ਇਸੇ ਕਾਰਨ ਹੀ ਪੰਜਾਬ ਵਿੱਚ ਕਈ ਥਾਂਵਾਂ 'ਤੇ ਨਕਲੀ ਦੁੱਧ, ਨਕਲੀ ਦੁੱਧ ਤੋਂ ਬਣੇ ਪਦਾਰਥ ਅਤੇ ਮਿਲਾਵਟੀ ਦੁੱਧ ਦੇ ਮਾਮਲੇ ਪਿਛਲੇ ਸਮੇਂ ਦੌਰਾਨ ਉਭਰ ਕੇ ਸਾਹਮਣੇ ਆਏ ਹਨ। ਪਿਛਲੇ 15 ਮਹੀਨਿਆਂ 'ਚ ਦੁੱਧ ਦੀ ਕੀਮਤ 'ਚ ਕਾਫ਼ੀ ਵਾਧਾ ਹੋਇਆ ਹੈ। ਮਾਹਿਰਾਂ ਦੀ ਮੰਨੀਏ ਤਾਂ ਇਹ ਵਾਧਾ ਭਵਿੱਖ ਵਿੱਚ ਵੀ ਜਾਰੀ ਰਹਿ ਸਕਦਾ ਹੈ। ਵਿੱਤੀ ਸਾਲ 2022-23 ਵਿੱਚ ਭਾਰਤ ਵਿੱਚ ਦੁੱਧ ਉਤਪਾਦਨ ਵਿੱਚ ਕੋਈ ਵਾਧਾ ਨਹੀਂ ਹੋਇਆ। ਉਸ ਸਮੇਂ ਪਸ਼ੂਆਂ ਵਿੱਚ ਲੰਪੀ ਬਿਮਾਰੀ ਕਾਰਨ ਦੁੱਧ ਦਾ ਉਤਪਾਦਨ ਪ੍ਰਭਾਵਿਤ ਹੋਇਆ ਜਦੋਂ ਕਿ ਇਸ ਦੌਰਾਨ ਮੰਗ ਵਿੱਚ 8 ਤੋਂ 10 ਫੀਸਦੀ ਦਾ ਵਾਧਾ ਹੋਇਆ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2021-22 'ਚ ਦੇਸ਼ 'ਚ ਦੁੱਧ ਦਾ ਉਤਪਾਦਨ 6.25 ਫੀਸਦੀ ਵਧ ਕੇ 221 ਮਿਲੀਅਨ ਟਨ ਹੋ ਗਿਆ।

(ਬਾਕੀ ਸਫ਼ਾ 30 'ਤੇ)



**ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਕਿਸੇ ਸਮੇਂ ਦੁੱਧ ਦੀਆਂ ਨਦੀਆਂ ਵੀ ਵਗਦੀਆਂ ਸਨ। ਹਰ ਪਾਸੇ ਹੀ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਭਰਮਾਰ ਹੁੰਦੀ ਸੀ ਪਰ ਸਮਾਂ ਬੀਤਣ ਨਾਲ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘੱਟਦੀ ਗਈ, ਪਿਛਲੇ ਤਿੰਨ ਦਹਾਕਿਆਂ 'ਚ ਮੱਝਾਂ ਦੀ ਗਿਣਤੀ 'ਚ ਕਰੀਬ 25 ਲੱਖ ਦੀ ਕਮੀ ਆ ਗਈ ਹੈ, ਜਦੋਂਕਿ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਪਹਿਲਾਂ ਵਾਂਗ ਹੀ ਭਾਰੀ ਗਿਣਤੀ ਵਿੱਚ ਵਿਕ ਰਹੇ ਹਨ। ਜਿਸ ਕਾਰਨ ਦੁੱਧ ਦੀ ਪੈਦਾਵਾਰ, ਦੁੱਧ ਦੇ ਨਕਲੀ ਤੇ ਮਿਲਾਵਟੀ ਹੋਣ ਸਬੰਧੀ ਵੀ ਸਵਾਲ ਉਠਾਏ ਜਾ ਰਹੇ ਹਨ।**

## ਦੁਨੀਆਂ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਭਾਰਤ

ਭਾਰਤ 2021-22 ਵਿੱਚ 221 ਮਿਲੀਅਨ ਟਨ ਦੇ ਅਨੁਮਾਨਿਤ ਉਤਪਾਦਨ ਦੇ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਦੁੱਧ ਉਤਪਾਦਕ ਬਣ ਗਿਆ ਸੀ ਪਰ ਇਸ ਤੋਂ ਬਾਅਦ ਵੀ ਦੁੱਧ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਇਸ ਪਿੱਛੇ ਕੀ ਕਾਰਨ ਹੈ ? ਰੂਸ -ਯੂਕ੍ਰੇਨ ਜੰਗ ਕਾਰਨ ਪੈਦਾ ਹੋਈ ਵਿਸ਼ਵ-ਵਿਆਪੀ ਅਨਾਜ ਦੀ ਘਾਟ ਕਾਰਨ ਭਾਰਤ ਤੋਂ ਟੁੱਟੇ ਹੋਏ ਚੌਲਾਂ ਅਤੇ ਕਣਕ ਦੀ ਰਹਿੰਦ-ਖੂੰਹਦ ਦੀ ਬਹੁਤ ਜ਼ਿਆਦਾ ਬਰਾਮਦ ਹੋਈ, ਜਿਸ ਨਾਲ ਚਾਰੇ ਦੀ ਕਮੀ ਹੋ ਗਈ। ਇਸ ਨਾਲ ਮੱਕੀ ਦੇ ਭਾਅ ਵਧ ਗਏ ਹਨ। ਕੁੱਲ ਮਿਲਾ ਕੇ, 2021 ਤੋਂ ਚਾਰੇ ਦੀਆਂ ਕੀਮਤਾਂ ਵਿੱਚ ਲਗਭਗ 21% ਦਾ ਵਾਧਾ ਹੋਇਆ ਹੈ।

## ਪੰਜਾਬ 'ਚ ਪੰਛੀਆਂ ਵਾਂਗੂੰ ਪਸ਼ੂਆਂ ਦੀ ਗਿਣਤੀ ਵੀ ਘਟੀ



ਪੰਜਾਬ ਵਿੱਚੋਂ ਘਰੇਲੂ ਚਿੜੀਆਂ ਸਮੇਤ ਕਈ ਕਿਸਮਾਂ ਦੇ ਪੰਛੀ ਅਲੋਪ ਹੋ ਚੁੱਕੇ ਹਨ, ਉਸੇ ਤਰ੍ਹਾਂ ਹੁਣ ਪੰਜਾਬ 'ਚ ਪਸ਼ੂਆਂ ਦੀ ਗਿਣਤੀ ਵੀ ਘਟਣੀ ਸ਼ੁਰੂ ਹੋ ਗਈ ਹੈ। ਕਰੀਬ ਤਿੰਨ ਦਹਾਕਿਆਂ 'ਚ ਮੱਝਾਂ ਦੀ ਗਿਣਤੀ 'ਚ ਕਰੀਬ 25 ਲੱਖ ਦੀ ਕਮੀ ਆ ਗਈ ਹੈ। ਪਸ਼ੂ ਪਾਲਣ ਵਿਭਾਗ ਦੀ 21ਵੀਂ ਪਸ਼ੂ-ਧਨ ਗਣਨਾ ਦੇ ਮੁੱਢਲੇ ਤੱਥ ਸਮੁੱਚੇ ਪਸ਼ੂ-ਧਨ 'ਚ 5.78 ਲੱਖ ਦੀ ਗਿਰਾਵਟ ਦਰਜ ਕੀਤੇ ਜਾਣ ਦੀ ਗਵਾਹੀ ਭਰਦੇ ਹਨ। ਮੁੱਢਲੀ ਰਿਪੋਰਟ ਅਨੁਸਾਰ ਪੰਜਾਬ 'ਚ ਕੁੱਲ ਪਸ਼ੂ ਧਨ 68.03 ਲੱਖ ਰਹਿ ਗਿਆ ਹੈ ਜੋ ਸਾਲ 2019 ਵਿੱਚ 73.81 ਲੱਖ ਸੀ। ਕੇਂਦਰੀ ਪਸ਼ੂ ਪਾਲਣ ਮੰਤਰਾਲੇ ਵੱਲੋਂ ਹਰ ਪੰਜ ਸਾਲ ਬਾਅਦ ਪਸ਼ੂਆਂ ਦੀ ਗਿਣਤੀ ਕਰਵਾਈ ਜਾਂਦੀ ਹੈ। ਪੰਜਾਬ ਵਿੱਚ ਪਸ਼ੂਆਂ ਦੀ ਗਿਣਤੀ ਦਾ ਕੰਮ ਨਵੰਬਰ 2024 ਤੋਂ ਸ਼ੁਰੂ ਹੋਇਆ ਸੀ ਜੋ ਹੁਣ ਅੰਤਿਮ ਪੜਾਅ 'ਤੇ ਹੈ। ਕੇਂਦਰ ਸਰਕਾਰ ਨੇ 15 ਅਪ੍ਰੈਲ ਤੱਕ ਇਹ ਗਿਣਤੀ ਮੁਕੰਮਲ ਕਰਨ ਵਾਸਤੇ ਕਿਹਾ ਹੈ।

ਪੰਜਾਬ ਵਿੱਚ ਇਸ ਵੇਲੇ 34.93 ਲੱਖ ਮੱਝਾਂ ਰਹਿ ਗਈਆਂ ਹਨ ਜਦੋਂ ਕਿ ਸਾਲ 2019 ਵਿੱਚ 40.15 ਲੱਖ ਮੱਝਾਂ ਸਨ। ਮੱਝਾਂ ਦੀ ਹਰ ਸਾਲ ਔਸਤਨ ਇੱਕ ਲੱਖ ਗਿਣਤੀ ਘਟ ਰਹੀ ਹੈ। ਮੁੱਢਲੇ ਅੰਕੜੇ ਅਨੁਸਾਰ ਸਾਲ 1992 ਵਿੱਚ ਪੰਜਾਬ 'ਚ 60.08 ਲੱਖ ਮੱਝਾਂ ਸਨ। ਸਾਲ 1997 ਵਿੱਚ ਉਨ੍ਹਾਂ ਦੀ ਗਿਣਤੀ ਥੋੜ੍ਹੀ ਵਧ ਕੇ 61.71 ਹੋ ਗਈ ਸੀ। ਉਸ ਮਗਰੋਂ ਸਾਲ 2003 ਵਿੱਚ ਸੂਬੇ ਵਿੱਚ 59.94 ਲੱਖ ਮੱਝਾਂ ਅਤੇ ਸਾਲ 2007 ਵਿੱਚ 50.01 ਲੱਖ ਮੱਝਾਂ ਰਹਿ ਗਈਆਂ ਸਨ।

ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਦਾ ਕਹਿਣਾ ਹੈ ਕਿ ਸੂਬੇ 'ਚ ਦੁੱਧ ਦੀ ਪੈਦਾਵਾਰ 'ਚ ਕੋਈ ਕਮੀ ਨਹੀਂ ਆਈ ਹੈ ਕਿਉਂਕਿ ਪਸ਼ੂ ਪਾਲਕ ਹੁਣ ਵੱਧ ਦੁੱਧ ਦੇਣ ਵਾਲੀ ਨਸਲ ਦੇ ਪਸ਼ੂ ਪਾਲਣ ਲੱਗੇ ਹਨ। ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਪਸ਼ੂ-ਧਨ ਗਣਨਾ ਦੀ ਅੰਤਿਮ ਰਿਪੋਰਟ ਮਗਰੋਂ ਸਥਿਤੀ ਬਿਲਕੁਲ ਸਾਫ਼ ਹੋ ਜਾਵੇਗੀ।

### ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ ਦੀ ਰਿਪੋਰਟ ਵਿੱਚ ਖ਼ੁਲਾਸਾ

## ਪੰਜਾਬ 'ਚ ਦੁੱਧ ਤੇ ਹੋਰ ਪਦਾਰਥਾਂ ਵਿੱਚ ਮਿਲਾਵਟ 7 ਫ਼ੀਸਦੀ ਵਧੀ

### 2024-25 ਦੌਰਾਨ ਭੋਜਨ ਦੇ 22 ਫ਼ੀਸਦੀ ਨਮੂਨੇ ਹੋਏ ਫ਼ੇਲ੍ਹ

ਪੰਜਾਬ ਵਿੱਚ ਪਿਛਲੇ ਇੱਕ ਸਾਲ ਦੌਰਾਨ ਦੁੱਧ, ਦੁੱਧ ਤੋਂ ਬਣੇ ਪਦਾਰਥਾਂ, ਮਠਿਆਈਆਂ, ਤੇਲ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਵਿੱਚ ਮਿਲਾਵਟ 7 ਫ਼ੀਸਦੀ ਵਧੀ ਹੈ। ਦੁੱਧ ਦੀ ਮਾਤਰਾ ਤੇ ਮਿਆਦ ਵਧਾਉਣ ਲਈ ਬੇਈਮਾਨ ਅਨਸਰ ਇਸ 'ਚ ਡਿਟਰਜੈਂਟ, ਯੂਰੀਆ, ਸਟਾਰਚ, ਗਲੂਕੋਜ਼ ਤੇ ਫੋਰਮਾਲਿਨ ਮਿਲਾਉਂਦੇ ਹਨ। 2024-25 ਵਿੱਚ ਪੰਜਾਬ ਵਿੱਚ 22 ਫ਼ੀਸਦੀ ਭੋਜਨ ਦੇ ਨਮੂਨੇ ਫ਼ੇਲ੍ਹ ਪਾਏ ਗਏ ਜਦਕਿ 2023-24 ਵਿੱਚ 15 ਫ਼ੀਸਦੀ ਨਮੂਨੇ ਫ਼ੇਲ੍ਹ ਹੋਏ ਸਨ । ਖਾਣ-ਪੀਣ ਦੀਆਂ ਵਸਤਾਂ ਵਿੱਚ ਖ਼ਤਰਨਾਕ ਮਿਲਾਵਟ ਕੈਂਸਰ, ਜਿਗਰ ਤੇ ਗੁਰਦੇ ਨਾਲ ਸਬੰਧਿਤ ਬਿਮਾਰੀਆਂ ਤੋਂ ਇਲਾਵਾ ਦਸਤ, ਐਲਰਜੀ, ਮਤਲੀ ਤੇ ਸ਼ੂਗਰ ਨੂੰ ਜਨਮ ਦੇ ਰਹੀ ਹੈ। ਇਹ ਖ਼ੁਲਾਸਾ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ (ਐਫ਼.ਐਸ.ਏ.ਏ.ਆਈ.) ਦੀ ਰਿਪੋਰਟ ਵਿੱਚ ਹੋਇਆ ਹੈ। ਰਿਪੋਰਟ ਅਨੁਸਾਰ ਸਾਲ 2023-24 ਵਿੱਚ 6041 ਨਮੂਨੇ ਲਏ ਗਏ ਸਨ, ਜਿਨ੍ਹਾਂ 'ਚੋਂ 929 ਨਮੂਨੇ ਫ਼ੇਲ੍ਹ ਹੋਏ ਹਨ। ਇਹ ਕੁੱਲ ਨਮੂਨਿਆਂ ਦਾ 15.38 ਫ਼ੀਸਦੀ ਸੀ। ਇਸ ਕਾਰਨ ਇੱਕ ਯੂਨਿਟ ਦਾ ਲਾਇਸੈਂਸ ਵੀ ਰੱਦ ਕਰ ਦਿੱਤਾ ਗਿਆ। ਜੇਕਰ 2022-23 ਦੀ ਗੱਲ ਕਰੀਏ ਤਾਂ 8179 ਖਾਣ-ਪੀਣ ਦੀਆਂ ਵਸਤਾਂ ਦੇ ਨਮੂਨੇ ਲਏ ਗਏ ਸਨ, ਜਿਨ੍ਹਾਂ 'ਚੋਂ 1724 ਨਮੂਨੇ ਫੇਲ੍ਹ ਹੋਏ ਯਾਨੀ ਕਿ 21.08 ਫ਼ੀਸਦੀ ਸਨ ਜਦਕਿ 2021-22 ਵਿੱਚ ਲਏ ਗਏ 6768 ਭੋਜਨ ਦੇ ਨਮੂਨਿਆਂ 'ਚੋਂ



1059 ਨਮੂਨੇ ਨਿਰਧਾਰਤ ਮਾਪਦੰਡਾਂ 'ਤੇ ਖਰੇ ਨਹੀਂ ਉੱਤਰੇ। ਇਹ ਕੁੱਲ ਨਮੂਨਿਆਂ ਦਾ 15.65 ਫ਼ੀਸਦੀ ਸੀ। ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਰਾਜ ਮੰਤਰੀ ਪ੍ਰਤਾਪਰਾਓ ਜਾਧਵ ਨੇ ਲੋਕ ਸਭਾ 'ਚ ਇੱਕ ਸਵਾਲ ਦੇ ਜਵਾਬ 'ਚ ਇਹ ਰਿਪੋਰਟ ਪੇਸ਼ ਕੀਤੀ ਹੈ। ਜੇਕਰ ਪਿਛਲੇ 4 ਸਾਲਾਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਮਿਲਾਵਟ ਵਧ ਰਹੀ ਹੈ, ਪਰ ਵਿਭਾਗ ਵੱਲੋਂ ਸੈਂਪਲਿੰਗ ਵੀ ਘਟ ਰਹੀ ਹੈ, ਜਿਸ ਤੋਂ ਸਾਫ਼ ਹੈ ਕਿ ਜੇਕਰ ਪਿਛਲੇ ਕੁਝ ਸਾਲਾਂ 'ਚ ਹੋਰ ਨਮੂਨੇ ਲਏ ਗਏ ਹੁੰਦੇ ਤਾਂ ਮਿਲਾਵਟ ਦੇ ਕੁਝ ਹੋਰ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਆ ਸਕਦੇ ਸਨ। ਮਿਲਾਵਟੀ ਭੋਜਨਾਂ 'ਚ ਮੌਜੂਦ ਰਸਾਇਣ ਜਿਵੇਂ ਸੀਸਾ ਤੇ ਆਰਸੈਨਿਕ ਕੈਂਸਰ ਦਾ ਕਾਰਨ ਬਣ ਸਕਦੇ ਹਨ। ਇਸੇ ਤਰ੍ਹਾਂ ਇਹ ਰਸਾਇਣ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਨ੍ਹਾਂ ਦੇ ਸੇਵਨ ਨਾਲ ਦਿਲ ਤੇ ਹੋਰ ਅੰਗਾਂ ਉਪਰ ਮਾੜਾ ਪ੍ਰਭਾਵ ਪੈ ਸਕਦਾ ਹੈ।

(ਬਾਕੀ ਸਫ਼ਾ 30 'ਤੇ)

ਦਰਪਣ ਝੂਠ ਨਹੀਂ ਬੋਲਦਾ

# ਸੱਤਾ ਦੇ ਸੁਪਨੇ ਕਿਵੇਂ ਦੇਖੇਗੀ ਫੁੱਟ ਦੀ ਸ਼ਿਕਾਰ ਪੰਜਾਬ ਕਾਂਗਰਸ ?

## ਵੜਿੰਗ ਤੇ ਰਾਣਾ ਗੁਰਜੀਤ ਸਿੰਘ ਵਿੱਚ ਚੱਲ ਰਹੀ ਹੈ ਹਉਮੈਂ ਦੀ ਜੰਗ

## ਧੜੇਬੰਦੀ ਖ਼ਤਮ ਕੀਤੇ ਬਿਨਾਂ ਕਾਂਗਰਸ ਦੀ ਜਿੱਤ ਦਾ ਰਾਹ ਸੌਖਾ ਨਹੀਂ: ਵੜਿੰਗ

ਪੰਜਾਬ ਕਾਂਗਰਸ 'ਜੁੜੇਗਾ ਬਲਾਕ, ਜਿੱਤੇਗਾ ਪੰਜਾਬ' ਮੁਹਿੰਮ ਚਲਾ ਰਹੀ ਹੈ। ਪਾਰਟੀ ਬਲਾਕ ਪੱਧਰ ਦੇ ਵਰਕਰਾਂ ਨੂੰ ਸਰਗਰਮ ਕਰਨ ਅਤੇ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਸੀਨੀਅਰ ਕਾਂਗਰਸੀ ਆਗੂਆਂ ਵਿੱਚ ਏਕਤਾ ਨਜ਼ਰ ਨਹੀਂ ਆ ਰਹੀ। ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਵਿਚਕਾਰ ਹਉਮੈਂ ਦੀ ਲੜਾਈ ਸ਼ੁਰੂ ਹੋ ਗਈ ਹੈ ਜਦੋਂ ਕਿ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਜਿਨ੍ਹਾਂ ਨੂੰ ਲੁਧਿਆਣਾ ਪੱਛਮੀ ਤੋਂ ਪਾਰਟੀ ਉਮੀਦਵਾਰ ਐਲਾਨਿਆ ਗਿਆ ਹੈ, ਦਾ ਰਾਜਾ ਵੜਿੰਗ ਨਾਲ ਪੁਰਾਣਾ ਟਕਰਾਅ ਚੱਲ ਰਿਹਾ ਹੈ। ਪਿਛਲੇ ਦਿਨਾਂ ਦੀ ਘਟਨਾ ਨੇ ਕਾਂਗਰਸ ਵਿੱਚ ਏਕਤਾ ਦੇ ਯਤਨਾਂ ਨੂੰ ਬੇਨਕਾਬ ਕਰ ਦਿੱਤਾ। ਜਦੋਂ ਕਾਂਗਰਸ ਨੇ ਸੁਲਤਾਨਪੁਰ ਲੋਧੀ ਵਿੱਚ ਬਦਲਾਅ ਰੈਲੀ ਕੀਤੀ ਸੀ। ਕਾਂਗਰਸ ਦੀ ਰੈਲੀ ਦੇ ਸਮਾਨਾਂਤਰ,



ਸੁਲਤਾਨਪੁਰ ਲੋਧੀ ਦੇ ਆਜ਼ਾਦ ਵਿਧਾਇਕ ਅਤੇ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਨੇ ਵੀ ਰੈਲੀ ਕੀਤੀ ਜਦੋਂ ਕਿ ਰੈਲੀ ਤੋਂ ਬਾਅਦ ਰਾਜਾ ਵੜਿੰਗ ਆਸ਼ੂ ਨੂੰ ਮਿਲਣ ਲਈ ਲੁਧਿਆਣਾ ਸਥਿਤ ਉਨ੍ਹਾਂ ਦੇ ਘਰ ਪੁੱਜੇ। ਆਸ਼ੂ ਘਰ ਨਹੀਂ ਸੀ ਅਤੇ ਇੰਤਜ਼ਾਰ ਕਰਨ ਤੋਂ ਬਾਅਦ ਰਾਜਾ ਵੜਿੰਗ ਨੂੰ ਖਾਲੀ ਹੱਥ ਵਾਪਸ ਪਰਤਣਾ ਪਿਆ ਸੀ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਾਂਗਰਸ ਦੀ ਏਕਤਾ ਟੁੱਟੀ ਹੋਵੇ। ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ 'ਠੇਕੇਦਾਰ' ਕਿਹਾ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਨੇ ਇਸ ਮੁੱਦੇ 'ਤੇ ਬਾਜਵਾ ਨੂੰ ਘੇਰ ਲਿਆ। ਉਸ ਸਮੇਂ ਬਾਜਵਾ ਇਕੱਲੇ ਰਹਿ ਗਏ ਸਨ। ਕਾਂਗਰਸੀ ਵਿਧਾਇਕਾਂ ਨੇ ਇੱਕ ਸਮੇਂ ਬਾਜਵਾ ਦੇ ਬਿਆਨ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਸੀ। ਹਾਲਾਂਕਿ ਪਾਰਟੀ ਨੇ ਬਾਅਦ ਵਿੱਚ ਦੋ ਵਾਰ ਵਾਕਆਊਟ ਕਰਕੇ ਏਕਤਾ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਪਰ ਕੋਈ ਵੀ ਵਿਧਾਇਕ 'ਠੇਕੇਦਾਰ' ਦੇ ਦੋਸ਼ 'ਤੇ ਬਾਜਵਾ ਦੇ ਨਾਲ ਖੜ੍ਹਾ ਨਹੀਂ ਦੇਖਿਆ ਗਿਆ।

ਮਹੱਤਵਪੂਰਨ ਗੱਲ ਇਹ ਹੈ ਕਿ ਸੀਨੀਅਰ ਕਾਂਗਰਸੀ ਆਗੂ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਕੋਈ ਸਬਕ ਨਹੀਂ ਸਿੱਖ ਰਹੇ ਜਾਪਦੇ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਤਤਕਾਲੀ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਕਾਰ ਅੰਦਰੂਨੀ ਲੜਾਈ ਕਾਰਨ ਪਾਰਟੀ ਸਿਰਫ਼ 18 ਵਿਧਾਨ ਸਭਾ ਸੀਟਾਂ ਤੱਕ ਸਿਮਟ ਗਈ ਸੀ। ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਵੀ ਆਪਣੀਆਂ ਸੀਟਾਂ ਨਹੀਂ ਬਚਾਅ ਸਕੇ। ਦੋ ਹਲਕਿਆਂ ਤੋਂ ਚੋਣ ਲੜਨ ਵਾਲੇ ਚੰਨੀ ਨੂੰ ਦੋਵਾਂ ਸੀਟਾਂ 'ਤੇ ਹੀ ਹਾਰ ਦਾ ਸਾਹਮਣਾ ਕਰਨਾ ਪਿਆ। ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ ਕਿਹਾ, 'ਗੱਲ ਵਰਕਰਾਂ ਨੂੰ ਜੋੜਨ ਦੀ ਹੈ, ਵਰਕਰ ਤਾਂ ਜੁੜ ਜਾਵੇਗਾ, ਜੋੜਨਾ ਤਾਂ ਸਾਨੂੰ ਆਪਣੇ ਨੇਤਾਵਾਂ ਨੂੰ ਹੈ। ਨੇਤਾਵਾਂ ਦੀ ਖਿੱਚੋਤਾਣ ਦੇ ਕਾਰਨ ਹੀ ਅੰਮ੍ਰਿਤਸਰ ਅਤੇ

(ਬਾਕੀ ਸਫ਼ਾ 31 'ਤੇ)

# ਰਾਜਪਾਲ ਦੀ ਨਸ਼ਿਆਂ ਵਿਰੁੱਧ ਪੰਜਾਬ 'ਚ ਪੈਦਲ ਯਾਤਰਾ 'ਆਪ' ਸਰਕਾਰ ਵਿਰੁੱਧ ਚੁਣੌਤੀ

## 'ਆਪ' ਸਰਕਾਰ ਨਸ਼ਿਆਂ ਨੂੰ ਨਹੀਂ ਕਰ ਸਕੀ ਕੰਟਰੋਲ, ਨਾ ਵੱਡੇ ਮੱਗਰਮੱਛ ਫੜ ਸਕੀ

## ਪੰਜਾਬ ਪੁਲਿਸ ਨੇ 337 ਛਾਪਿਆਂ ਮਗਰੋਂ 54 ਨਸ਼ਾ ਤਸਕਰ ਕੀਤੇ ਗ੍ਰਿਫ਼ਤਾਰ, 5169 ਹੋਈ ਗ੍ਰਿਫ਼ਤਾਰ ਕੀਤੇ ਤਸਕਰਾਂ ਦੀ ਗਿਣਤੀ

ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਸੂਬਿਆਂ ਵਿੱਚ ਸਰਕਾਰਾਂ ਨਾਲ ਟਕਰਾਅ ਕਾਰਨ ਰਾਜ ਭਵਨ ਸੱਤਾ ਦੇ ਨਵੇਂ ਕੇਂਦਰਾਂ ਵਜੋਂ ਉੱਭਰੇ ਹਨ। ਉਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਜਗਦੀਪ ਧਨਖੜ ਤੇ ਉਨ੍ਹਾਂ ਤੋਂ ਬਾਅਦ ਆਰਿਫ ਮੁਹੰਮਦ ਖ਼ਾਨ, ਆਰ.ਐਨ. ਰਵੀ ਆਦਿ ਨੇ ਕਈ ਮੁੱਦਿਆਂ 'ਤੇ ਸੂਬਾ ਸਰਕਾਰਾਂ ਨਾਲ ਟਕਰਾਅ ਬਣਾਇਆ ਤੇ ਕਈ ਮਾਮਲੇ ਸੁਪਰੀਮ ਕੋਰਟ ਤੱਕ ਵੀ ਪਹੁੰਚੇ। ਹੁਣ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਇੱਕ ਨਵੀਂ ਮਿਸਾਲ ਕਾਇਮ ਕਰਦਿਆਂ 3 ਅਪ੍ਰੈਲ ਤੋਂ 6 ਦਿਨਾਂ ਦੀ ਪੈਦਲ ਯਾਤਰਾ (ਮਾਰਚ) 'ਤੇ ਨਿਕਲੇ ਸਨ। ਉਨ੍ਹਾਂ ਦਾ ਇਹ ਮਾਰਚ ਪੰਜਾਬ ਦੇ ਨੌਜਵਾਨਾਂ ਵਿੱਚ ਵਧ ਰਹੇ ਨਸ਼ਿਆਂ ਦੀ ਲਤ ਅਤੇ ਇਸ ਦੇ ਵਪਾਰ ਵਿਰੁੱਧ ਸੀ।

ਇਥੇ ਜ਼ਿਕਰਯੋਗ ਹੈ ਕਿ ਨਸ਼ਿਆਂ ਵਿਰੁੱਧ ਜੰਗ ਦੇ 37ਵੇਂ ਦਿਨ ਪੰਜਾਬ ਪੁਲਿਸ ਨੇ ਪਿਛਲੇ ਦਿਨੀਂ 337 ਥਾਵਾਂ 'ਤੇ ਛਾਪੇਮਾਰੀ ਕੀਤੀ, ਰਾਜ ਭਰ ਵਿੱਚ 37 ਮਾਮਲੇ ਦਰਜ ਕਰਨ ਤੋਂ ਬਾਅਦ 54 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਨਾਲ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 5169 ਹੋ ਚੁਕੀ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 411 ਗ੍ਰਾਮ ਹੈਰੋਇਨ, 1617 ਨਸ਼ੀਲੀਆਂ ਗੋਲੀਆਂ ਅਤੇ 34,400 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਸੀ। ਇਹ ਮੁਹਿੰਮ ਰਾਜ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਈ ਗਈ ਸੀ। ਜ਼ਿਕਰਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ 'ਤੇ ਚਿੰਤਾਵਾਂ ਪ੍ਰਗਟਾਈਆਂ ਜਾ ਰਹੀਆਂ ਹਨ।



ਜਿਸ ਸਮੇਂ ਸੂਬੇ 'ਚ ਅਕਾਲੀ ਦਲ ਤੇ ਭਾਜਪਾ ਦੀ ਗੱਠਜੋੜ ਸਰਕਾਰ ਸੀ, ਉਸ ਸਮੇਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਪੰਜਾਬ ਦੇ 70 ਫ਼ੀਸਦੀ ਨੌਜਵਾਨ ਨਸ਼ੇ ਦੇ ਸ਼ਿਕਾਰ ਹੋ ਚੁੱਕੇ ਹਨ। ਉਦੋਂ ਅਕਾਲੀ ਦਲ ਤੇ ਭਾਜਪਾ ਦੋਹਾਂ ਨੇ ਰਾਹੁਲ ਗਾਂਧੀ 'ਤੇ ਸੂਬੇ ਨੂੰ ਬਦਨਾਮ ਕਰਨ ਦਾ ਦੋਸ਼ ਲਗਾਏ ਸਨ। ਪਰ ਰਾਹੁਲ ਨੇ ਜੋ ਕਿਹਾ ਉਹ ਪੰਜਾਬ ਦਾ ਸੱਚ ਸੀ।

ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਸ਼ੇ ਦੇ ਕਾਰੋਬਾਰ ਨੂੰ ਖਤਮ ਕਰਨ ਦੀ ਸਹੁੰ ਖਾਧੀ ਸੀ, ਪਰ ਨਸ਼ੇ ਦਾ ਖ਼ਤਰਾ ਅਜੇ ਵੀ ਫੈਲ ਰਿਹਾ ਹੈ। ਪੰਜਾਬ ਦੇ ਸੀਨੀਅਰ ਕਾਂਗਰਸ ਨੇਤਾ ਦਾ ਕਹਿਣਾ ਹੈ ਕਿ ਭਗਵੰਤ ਸਰਕਾਰ ਵੱਡੇ ਸਮਗਲਰਾਂ ਨੂੰ ਹੱਥ ਨਹੀਂ ਪਾ ਰਹੀ। ਨਾ ਹੀ ਉਨ੍ਹਾਂ ਉਪਰ ਬੁਲਡੋਜਰੀ ਕਾਰਵਾਈ ਹੋ ਰਹੀ ਹੈ। ਇਹ ਤਾਂ ਸਿਰਫ ਡਰਾਮਾ ਹੈ।ਪਰ ਰਾਜਪਾਲ ਦੀ ਪੈਦਲ ਯਾਤਰਾ ਇੱਕ ਰਾਜਨੀਤਕ ਚਾਲ ਹੈ, ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰੇਗੀ। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਨਸ਼ੇ ਤੋਂ ਆਜ਼ਾਦੀ ਦੇ ਨਾਂਅ 'ਤੇ ਗਰਮ ਖਿਆਲੀ ਭਾਈ ਅੰਮ੍ਰਿਤਪਾਲ ਸਿੰਘ ਨੇ 'ਵਾਰਿਸ ਪੰਜਾਬ ਦੇ' ਸੰਗਠਨ ਨੂੰ ਅੱਗੇ ਵਧਾਇਆ ਹੈ ਤੇ ਹੁਣ ਇੱਕ ਰਾਜਨੀਤਕ ਪਾਰਟੀ ਵੀ ਬਣਾਈ ਹੈ। ਪੰਜਾਬ ਵਿੱਚ ਨਸ਼ੇ ਕੰਟਰੋਲ ਨਹੀਂ ਹੋ ਰਹੇ ਪਰ ਨਸ਼ਿਆਂ ਦੇ ਨਾਮ ਸਿਆਸਤ ਚਲ ਰਹੀ ਹੈ। ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਪੁਲਿਸ ਵੱਲੋਂ ਜੇ.ਸੀ.ਬੀ. ਮਸ਼ੀਨਾਂ ਨਾਲ ਨਸ਼ਾ ਤਸਕਰੀ ਦੇ ਕਥਿਤ ਦੋਸ਼ੀਆਂ ਦੇ ਘਰ ਢਾਹੇ ਜਾਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਦਰਸਾਉਂਦੀ ਹੈ ਕਿ ਪੰਜਾਬ ਦਾ ਫ਼ੌਜਦਾਰੀ ਨਿਆਂ ਪ੍ਰਬੰਧ ਨਕਾਰਾ ਹੋ ਗਿਆ ਅਤੇ ਇਨਸਾਫ਼ ਮੁਹੱਈਆ ਕਰਾਉਣ ਤੋਂ ਅਸਮੱਰਥ ਹੋ ਗਿਆ ਹੈ। ਰੋਜ਼ ਨਸ਼ਿਆਂ ਦੀ ਬਰਾਮਦਗੀ ਅਤੇ ਨਸ਼ਾ ਤਸਕਰਾਂ ਦੀਆਂ ਗ੍ਰਿਫ਼ਤਾਰੀਆਂ ਦੇ ਵਧ ਚੜ੍ਹ ਕੇ ਅੰਕੜੇ ਦਿੱਤੇ ਜਾ ਰਹੇ ਹਨ ਪਰ ਪੰਜਾਬ ਦੇ ਨੌਜਵਾਨ ਨਸ਼ਿਆਂ ਨਾਲ ਮਰ ਰਹੇ ਹਨ।

# ਪ੍ਰਯਾਗਰਾਜ ਦੀ ਦਰਗਾਹ 'ਤੇ ਭਗਵਾਂ ਝੰਡਾ ਲਹਿਰਾਇਆ

ਬੀਤੇ ਦਿਨੀਂ ਪ੍ਰਯਾਗਰਾਜ ਅਲਾਹਾਬਾਦ ਯੂ.ਪੀ. ਵਿੱਚ ਰਾਮ ਨੌਮੀ ਦੇ ਜਲੂਸ ਨੂੰ ਲੈ ਕੇ ਹਫੜਾ-ਦਫੜੀ ਮਚ ਗਈ ਜਦੋਂ ਕੁਝ ਭਗਵੇਂਵਾਦੀਆਂ ਨੇ ਸਲਾਰ ਮਸੂਦ ਗਾਜ਼ੀ ਦੀ ਦਰਗਾਹ ਦੀ ਛੱਤ 'ਤੇ ਭਗਵੇਂ ਝੰਡੇ ਲਹਿਰਾਏ ਅਤੇ ਰਾਮ ਨੌਮੀ ਦੇ ਮੌਕੇ 'ਤੇ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਏ। ਇਹ ਘਟਨਾ ਸ਼ਹਿਰ ਤੋਂ ਕੁਝ ਦੂਰੀ 'ਤੇ ਬਹਾਦੁਰਗੰਜ ਇਲਾਕੇ ਵਿੱਚ ਵਾਪਰੀ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਤਣਾਅ ਫੈਲ ਗਿਆ ਅਤੇ ਪੁਲਿਸ ਨੇ ਸਥਿਤੀ ਨੂੰ ਕਾਬੂ ਕਰਨ ਲਈ ਤੁਰੰਤ ਕਾਰਵਾਈ ਕੀਤੀ। ਇਸ ਘਟਨਾ ਨੇ ਇੱਕ ਵਾਰ ਫਿਰ ਧਾਰਮਿਕ ਸੰਵੇਦਨਸ਼ੀਲਤਾ, ਸਮਾਜਿਕ ਸਦਭਾਵਨਾ ਅਤੇ ਕਾਨੂੰਨ ਵਿਵਸਥਾ ਦੇ ਸਵਾਲਾਂ ਨੂੰ ਖੜੇ ਕੀਤਾ ਹੈ ਕਿ ਇਹ ਫਿਰਕੂ ਗੁੰਡਾਗਰਦੀ ਕਦੋਂ ਕੰਟਰੋਲ ਹੋਵੇਗੀ।

ਪ੍ਰਯਾਗਰਾਜ ਵਿੱਚ ਵਾਪਰੀ ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਦਰਗਾਹ ਦੀ ਕਬਰ ਦੀ ਛੱਤ 'ਤੇ ਕਈ ਫਿਰਕੂ ਭਗਵੇਂ ਝੰਡੇ ਲੈ ਕੇ ਖੜ੍ਹੇ ਹਨ ਅਤੇ ਉਹ 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਉਂਦੇ ਹੋਏ ਝੰਡੇ ਲਹਿਰਾ ਰਹੇ ਹਨ। ਵੀਡੀਓ ਵਿੱਚ ਦਰਗਾਹ ਦੇ ਨੇੜੇ ਇੱਕ ਵੱਡੀ ਭੀੜ ਵੀ ਦੇਖੀ ਜਾ ਸਕਦੀ ਹੈ।

ਮੀਡੀਆ ਰਿਪੋਰਟ ਅਨੁਸਾਰ ਮਹਾਰਾਜ ਸੁਹੇਲ ਦੇਵ ਸਨਮਾਨ ਸੁਰੱਖਿਆ ਮੰਚ ਦੇ ਵਰਕਰ ਬਾਹਰੀਆ ਥਾਣਾ ਖੇਤਰ ਦੇ ਸਿਕੰਦਰਾ ਸਥਿਤ ਗਾਜ਼ੀ ਮੀਆਂ ਦੀ ਦਰਗਾਹ 'ਤੇ ਚੜ੍ਹ ਗਏ। ਬਹੁਤ ਸਾਰੇ ਵਰਕਰ ਦਰਗਾਹ ਦੇ ਉੱਪਰ ਹੱਥਾਂ ਵਿੱਚ ਭਗਵੇਂ ਝੰਡੇ ਲੈ ਕੇ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੂੰ ਲਹਿਰਾਉਂਦੇ ਹੋਏ ਜੈ ਸ਼੍ਰੀ ਰਾਮ ਦੇ ਨਾਅਰੇ ਲਗਾਉਣ ਲੱਗੇ। ਉਨ੍ਹਾਂ ਨੇ

## 'ਜੈ ਸ਼੍ਰੀ ਰਾਮ' ਦੇ ਨਾਅਰੇ ਲਗਾਏ ਗਏ



ਗਾਜ਼ੀ ਮੀਆਂ ਦੀ ਦਰਗਾਹ ਨੂੰ ਹਟਾਉਣ ਦੀ ਮੰਗ ਕੀਤੀ। ਐਨ.ਬੀ.ਟੀ. ਦੀ ਰਿਪੋਰਟ ਦੇ ਅਨੁਸਾਰ, ਮਨੇਂਦਰ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ 20 ਤੋਂ ਵੱਧ ਲੋਕ ਪਿਛਲੇ ਦਿਨੀਂ ਸ਼ਾਮ 4 ਵਜੇ ਦੇ ਕਰੀਬ ਦਰਗਾਹ ਪਹੁੰਚੇ। ਇਹ ਲੋਕ ਦਰਗਾਹ ਦੀ ਛੱਤ 'ਤੇ ਚੜ੍ਹ ਗਏ ਅਤੇ ਭਗਵੇਂ ਝੰਡੇ ਲਹਿਰਾਏ ਅਤੇ 'ਜੈ ਸ਼੍ਰੀ ਰਾਮ' ਸਮੇਤ ਨਾਅਰੇ ਲਗਾਏ। ਕੁਝ ਲੋਕਾਂ ਨੇ ਦਾਅਵਾ ਕੀਤਾ ਕਿ ਇਹ ਸਥਾਨ ਇਤਿਹਾਸਕ ਤੌਰ 'ਤੇ ਦਰਗਾਹ ਨਹੀਂ ਸੀ ਸਗੋਂ ਇੱਕ ਮੰਦਰ ਦਾ ਹਿੱਸਾ ਸੀ। ਇਸ ਦੌਰਾਨ ਉੱਥੇ ਮੌਜੂਦ ਲੋਕਾਂ ਨੇ ਇਸਦਾ ਵਿਰੋਧ ਕੀਤਾ, ਜਿਸ ਤੋਂ ਬਾਅਦ ਹੰਗਾਮਾ ਸ਼ੁਰੂ ਹੋ ਗਿਆ। ਸਲਾਰ ਮਸੂਦ ਗਾਜ਼ੀ ਦੀ ਦਰਗਾਹ 11ਵੀਂ ਸਦੀ ਦੇ ਸੂਫ਼ੀ ਸੰਤ ਅਤੇ ਯੋਧਾ ਸਲਾਰ ਮਸੂਦ ਨਾਲ ਜੁੜੀ ਇੱਕ ਇਤਿਹਾਸਕ ਜਗ੍ਹਾ ਹੈ। ਇਹ ਸਥਾਨ ਮੁਸਲਿਮ ਭਾਈਚਾਰੇ ਲਈ ਆਸਥਾ ਦਾ ਕੇਂਦਰ ਹੈ, ਪਰ ਕੁਝ ਹਿੰਦੂ ਸੰਗਠਨ ਇਸ ਬਾਰੇ ਵਿਵਾਦਪੂਰਨ ਦਾਅਵੇ ਕਰਦੇ ਰਹੇ ਹਨ। ਮਹਾਰਾਜ ਸੁਹੇਲਦੇਵ ਸਨਮਾਨ ਸੁਰੱਖਿਆ ਮੰਚ, ਜਿਸ ਦੇ ਵਰਕਰਾਂ ਨੇ ਹੰਗਾਮਾ ਕੀਤਾ ਸੀ, ਦਾ ਨਾਮ ਮਹਾਰਾਜ ਸੁਹੇਲਦੇਵ ਦੇ ਨਾਮ 'ਤੇ ਰੱਖਿਆ ਗਿਆ ਹੈ, ਜੋ ਕਿ ਇੱਕ ਇਤਿਹਾਸਕ ਸ਼ਾਸਕ ਹੈ ਅਤੇ ਸਲਾਰ ਮਸੂਦ ਵਿਰੁੱਧ ਲੜਾਈ ਨਾਲ ਜੁੜਿਆ ਹੋਇਆ ਹੈ। ਇਹ ਘਟਨਾ ਇਸ ਇਤਿਹਾਸਕ ਕਹਾਣੀ ਤੋਂ ਪ੍ਰੇਰਿਤ ਮੰਨੀ ਜਾਂਦੀ ਹੈ, ਜਿਸਨੂੰ ਕੁਝ ਸੰਗਠਨ ਆਪਣੇ ਏਜੰਡੇ ਲਈ ਵਰਤਦੇ ਹਨ।

ਐਨ.ਬੀ.ਟੀ. ਦੀ ਰਿਪੋਰਟ ਦੇ ਅਨੁਸਾਰ, ਮਹਾਰਾਜਾ ਸੁਹੇਲਦੇਵ ਸਨਮਾਨ ਸੁਰੱਖਿਆ ਮੰਚ ਦਾ ਇੱਕ ਪੱਤਰ ਵੀ ਸਾਹਮਣੇ ਆਇਆ ਹੈ, ਜੋ ਕਿ ਜ਼ਿਲ੍ਹਾ ਮੈਜਿਸਟਰੇਟ ਅਤੇ ਪੁਲਿਸ ਕਮਿਸ਼ਨਰ ਨੂੰ ਸੌਂਪਿਆ ਗਿਆ ਹੈ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਸਿਕੰਦਰਾ ਵਿੱਚ ਸਥਿਤ ਗਾਜ਼ੀ ਮੀਆਂ ਦਾ ਮਕਬਰਾ ਗੈਰ-ਕਾਨੂੰਨੀ ਢੰਗ ਨਾਲ ਬਣਾਇਆ ਗਿਆ ਹੈ। ਗਾਜ਼ੀ ਕਦੇ ਸਿਕੰਦਰਾ ਨਹੀਂ ਆਇਆ। ਵਕਫ਼ ਬੋਰਡ ਨੇ ਜ਼ਮੀਨ 'ਤੇ ਕਬਜ਼ਾ ਕਰਨ ਦੇ ਇਰਾਦੇ ਨਾਲ ਇੱਕ ਮਕਬਰਾ ਬਣਾਇਆ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਹਿਲਾਂ ਇੱਥੇ ਸ਼ਿਵਕੰਦਰਾ ਵਾਲੇ ਮਹਾਦੇਵ ਅਤੇ ਸਤੀ ਵੱਡੇ ਪੁਰਖ ਦਾ ਮੰਦਰ ਸੀ।

(ਬਾਕੀ ਸਫ਼ਾ 31 'ਤੇ)

## ਪਾਖੰਡੀ ਬਾਬਿਆਂ ਦੇ ਕਾਲੇ ਕਾਰਨਾਮਿਆਂ ਬਾਰੇ ਰਿਪੋਰਟ ਪੇਸ਼

# ਬਲਾਤਕਾਰੀਆਂ ਦੀ ਸੂਚੀ ਵਿੱਚ ਬਜਿੰਦਰ, ਆਸਾ ਰਾਮ, ਰਾਮਪਾਲ ਤੇ ਜਲੇਬੀ ਬਾਬਾ ਦੇ ਨਾਂਅ ਵੀ ਸ਼ਾਮਲ



ਹਵਸ, ਬੇਸ਼ਰਮੀ, ਚੋਰੀ, ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਅਜਿਹੇ ਸ਼ਬਦ ਹਨ, ਜਿਨ੍ਹਾਂ ਨਾਲ ਕਿਸੇ ਸਾਧ-ਸੰਤ-ਬਾਬੇ-ਸੰਨਿਆਸੀ ਦਾ ਕੋਈ ਲੈਣਾ-ਦੇਣਾ ਨਹੀਂ ਹੋ ਸਕਦਾ, ਪਰ ਪਿਛਲੇ ਕੁਝ ਸਮਿਆਂ ਤੋਂ ਅਜਿਹੇ ਪਾਖੰਡੀ ਬਾਬੇ ਬੇਨਕਾਬ ਹੋਏ ਹਨ, ਜੋ ਹਵਸ-ਅਯਾਸ਼ੀ ’ਚ ਇੰਨੇ ਡੁੱਬੇ ਹੋਏ ਸਨ ਕਿ ਉਨ੍ਹਾਂ ਦੀਆਂ ਕਰਤੂਤਾਂ ਦੇਖ ਭਰੋਸੇ ਦੀ ਡੋਰ ਟੁੱਟ ਗਈ। ਬੀਤੇ ਦਿਨੀਂ ਬਲਾਤਕਾਰੀ ਬਜਿੰਦਰ ਨੂੰ ਤਾ-ਉਮਰ ਕੈਦ ਦੀ ਸਜ਼ਾ ਸੁਣਾਈ ਗਈ। 7 ਸਾਲ ਪਹਿਲਾਂ ਉਸ ਨੇ ਜ਼ੀਰਕਪੁਰ ਦੀ ਇੱਕ ਔਰਤ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਉਸ ਦੀ ਅਸ਼ਲੀਲ ਵੀਡੀਓ ਬਣਾ ਕੇ ਬਲੈਕਮੇਲ ਵੀ ਕੀਤਾ ਗਿਆ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਅਜਿਹੇ ਪਾਖੰਡੀ ਬਾਬਿਆਂ ਦੀ ਲੰਬੀ ਚੌੜੀ ਲਿਸਟ ਹੈ।

**ਸੌਦਾ ਸਾਧ**

ਪਹਿਲਾ ਨਾਂਅ ਆਉਂਦਾ ਹੈ ਬਲਾਤਕਾਰੀ ਸੌਦਾ ਸਾਧ ਗੁਰਮੀਤ ਰਾਮ ਰਹੀਮ ਦਾ... ਜੋ ਸਾਧਵੀਆਂ ਦੇ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ 2017 ਤੋਂ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ । ਦੱਸ ਦੇਈਏ ਕਿ 2017 ਦੇ ਵਿੱਚ ਪੰਚਕੂਲਾ ਦੀ ਸੀ.ਬੀ.ਆਈ. ਅਦਾਲਤ ਵੱਲੋਂ ਸੌਦਾ ਸਾਧ ਨੂੰ ਸਾਧਵੀਆਂ ਦੇ ਜਿਨਸੀ ਸੋਸ਼ਣ ਮਾਮਲੇ ਵਿੱਚ 20-20 ਸਾਲ ਦੀਆਂ 2 ਟਰਮਾ ਦੀ ਸਜ਼ਾ ਸੁਣਾ ਕੇ ਸੁਨਾਰੀਆ ਜੇਲ੍ਹ ਭੇਜ ਦਿੱਤਾ ਸੀ, ਜਦਕਿ ਸੌਦਾ ਸਾਧ ਦੇ ਉਪਰ ਪੱਤਰਕਾਰ ਛਤਰਪਤੀ ਦੇ ਕਤਲ ਦਾ ਮਾਮਲਾ ਅਜੇ ਜਾਰੀ ਹੈ । ਜ਼ਿਕਰਯੋਗ ਹੈ ਕਿ 2017 ਦੇ ਵਿੱਚ ਸੌਦਾ ਸਾਧ ਨੂੰ ਸਜ਼ਾ ਸੁਣਾਏ ਜਾਣ ਉਪਰੰਤ ਬਲਾਤਕਾਰੀ ਸਾਧ ਦੇ ਸਮਰਥਕਾਂ ਵੱਲੋਂ ਹਿੰਸਾ ਭੜਕਾਈ ਗਈ, ਜਿਸ ਦੇ ਵਿੱਚ ਤਕਰੀਬਨ 40 ਲੋਕਾਂ ਦੀ ਜਾਨ ਚਲੀ ਗਈ ਸੀ । ਖੈਰ 2017 ਤੋਂ ਲੈ ਕੇ ਹੁਣ ਤੱਕ ਬਲਾਤਕਾਰੀ ਸੌਦਾ ਸਾਧ ਸੁਨਾਰੀਆ ਜੇਲ੍ਹ ਵਿੱਚ ਬੰਦ ਹੈ, ਪਰ ਇਸ ਦੇ ਬਾਵਜੂਦ ਕਈ ਵਾਰ ਪੈਰੋਲ ’ਤੇ ਬਾਹਰ ਆ ਚੁੱਕਿਆ ਹੈ।

**ਆਸਾਰਾਮ**

ਬਲਾਤਕਾਰੀਆਂ ਦੀ ਸੂਚੀ ’ਚ ਦੂਜਾ ਨਾਂਅ ਆਸਾਰਾਮ ਦਾ ਆਉਂਦਾ ਹੈ... ਨਾਬਾਲਗ ਨਾਲ ਬਲਾਤਕਾਰ ਦੇ ਮਾਮਲੇ ’ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਆਸਾਰਾਮ ਰਾਜਸਥਾਨ ਦੀ ਜੋਧਪੁਰ ਜੇਲ੍ਹ ’ਚ ਸਜ਼ਾ ਕੱਟ ਰਿਹਾ ਹੈ... ਆਸਾਰਾਮ ’ਤੇ ਆਪਣੇ ਆਸ਼ਰਮ ’ਚ ਕੁੜੀਆਂ ਦਾ ਜਿਨਸੀ ਸ਼ੋਸ਼ਣ ਕਰਨ ਅਤੇ ਕਈ ਔਰਤਾਂ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ... ਇਸ ਤੋਂ ਇਲਾਵਾ ਉਸ ’ਤੇ ਕਾਲੇ ਜਾਦੂ ਅਤੇ ਬਲੀ ਦੇ ਨਾਂਅ ’ਤੇ ਬੱਚਿਆਂ ਨੂੰ ਮਾਰਨ, ਨਾਬਾਲਗ ਕੁੜੀਆਂ ਨਾਲ ਬਲਾਤਕਾਰ ਕਰਨ ਅਤੇ ਜ਼ਮੀਨ ਹੜੱਪਣ ਦੇ ਵੀ ਇਲਜ਼ਾਮ ਹਨ। ਆਸਾਰਾਮ ਦੇ ਪੁੱਤ ਨਾਰਾਇਣ ਸਾਈਂ ’ਤੇ ਵੀ ਬਲਾਤਕਾਰ ਦੇ ਦੋਸ਼ ਹਨ।

**ਬਾਬਾ ਰਾਮਪਾਲ**

ਇਸ ਸੂਚੀ ’ਚ ਬਾਬਾ ਰਾਮਪਾਲ ਦਾ ਨਾਂਅ ਵੀ ਹੈ, ਜੋ ਹਰਿਆਣਾ ਦੇ ਸਿੰਚਾਈ ਵਿਭਾਗ ’ਚ ਜੂਨੀਅਰ ਇੰਜੀਨੀਅਰ ਵਜੋਂ ਨੌਕਰੀ ਕਰਦਾ-ਕਰਦਾ ਸੰਤ ਬਣ ਗਿਆ ਸੀ। ਬਾਬਾ ਰਾਮਪਾਲ ’ਤੇ ਔਰਤਾਂ ਅਤੇ ਬੱਚਿਆਂ ਦੇ ਕਤਲ ਦਾ ਦੋਸ਼ ਲੱਗਿਆ। ਅਦਾਲਤ ਵਿੱਚ ਪੇਸ਼ ਨਾ ਹੋਣ ਦੀ ਜ਼ਿੱਦ ਨੇ 18-19 ਨਵੰਬਰ 2014 ਨੂੰ ਅਜਿਹਾ ਘਮਾਸਾਨ ਛੇੜਿਆ ਕਿ ਕਈ ਲੋਕਾਂ ਦੀ ਜਾਨ ਚਲੀ ਗਈ... ਇਸ ਤੋਂ ਬਾਅਦ ਬਾਬਾ ਰਾਮਪਾਲ 2014 ਤੋਂ ਜੇਲ੍ਹ ’ਚ ਬੰਦ ਹੈ। ਉਦੋਂ ਤੋਂ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

**ਸਵਾਮੀ ਨਿਤਿਆਨੰਦ**

ਕੁਝ ਸਾਲ ਪਹਿਲਾਂ ਤੱਕ ਸਵਾਮੀ ਨਿਤਿਆਨੰਦ ਨੂੰ ਦੱਖਣੀ ਭਾਰਤ ਦੇ ਮਸ਼ਹੂਰ ਗੁਰੂਆਂ ’ਚ ਗਿਣਿਆ ਜਾਂਦਾ ਸੀ, ਪਰ ਸਾਲ 2010 ’ਚ ਇੱਕ ਸੈਕਸ ਸੀਡੀ ਨੇ ਅਜਿਹਾ ਹੰਗਾਮਾ ਮਚਾ ਦਿੱਤਾ ਕਿ ਉਸ ਦਾ ਤਖ਼ਤ ਹਿੱਲ ਗਿਆ। ਉਸ ਸੈਕਸ ਸੀ ਡੀ ’ਚ ਨਿੱਤਿਆਨੰਦ ਨੂੰ ਕਥਿਤ ਤੌਰ ’ਤੇ ਇਕ ਮਸ਼ਹੂਰ ਦੱਖਣੀ ਭਾਰਤੀ ਅਦਾਕਾਰਾ ਨਾਲ ਸਰੀਰਕ ਸਬੰਧ ਬਣਾਉਂਦੇ ਦੇਖਿਆ ਗਿਆ ਸੀ। ਇਸ ਤੋਂ ਬਾਅਦ ਫੋਰੈਂਸਿਕ ਲੈਬ ’ਚ ਕੀਤੀ ਗਈ ਜਾਂਚ ਵਿੱਚ ਸੀ.ਡੀ. ਅਸਲੀ ਪਾਈ ਗਈ, ਪਰ ਨਿੱਤਿਆਨੰਦ ਦੇ ਆਸ਼ਰਮ ਨੇ ਉਸ ਸੀ.ਡੀ. ਦੀ ਅਮਰੀਕੀ ਲੈਬ ਦੀ ਰਿਪੋਰਟ ਪੇਸ਼ ਕੀਤੀ। ਇਸ ’ਚ ਸੀ.ਡੀ. ਨਾਲ ਛੇੜਛਾੜ ਦੀ ਗੱਲ ਸਾਹਮਣੇ ਆਈ ਸੀ। ਸਾਲ 2010 ’ਚ ਨਿੱਤਿਆਨੰਦ ਇਸ ਮਾਮਲੇ ’ਚ 52 ਦਿਨ ਜੇਲ੍ਹ ਵੀ ਗਿਆ ਸੀ।

**ਵੀਰੇਂਦਰ ਦੇਵ ਦੀਕਸ਼ਿਤ**

ਵੀਰੇਂਦਰ ਦੇਵ ਦੀਕਸ਼ਿਤ ਨਾਂਅ ਦਾ ਇਹ ਪਾਖੰਡੀ ਖੁਦ ਨੂੰ ਕਲਯੁਗ ਦਾ ਕ੍ਰਿਸ਼ਣ ਦੱਸਦਾ ਸੀ... ਇਸ ਨੇ ਦਿੱਲੀ ’ਚ ਰੋਹਿਣੀ ’ਚ ਆਪਣਾ ਆਸ਼ਰਮ ਖੋਲ੍ਹਿਆ ਹੋਇਆ ਸੀ... ਇਸ ਦਰਿੰਦੇ ਨੇ 16000 ਔਰਤਾਂ ਨਾਲ ਸਬੰਧ ਬਣਾਉਣ ਦਾ ਟੀਚਾ ਰੱਖਿਆ ਸੀ... ਉਸ ਦੇ ਗੰਦੇ ਕਾਰਨਾਮਿਆਂ ਦਾ ਖੁਲਾਸਾ ਉਦੋਂ ਹੋਇਆ, ਜਦੋਂ ਇੱਕ ਮਹਿਲਾ ਪੈਰੋਕਾਰ ਦੀਆਂ 4 ਧੀਆਂ ਨਾਲ ਬਾਬੇ ਨੇ ਘਿਣਾਉਣਾ ਕੰਮ ਕੀਤਾ। ਵੀਰੇਂਦਰ ਦੇਵ ਖ਼ਿਲਾਫ਼ ਵੱਖ-ਵੱਖ ਥਾਣਿਆਂ ’ਚ ਬਲਾਤਕਾਰ ਸਮੇਤ 10 ਤੋਂ ਵੱਧ ਮਾਮਲੇ ਦਰਜ ਹਨ। ਉਸ ਆਪਣੇ ਆਸ਼ਰਮ ’ਚ ਕੁੜੀਆਂ ਨੂੰ ਕੈਦ ਕਰਕੇ ਨਸ਼ੇ ਦੀ ਹਾਲਤ ’ਚ ਰੱਖਦਾ ਸੀ... ਵੀਰੇਂਦਰ ਦੇਵ ਦੀਕਸ਼ਿਤ ਹਾਲੇ ਵੀ ਪੁਲਿਸ ਦੀ ਗ੍ਰਿਫ਼ਤ ’ਚੋਂ ਫ਼ਰਾਰ ਹੈ...

**ਜਲੇਬੀ ਬਾਬਾ**

ਉਧਰ ਇਸ ਸੂਚੀ ’ਚ ਅਗਲਾ ਨਾਮ ਬਿੱਲੂ ਰਾਮ ਉਰਫ਼ ਅਮਰਪੁਰੀ ਉਰਫ ਜਲੇਬੀ ਬਾਬਾ ਹੈ, ਜੋ 120 ਔਰਤਾਂ ਦੇ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਹਿਸਾਰ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਸੀ । ਜ਼ਿਕਰਯੋਗ ਹੈ ਕਿ ਜਲੇਬੀ ਬਾਬਾ ਬਲਾਤਕਾਰ ਐਕਟ ਦੀਆਂ ਧਰਾਵਾਂ ਤਹਿਤ 14 ਸਾਲ ਦੀ ਸਜ਼ਾ ਕੱਟ ਰਿਹਾ ਸੀ । ਜਾਣਕਾਰੀ ਮੁਤਾਬਿਕ ਜਲੇਬੀ ਬਾਬਾ ਨੇ 120 ਔਰਤਾਂ ਨੂੰ ਨਸ਼ੀਲੀ ਚਾਹ ਪਿਆ ਕੇ ਜਿਨਸੀ ਸੋਸ਼ਣ ਕੀਤਾ । ਹਾਲਾਂਕਿ ਸਿਹਤ ਵਿਗੜਨ ਕਰਕੇ ਮਈ 2024 ਵਿੱਚ ਜਲੇਬੀ ਬਾਬਾ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ ਸੀ.... ਇਨ੍ਹਾਂ ਤੋਂ ਇਲਾਵਾ ਫਲਾਹਾਰੀ ਬਾਬਾ, ਸਚੀਦਾਨੰਦ, ਮਹੰਤ ਸੁੰਦਰ ਸਾਦ, ਭੀਮਾਨੰਦ, ਸਵਾਮੀ ਸਦਾਚਾਰੀ ’ਤੇ ਵੀ ਬਲਾਤਕਾਰ ਦੇ ਇਲਜ਼ਾਮ ਲੱਗੇ ਹਨ।

# ਕੀ ਡਰੱਗ ਸਪਲਾਈ ਦੇ ਦੋਸ਼ ’ਚ ਬਰਖ਼ਾਸਤ ਮਹਿਲਾ ਸਿਪਾਹੀ ਨੂੰ ਬਚਾਉਣ ਲੱਗੀ ਹੈ ਪੁਲਿਸ ?

## 14 ਸਾਲਾਂ ’ਚ 31 ਤਬਾਦਲੇ, 2 ਵਾਰ ਸਸਪੈਂਡ, ਇੰਸਟਾ ਕਵੀਨ ਵਜੋਂ ਮਸ਼ਹੂਰ ਕਾਂਸਟੇਬਲ ਅਮਨਦੀਪ ਕੌਰ

ਪੰਜਾਬ ਵਿੱਚ ਨਸ਼ੇ ਦੇ ਕਾਰੋਬਾਰ ਵਿੱਚ ਖੁਦ ਪੰਜਾਬ ਪੁਲਿਸ ਦੇ ਅਧਿਕਾਰੀਆਂ, ਮੁਲਾਜ਼ਮਾਂ ਤੋਂ ਲੈ ਕੇ ਡਰੱਗ ਇੰਸਪੈਕਟਰਾਂ ਤੱਕ ਦੀ ਕਥਿਤ ਸ਼ਮੂਲੀਅਤ ਵੀ ਵੱਡੇ ਪੱਧਰ ’ਤੇ ਹੈ। ਪਿਛਲੇ ਦਿਨੀਂ ਪੰਜਾਬ ਪੁਲਿਸ ਦੀ ਜਿਹੜੀ ਮਹਿਲਾ ਅਮਨਦੀਪ ਕੌਰ ਪੁਲਿਸ ਮੁਲਾਜ਼ਮ 17.71 ਗ੍ਰਾਮ ਹੈਰੋਇਨ ਦੇ ਨਾਲ ਫੜੀ ਗਈ, ਉਸ ਮਾਮਲੇ ਵਿੱਚ ਪੁਲਿਸ ਦੇ ਕਈ ਅਧਿਕਾਰੀ ਤੇ ਮੁਲਾਜ਼ਮ ਮੁਲਜ਼ਮ ਮਹਿਲਾ ਦੇ ਸੰਪਰਕ ਵਿੱਚ ਸਨ। ਮੀਡੀਆ ਰਿਪੋਰਟਾਂ ਅਨੁਸਾਰ ਇਸ ਮਾਮਲੇ ਨੂੰ ਦਬਾਇਆ ਜਾ ਰਿਹਾ ਹੈ। ਬਠਿੰਡਾ ਦੇ ਡੀ.ਐੱਸ.ਪੀ. (ਸਿਟੀ) ਹਰਬੰਸ ਸਿੰਘ ਧਾਲੀਵਾਲ ਨੇ ਸੰਪਰਕ ਕਰਨ ’ਤੇ ਦੱਸਿਆ ਕਿ ਇਸ ਮਹਿਲਾ ਪੁਲਿਸ ਕਰਮਚਾਰੀ ਨੂੰ ਬਠਿੰਡਾ ਸ਼ਹਿਰ ਵਿੱਚ ਉਸ ਵੇਲੇ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਇੱਕ ਐੱਸਯੂਵੀ ਗੱਡੀ ਵਿੱਚ ਨਸ਼ਾ ਕਿਤੇ ਲਿਜਾ ਰਹੀ ਸੀ। ਪੁਲਿਸ ਅਧਿਕਾਰੀਆਂ ਮੁਤਾਬਕ, ਇਸ ਮਾਮਲੇ ਵਿੱਚ ਕੁਝ ਹੋਰ ਨਾਂ ਸਾਹਮਣੇ ਆ ਸਕਦੇ ਹਨ। ਇੰਸਟਾਗ੍ਰਾਮ ’ਤੇ ਇੰਸਟਾ ਕਵੀਨ ਵਜੋਂ ਜਾਣੀ ਜਾਂਦੀ ਬਠਿੰਡਾ ਦੇ ਪਿੰਡ ਚੱਕ ਫਤਿਹ ਸਿੰਘ ਵਾਲਾ ਦੀ ਵਸਨੀਕ ਅਮਨਦੀਪ ਦੀ



14 ਸਾਲਾਂ ਦੀ ਸੇਵਾ ਪੁਲਿਸ ਵਿਭਾਗ ’ਚ ਵਿਵਾਦਾਂ ਨਾਲ ਭਰੀ ਰਹੀ ਹੈ। ਅਮਨਦੀਪ ਕੌਰ ਜੋ 26 ਨਵੰਬਰ 2011 ਨੂੰ ਬਠਿੰਡਾ ਪੁਲਿਸ ਲਾਈਨ ’ਚ ਸ਼ਾਮਲ ਹੋਈ ਸੀ, ਦਾ ਨੌਕਰੀ ਦਾ ਇਤਿਹਾਸ ਵੱਖ-ਵੱਖ ਵਿਭਾਗਾਂ ਵਿੱਚ ਤਬਾਦਲਿਆਂ ਅਤੇ ਤਾਇਨਾਤੀਆਂ ਨਾਲ ਭਰਿਆ ਹੋਇਆ ਹੈ। 14 ਸਾਲਾਂ ਵਿੱਚ ਉਸਦਾ 31 ਵਾਰ ਤਬਾਦਲਾ ਹੋਇਆ ਸੀ। ਅਮਨਦੀਪ ਕੌਰ ਸੋਸ਼ਲ ਮੀਡੀਆ ਉੱਪਰ ਪੰਜਾਬ ਪੁਲਿਸ ਦੀ ਵਰਦੀ ਪਾ ਕੇ ਆਪਣੀਆਂ ਰੀਲਾਂ ਪੋਸਟ ਕਰਨ ਕਰਕੇ ਆਮ ਲੋਕਾਂ ਵਿੱਚ ਕਾਫ਼ੀ ਮਕਬੂਲ ਸੀ। ਇਸ ਤੋਂ ਇਲਾਵਾ ਉਹ ਰੰਗ ਬਿਰੰਗੇ ਕੱਪੜੇ ਪਾ ਕੇ ਕਥਿਤ ਤੌਰ ’ਤੇ ਭੜਕਾਊ ਗਾਣਿਆਂ ਉੱਪਰ ਰੀਲ ਤਕਰੀਬਨ ਹਰ ਰੋਜ਼ ਅਪਲੋਡ ਕਰਦੀ ਨਜ਼ਰ ਆਉਂਦੀ ਸੀ। ਅਮਨਦੀਪ ਕੌਰ ਨੇ ਪਿਛਲੇ ਦਿਨੀਂ ਆਪਣਾ ਜਨਮ ਦਿਨ ਆਪਣੀ ਗੱਡੀ ਦੇ ਬੋਨਟ ਉੱਪਰ ਕੇਕ ਕੱਟਦਿਆਂ ਮਨਾਇਆ ਸੀ ਅਤੇ ਇਸਦੀ ਰੀਲ ਸੋਸ਼ਲ ਮੀਡੀਆ ਉੱਪਰ ਅਪਲੋਡ ਕੀਤੀ ਸੀ।

ਗ੍ਰਿਫ਼ਤਾਰੀ ਤੋਂ ਬਾਅਦ ਇੰਸਟਾਗ੍ਰਾਮ ਉੱਪਰ ਅਮਨਦੀਪ ਦੇ ਇੱਕ ਦਿਨ ਵਿੱਚ ਕਰੀਬ 15 ਹਜ਼ਾਰ ਫੌਲੋਅਰਜ਼ ਵਧ ਗਏ ਹਨ। ਪੁਲਿਸ ਮੁਤਾਬਕ ਅਮਨਦੀਪ ਕੌਰ ਵਿਆਹੁਤਾ ਹੈ ਅਤੇ ਉਹ ਪਿਛਲੇ ਕੁਝ ਸਮੇਂ ਤੋਂ ਆਪਣੇ ਪਤੀ ਨਾਲੋਂ ਵੱਖ ਰਹਿ ਰਹੀ ਹੈ। ਨਸ਼ੇ ਦੇ ਮਾਮਲਿਆਂ ਨੂੰ ਲੈ ਕੇ ਅਮਨਦੀਪ ਉੱਪਰ ਪਹਿਲਾਂ ਵੀ ਕਈ ਤਰ੍ਹਾਂ ਦੇ ਸਵਾਲ ਉੱਠੇ ਸਨ, ਪਰ ਕੋਈ ਠੋਸ ਸਬੂਤ ਸਾਹਮਣੇ ਨਾ ਮਿਲਣ ਕਾਰਨ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ ਸੀ। ਇਸ ਮਹਿਲਾ ਕਰਮਚਾਰੀ ਦਾ ਨਾਂ ਉਸ ਵੇਲੇ ਵੀ ਸੁਰਖੀਆਂ ਵਿੱਚ ਆਇਆ ਸੀ, ਜਦੋਂ ਸਾਲ 2022 ਵਿੱਚ ਉਸ ਨੇ ਐੱਸ.ਐੱਸ.ਪੀ. ਦਫ਼ਤਰ ਬਠਿੰਡਾ ਦੇ ਸਾਹਮਣੇ ਕੋਈ ਜ਼ਹਿਰੀਲੀ ਚੀਜ਼ ਨਿਗਲਣ ਦੀ ਕੋਸ਼ਿਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ ਅਮਨਦੀਪ ਕੌਰ ਵੱਲੋਂ ਕਥਿਤ ਤੌਰ ’ਤੇ ਦੁਰਵਿਹਾਰ ਕੀਤੇ ਜਾਣ ਤੋਂ ਬਾਅਦ ਸਿਵਲ ਹਸਪਤਾਲ ਬਠਿੰਡਾ ਦੇ ਡਾਕਟਰਾਂ ਨੇ ਸਾਲ 2022 ਵਿੱਚ ਹੜਤਾਲ ਉੱਪਰ ਜਾਣ ਦੀ ਧਮਕੀ ਦੇ ਦਿੱਤੀ ਸੀ।

ਪੰਜਾਬ ਪੁਲਿਸ ਦੇ ਰਿਕਾਰਡ ਮੁਤਾਬਿਕ ਉਸ ਵੇਲੇ ਵੀ ਸਿਵਲ ਹਸਪਤਾਲ ਦੇ ਇੱਕ ਡਾਕਟਰ ਦੇ ਬਿਆਨ ਉੱਪਰ ਅਮਨਦੀਪ ਕੌਰ ਖਿਲਾਫ਼ ਪਰਚਾ ਦਰਜ ਕੀਤਾ ਗਿਆ ਸੀ। ਸੂਤਰਾਂ ਤੋਂ ਪਤਾ ਚੱਲਦਾ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਆਪਣੀ ਡਿਊਟੀ ਨਿਭਾਈ। ਉਹ ਆਪਣੇ ਆਪ ਨੂੰ ਜਿੱਥੇ ਮਰਜ਼ੀ ਤਬਦੀਲ ਕਰ ਲੈਂਦੀ ਸੀ। ਇੰਨਾ ਹੀ ਨਹੀਂ ਇਸ ਸਮੇਂ ਦੌਰਾਨ ਅਮਨਦੀਪ ਕੌਰ ਨੂੰ ਦੋ ਵਾਰ ਮੁਅੱਤਲ ਵੀ ਕੀਤਾ ਗਿਆ ਪਰ ਉਸ ਦੇ ਵਿਵਹਾਰ ’ਚ ਕੋਈ ਬਦਲਾਅ ਨਹੀਂ ਆਇਆ। ਉਹ ਆਪਣੀ ਇੱਛਾ ਅਨੁਸਾਰ ਆਪਣੀ ਪਸੰਦ ਦੀ ਕਿਸੇ ਵੀ ਜਗ੍ਹਾ ’ਤੇ ਆਪਣਾ ਤਬਾਦਲਾ ਕਰਵਾ ਸਕਦੀ ਸੀ।

(ਬਾਕੀ ਸਫ਼ਾ 30 ’ਤੇ)

## ਪੁਲਿਸ ਵਾਲੇ ਵੀ ਦਾਗ਼ੀ

ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ, 2014 ਤੋਂ ਲੈ ਕੇ 2024 ਤੱਕ 100 ਤੋਂ ਜ਼ਿਆਦਾ ਪੁਲਿਸ ਮੁਲਾਜ਼ਮ ਤੇ ਡਰੱਗਜ਼ ਇੰਸਪੈਕਟਰ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਪਾਏ ਗਏ। ਇਨ੍ਹਾਂ ਵਿੱਚ ਹੋਮਗਾਰਡ ਜਵਾਨ ਤੋਂ ਲੈ ਕੇ ਏ.ਆਈ.ਜੀ. ਪੱਧਰ ਦੇ ਅਧਿਕਾਰੀ, ਪੁਲਿਸ ਕਾਂਸਟੇਬਲ ਸ਼ਾਮਲ ਹਨ। ਰਾਸ਼ਟਰੀ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਵਿੱਚ, ਪੰਜਾਬ ਵਿੱਚ 2022 ਤੇ 2024 ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਤੇ ਵਿਕਰੀ ਨਾਲ ਸਬੰਧਤ 33 ਹਜ਼ਾਰ ਮਾਮਲੇ ਦਰਜ ਕੀਤੇ ਗਏ, ਜਿਹੜੇ ਕੇਰਲ ਦੇ ਬਾਅਦ ਦੂਜੇ ਨੰਬਰ ’ਤੇ ਹਨ। ਇਸੇ ਸਮੇਂ ਵਿੱਚ, ਪੰਜਾਬ ’ਚ ਨਸ਼ੀਲੀਆਂ ਦਵਾਈਆਂ ਦੀ ਜ਼ਿਆਦਾ ਵਰਤੋਂ ਨਾਲ ਸਬੰਧਤ 250 ਤੋਂ ਜ਼ਿਆਦਾ ਮੌਤਾਂ ਹੋਈਆਂ। 2014 ਤੋਂ 2016 ਤੱਕ ਪੰਜਾਬ ਪੁਲਿਸ ਦੇ 53 ਮੁਲਾਜ਼ਮਾਂ ’ਤੇ ਨਸ਼ਾ ਤਸਕਰੀ ਨੂੰ ਲੈ ਕੇ ਮਾਮਲੇ ਦਰਜ ਕੀਤੇ ਗਏ। 2016 ਤੋਂ 2025 ਤੱਕ ਇਹ ਮਾਮਲੇ ਦੁੱਗਣੇ ਹੋ ਗਏ।

ਪਿਛਲੇ ਸਾਲ ਪੰਜਾਬ ਐੱਸਟੀਐੱਫ ਨੇ ਸਿੰਥੈਟਿਕ ਡਰੱਗ ਰੈਕੇਟ ਚਲਾਉਣ ਵਾਲੇ ਇੱਕ ਡਰੱਗ ਇੰਸਪੈਕਟਰ ਸ਼ੀਸ਼ਨ ਮਿੱਤਲ ਨੂੰ ਗ੍ਰਿਫ਼ਤਾਰ ਕੀਤਾ, ਜਿਹੜਾ ਕਰੋੜਾਂ ਰੁਪਏ ਦੇ ਡਰੱਗ ਕਾਰੋਬਾਰ ’ਚ ਸ਼ਾਮਲ ਸੀ। 2023 ’ਚ ਝੂਠੇ ਡਰੱਗਜ਼ ਕੇਸ ਦੀ ਆੜ ’ਚ ਪੁਲਿਸ ਅਧਿਕਾਰੀ ਆਪਣੇ ਹੀ ਸਹਿਯੋਗੀ ਮੁਲਾਜ਼ਮਾਂ ਤੋਂ ਰਿਸ਼ਵਤ ਲੈ ਰਹੇ ਸਨ। ਇਸ ਮਾਮਲੇ ’ਚ ਡੀ.ਆਈ.ਜੀ. ਇੰਦਰਬੀਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ। ਪੰਜਾਬ ਪੁਲਿਸ ਦੇ ਬਰਖਾਸਤ ਏਆਈਜੀ ਰਾਜਜੀਤ ਸਿੰਘ ’ਤੇ ਵੀ ਕਾਰਵਾਈ ਕੀਤੀ ਗਈ, ਜਿਹੜਾ ਪਿਛਲੇ ਦੋ ਸਾਲਾਂ ਤੋਂ ਫਰਾਰ ਹੈ। ਆਈ.ਜੀ. ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਦੇ ਮੁਤਾਬਕ, ਨਸ਼ੇ ਖਿਲਾਫ਼ ਪੁਲਿਸ ਦੀ ਕਾਰਵਾਈ ਲਗਾਤਾਰ ਜਾਰੀ ਹੈ। ਇਸ ਮਾਮਲੇ ਵਿੱਚ ਜਿਹੜਾ ਵੀ ਮੁਲਜ਼ਮ ਹੋਵੇਗਾ, ਉਸ ਨੂੰ ਬਖਸ਼ਿਆ ਨਹੀਂ ਜਾਏਗਾ।

ਦੂਜੇ ਪਾਸੇ, ਅਮਨਦੀਪ ਦੀ ਬਰਖ਼ਾਸਤਗੀ ਦੀ ਪੁਸ਼ਟੀ ਕਰਦਿਆਂ ਆਈ.ਜੀ. ਹੈੱਡਕੁਆਰਟਰ ਡਾ. ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ 'ਫ਼ਸੀਲ' ਤੋਂ ਜਾਰੀ ਹੋਇਆ ਹੁਕਮਨਾਮਾ ਕੀ ਪੂਰੀ ਤਰ੍ਹਾਂ ਮੰਨੇਗਾ ਬਾਦਲ ਦਲ ?

ਅੰਮ੍ਰਿਤਸਰ/ਏ.ਟੀ.ਨਿਊਜ਼: 2 ਦਸੰਬਰ 2024 ਦਾ ਅਕਾਲ ਤਖ਼ਤ ਸਾਹਿਬ ਦੀ 'ਫ਼ਸੀਲ' ਤੋਂ ਜਾਰੀ ਹੋਇਆ ਹੁਕਮਨਾਮਾ ਬਾਦਲ ਦਲ ਦੇ ਆਗੂਆਂ ਲਈ ਗਲੇ ਦੀ ਹੱਡੀ ਬਣਦਾ ਪ੍ਰਤੀਤ ਹੋ ਰਿਹਾ ਹੈ ਕਿਉਂਕਿ ਜੇਕਰ ਬਾਦਲ ਦਲ ਵਾਲੇ ਉਕਤ ਹੁਕਮਨਾਮੇ ਤੋਂ ਮੁਨਕਰ ਹੁੰਦੇ ਹਨ ਜਾਂ ਬਹਾਨੇਬਾਜ਼ੀ ਦਾ ਸਹਾਰਾ ਲੈਂਦੇ ਹਨ ਤਾਂ ਉਨ੍ਹਾਂ ਦੀ ਸਿਆਸੀ ਅਤੇ ਪੰਥਕ ਖੇਤਰ ਵਿੱਚ ਹਾਲਤ ਦਿਨੋਂ ਦਿਨ ਪਤਲੀ ਹੁੰਦੀ ਜਾ ਰਹੀ ਹੈ। ਬਿਨਾਂ ਸ਼ੱਕ ਉਕਤ ਹੁਕਮਨਾਮੇ ਨੇ ਜਿਥੇ ਬਾਦਲ ਦਲ ਦੇ ਆਗੂਆਂ ਲਈ ਮੁਸੀਬਤ ਖੜੀ ਕੀਤੀ, ਉਥੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਵੀ ਉਹ ਹੁਕਮਨਾਮਾ ਪ੍ਰੇਸ਼ਾਨੀ ਦਾ ਸਬੱਬ ਬਣਿਆ।

ਤਖ਼ਤਾਂ ਦੇ ਜਥੇਦਾਰਾਂ ਨੇ ਸੁਖਬੀਰ ਸਿੰਘ ਬਾਦਲ ਸਮੇਤ ਅਨੇਕਾਂ ਅਕਾਲੀ ਆਗੂਆਂ ਨੂੰ ਕਟਹਿਰੇ ਵਿੱਚ ਖੜਾ ਕੇ ਤਿੱਖੇ ਸਵਾਲ ਕੀਤੇ ਅਤੇ ਸਿਰਫ਼ ਹਾਂ ਜਾਂ ਨਾਂਹ ਵਿੱਚ ਜਵਾਬ ਮੰਗਿਆ। ਬਾਦਲ ਦਲ ਦੇ ਆਗੂਆਂ ਅਤੇ ਨਰਾਜ਼ ਆਗੂਆਂ ਨੇ ਸਾਰੀਆਂ ਗ਼ਲਤੀਆਂ ਤੇ ਗੁਨਾਹਾਂ ਨੂੰ ਝੋਲੀ



ਵਿੱਚ ਪਾਇਆ ਤਾਂ ਤਖ਼ਤਾਂ ਦੇ ਜਥੇਦਾਰਾਂ ਨੇ ਹੁਕਮਨਾਮੇ ਵਿੱਚ ਲਿਖਤੀ ਤੌਰ 'ਤੇ ਦਰਜ ਕੀਤਾ ਕਿ ਇਨ੍ਹਾਂ ਗੁਨਾਹਾਂ ਕਰ ਕੇ ਮੌਜੂਦਾ ਲੀਡਰਸ਼ਿਪ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਆਧਾਰ ਗੁਆ ਚੁੱਕੀ ਹੈ। ਨਵੀਂ ਭਰਤੀ ਮੁਹਿੰਮ ਲਈ ਦਾਗ਼ੀ ਅਕਾਲੀਆਂ ਦੀ ਬਜਾਇ ਹੋਰਨਾਂ ਆਗੂਆਂ ਦੀ 7 ਮੈਂਬਰੀ ਕਮੇਟੀ ਦਾ ਗਠਨ ਕਰਨ ਦੇ ਨਾਲ ਨਾਲ ਤਿੰਨ ਤਖ਼ਤਾਂ ਦੇ ਜਥੇਦਾਰਾਂ ਗਿਆਨੀ ਗੁਰਬਚਨ ਸਿੰਘ, ਗਿਆਨੀ ਇਕਬਾਲ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਵਿਰੁੱਧ ਵੀ ਕਾਰਵਾਈ ਦਾ ਆਦੇਸ਼ ਦਿੰਦਿਆਂ ਆਖਿਆ ਕਿ ਇਨ੍ਹਾਂ ਦੀਆਂ ਸਾਰੀਆਂ ਸਹੂਲਤਾਂ ਵਾਪਸ ਲਈਆਂ ਜਾਣ ਪਰ ਉਸ ਤੋਂ ਬਾਅਦ ਇਹ ਮਾਮਲਾ ਠੰਡਾ ਪੈ ਗਿਆ।

ਪੰਥਕ ਹਲਕੇ ਮੰਗ ਕਰਦੇ ਹਨ ਕਿ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਵਾਲੇ ਉਨ੍ਹਾਂ ਸਾਰੇ ਤਖ਼ਤਾਂ ਦੇ ਜਥੇਦਾਰਾਂ ਨੂੰ ਤਲਬ ਕਰ ਕੇ ਅਸਲੀਅਤ ਸੰਗਤ ਦੀ ਕਚਹਿਰੀ ਵਿੱਚ ਜਨਤਕ ਕੀਤੀ ਜਾਵੇ ਕਿ ਸੌਦਾ ਸਾਧ ਨੂੰ ਬਿਨ ਮੰਗੀ ਮਾਫ਼ੀ ਕਿਉਂ ਦਿਤੀ ਗਈ ? ਉਸ ਮਾਫ਼ੀ ਨੂੰ ਸਹੀ ਠਹਿਰਾਉਣ ਲਈ ਗੁਰੂ ਦੀ ਗੋਲਕ ਵਿਚੋਂ 92 ਲੱਖ ਰੁਪਏ ਇਸ਼ਤਿਹਾਰਬਾਜ਼ੀ 'ਤੇ ਖ਼ਰਚਣ ਦੀ ਮਜਬੂਰੀ ਕੀ ਸੀ ? ਸੰਗਤ ਦੇ ਵਿਰੋਧ ਅਤੇ ਦਬਾਅ ਤੋਂ ਬਾਅਦ ਮਾਫ਼ੀਨਾਮੇ ਵਾਲਾ ਆਦੇਸ਼ ਵਾਪਸ ਲੈਣ ਦੇ ਬਾਵਜੂਦ ਵੀ ਡੇਰਾ ਸਿਰਸਾ ਦੇ ਪ੍ਰੇਮੀਆਂ ਨਾਲ ਅਕਾਲੀ ਆਗੂਆਂ ਨੇ ਨੇੜਤਾ ਕਿਉਂ ਬਣਾਈ ਰੱਖੀ ? ਡੇਰਾ ਪ੍ਰੇਮੀ ਪ੍ਰਦੀਪ ਕਲੇਰ ਦੇ ਅਹਿਮ ਪ੍ਰਗਟਾਵਿਆਂ ਤੋਂ ਬਾਅਦ ਵੀ ਤਖ਼ਤਾਂ ਦੇ ਜਥੇਦਾਰਾਂ ਨੇ ਚੁੱਪੀ ਕਿਉਂ ਸਾਧੀ ਰੱਖੀ ?

'84 ਸਿੱਖ ਨਸਲਕੁਸ਼ੀ ਮਾਮਲਾ

## ਟਾਈਟਲਰ ਖ਼ਿਲਾਫ਼ ਜੀ. ਕੇ. ਨੇ ਆਪਣੇ ਬਿਆਨ ਦਰਜ ਕਰਵਾਏ



ਨਵੀਂ ਦਿੱਲੀ/ਏ.ਟੀ.ਨਿਊਜ਼: 1984 ਨਸਲਕੁਸ਼ੀ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ਼ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਆਪਣੇ ਬਿਆਨ ਦਰਜ ਕੀਤੇ ਹਨ। ਵਿਸ਼ੇਸ਼ ਜੱਜ ਜਤਿੰਦਰ ਸਿੰਘ ਦੇ ਸਾਹਮਣੇ ਪੇਸ਼ ਹੋਕੇ ਜੀ.ਕੇ. ਨੇ ਬਿਆਨ ਦਰਜ ਕਰਦੇ ਹੋਏ ਕਿਹਾ ਉਨ੍ਹਾਂ ਨੂੰ ਇੱਕ ਪੈੱਨ ਡਰਾਈਵ ਮਿਲੀ ਹੈ ਜਿਸ ਵਿੱਚ ਕਥਿਤ ਤੌਰ 'ਤੇ ਟਾਈਟਲਰ ਦੀ ਨਸਲਕੁਸ਼ੀ ਵਿੱਚ ਆਪਣੀ ਭੂਮਿਕਾ ਕਬੂਲ ਕਰਨ ਦੀ ਆਵਾਜ਼ ਰਿਕਾਰਡ ਸੀ। ਜੀ.ਕੇ. ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ 2018 ਵਿੱਚ ਉਨ੍ਹਾਂ ਦੇ ਘਰ ਇੱਕ ਲਿਫਾਫਾ ਮਿਲਿਆ ਸੀ, ਜਿਸ ਵਿੱਚ ਇੱਕ ਪੱਤਰ ਅਤੇ ਪੈੱਨ ਡਰਾਈਵ ਸੀ, ਜਿਸਨੂੰ ਉਨ੍ਹਾਂ ਨੇ ਬਾਅਦ ਵਿੱਚ ਸੀ.ਬੀ.ਆਈ. ਨੂੰ ਸੌਂਪ ਦਿੱਤਾ ਜਿਸ ਦੀ ਏਜੰਸੀ ਜਾਂਚ ਕਰ ਰਹੀ ਹੈ। ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਟਾਇਟਲਰ ਨੇ ਨਸਲਕੁਸ਼ੀ ਦੇ ਇੱਕ ਗਵਾਹ ਨੂੰ ਧਮਕੀ ਦਿੱਤੀ ਸੀ। ਜੀ.ਕੇ. ਨੇ 21 ਅਪ੍ਰੈਲ ਨੂੰ ਆਪਣਾ ਬਿਆਨ ਦਰਜ ਕਰਵਾਇਆ ਸੀ । ਜਗਦੀਸ਼ ਟਾਈਟਲਰ ਨਾਲ ਜੁੜਿਆ ਇਹ ਮਾਮਲਾ ਦਿੱਲੀ ਦੇ ਗੁਰਦੁਆਰਾ ਪੁਲ ਬੰਗਸ਼ ਵਿੱਚ 3 ਲੋਕਾਂ ਦੇ ਕਤਲ ਨਾਲ ਜੁੜਿਆ ਹੈ

## ਗੁ. ਸ੍ਰੀ ਪਾਉਂਟਾ ਸਾਹਿਬ ਪ੍ਰਬੰਧਕ ਕਮੇਟੀ ਦਾ ਸਾਲਾਨਾ ਬਜਟ 16 ਕਰੋੜ 20 ਲੱਖ ਰੁਪਏ ਦਾ ਪਾਸ



ਪਾਉਂਟਾ ਸਾਹਿਬ/ ਏ.ਟੀ.ਨਿਊਜ਼: ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪ੍ਰਬੰਧਕ ਕਮੇਟੀ ਦਾ 16 ਕਰੋੜ 20 ਲੱਖ ਰੁਪਏ ਦਾ ਸਾਲਾਨਾ ਬਜਟ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਪਾਸ ਕੀਤਾ ਗਿਆ। ਇਸ ਸਬੰਧੀ ਹੋਈ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਜਥੇਦਾਰ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਨਾਗਰ ਸਿੰਘ, ਸ. ਜੋਗਾ ਸਿੰਘ, ਸ. ਹਰਭਜਨ ਸਿੰਘ, ਸ. ਹਰਪ੍ਰੀਤ ਸਿੰਘ ਤੇ ਸ. ਕਰਮਵੀਰ ਸਿੰਘ ਆਦਿ ਹਾਜ਼ਰ ਹੋਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦਾ ਸਾਲ 2025-26 ਲਈ 16 ਕਰੋੜ 20 ਲੱਖ ਰੁਪਏ ਦਾ ਬਜਟ ਪਾਸ ਕਰਦਿਆਂ ਗੁਰੂ ਘਰ ਦੀਆਂ ਨਵੀਆਂ ਬਣ ਰਹੀਆਂ ਇਮਾਰਤਾਂ ਦੀ ਉਸਾਰੀ, ਪੁਰਾਣੀਆਂ ਇਮਾਰਤਾਂ ਦੇ ਰੱਖ-ਰਖਾਅ, ਗੁਰਦੁਆਰਾ ਸਾਹਿਬ ਵਿਖੇ ਚਲ ਰਹੀ ਮੁਫ਼ਤ ਡਿਸਪੈਂਸਰੀ, ਪ੍ਰਬੰਧ ਵਾਲੇ ਸਕੂਲਾਂ ਅਤੇ ਹੋਰ ਸੰਸਥਾਵਾਂ ਲਈ ਵਿਸ਼ੇਸ਼ ਫ਼ੰਡ ਰਾਖਵੇਂ ਰੱਖਣ ਨੂੰ ਪ੍ਰਵਾਨਗੀ ਦਿਤੀ ਗਈ ਹੈ।

ਉਨ੍ਹਾਂ ਕਿਹਾ ਕਿ ਬਜਟ ਵਿੱਚ ਗੁਰਦੁਆਰਾ ਸਾਹਿਬ ਵਿਖੇ ਮਨਾਏ ਜਾਣ ਵਾਲੇ ਦਿਨ-ਤਿਉਹਾਰ, ਪ੍ਰਕਾਸ਼ ਦਿਹਾੜੇ ਅਤੇ ਹੋਰ ਸਮਾਗਮਾਂ ਨੂੰ ਪਹਿਲਾਂ ਵਾਂਗ ਜਾਰੀ ਰੱਖਣ ਦੀ ਪ੍ਰਵਾਨਗੀ ਦੇ ਨਾਲ ਨਾਲ ਸੰਗਤਾਂ ਦੀ ਸਹੂਲਤ ਲਈ ਨਿਵਾਸ ਸਥਾਨਾਂ ਵਾਸਤੇ ਜ਼ਮੀਨ ਖ਼ਰੀਦ ਕਰਨ ਅਤੇ ਲੰਗਰ ਦੇ ਪ੍ਰਬੰਧ ਲਈ ਨਿਯਮਾਂ (ਬਾਕੀ ਸਫ਼ਾ 31 'ਤੇ)

# ਧਰਮ ਪਰਿਵਰਤਨ ਰੋਕਣ ਲਈ ਸਿੱਖ ਧਰਮ ਦਾ ਪ੍ਰਚਾਰ ਜ਼ਰੂਰੀ : ਜਥੇਦਾਰ ਗੜਗੱਜ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਗ਼ਰੀਬ ਵਰਗ ਨੂੰ ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾਉਣਾ ਬਹੁਤ ਮਾੜੀ ਗੱਲ ਹੈ। ਇਸ ਨੂੰ ਸੰਜੀਦਗੀ ਨਾਲ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ ਜੋ ਪਿੰਡ ਦੇ ਹਰ ਗ਼ਰੀਬ ਘਰ ਤੋਂ ਲੈ ਕੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਿੱਖ ਪ੍ਰਵਾਰਾਂ ਨਾਲ ਰਾਬਤਾ ਬਣਾਏਗੀ ਅਤੇ ਕੁੱਝ ਸੰਗਠਨਾਂ ਵਲੋਂ ਕੀਤੇ ਜਾ ਰਹੇ ਧਰਮ ਪਰਿਵਰਤਨ ਨੂੰ ਰੋਕਿਆ ਜਾਵੇਗਾ।

ਉਹ ਪਿਛਲੇ ਦਿਨੀਂ ਪਿੰਡ ਝੱਬਰ ਵਿਖੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਤੇ ਨਿਵਾਸ ਸਥਾਨ 'ਤੇ ਪਹੁੰਚੇ ਸਨ। ਉਨ੍ਹਾਂ ਸਿੱਖ ਸੰਗਤਾਂ ਨਾਲ ਇਸ ਦੌਰਾਨ ਅਨੇਕਾਂ ਵਿਚਾਰਾਂ ਵੀ ਕੀਤੀਆਂ।

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਧਰਮ ਦਾ ਇਤਿਹਾਸ ਤੇ ਕੁਰਬਾਨੀਆਂ ਸ਼ਾਨਾਮੱਤੀ ਹਨ। ਕੁੱਝ ਗ਼ਰੀਬ



ਪ੍ਰਵਾਰਾਂ ਨੂੰ ਉਨ੍ਹਾਂ ਦੀਆਂ ਆਰਥਿਕ ਮਜਬੂਰੀਆਂ ਦਾ ਲਾਲਚ ਦੇ ਕੇ ਕੁੱਝ ਸੰਗਠਨ ਪੰਜਾਬ ਅਤੇ ਹੋਰਨਾਂ ਸੂਬਿਆਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਤੇਜ਼ੀ ਨਾਲ ਬੱਚਿਆਂ ਅਤੇ ਆਮ ਲੋਕਾਂ ਦਾ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਧਰਮ ਪ੍ਰੀਵਰਤਨ ਦੇ ਪਿੱਛੇ ਗੈਬੀ ਸ਼ਕਤੀਆਂ ਅਤੇ ਕਰਾਮਾਤਾਂ ਨਾਲ ਲੋਕਾਂ ਦਾ ਇਲਾਜ ਕਰਨ, ਆਰਥਿਕ ਤੌਰ 'ਤੇ ਝੱਬੇ ਗ਼ਰੀਬ ਸਿੱਖ ਪ੍ਰਵਾਰਾਂ ਨੂੰ ਮਾਮੂਲੀ ਆਰਥਿਕ ਮਦਦ ਦੇ ਕੇ ਉਨ੍ਹਾਂ ਨੂੰ ਹੋਰ ਧਰਮਾਂ ਨਾਲ ਜੋੜਿਆ ਜਾ ਰਿਹਾ ਹੈ ਜੋ ਸਿੱਖੀ 'ਤੇ ਇੱਕ ਬਹੁਤ ਵੱਡਾ ਹਮਲਾ ਹੈ।

(ਬਾਕੀ ਸਫ਼ਾ 31 'ਤੇ)

# ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਦੁਨੀਆਂ ਵਿੱਚ ਇਤਿਹਾਸ ਰਚਿਆ: ਕਾਲਕਾ

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਸਬੰਧੀ ਸਿੱਖ ਜਥੇਬੰਦੀਆਂ ਦੀ ਮੀਟਿੰਗ

ਨਵੀਂ ਦਿੱਲੀ/ਏ.ਟੀ.ਨਿਊਜ਼: ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਸਿੱਖ ਜਥੇਬੰਦੀਆਂ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿੱਚ ਮੀਟਿੰਗ ਕੀਤੀ।

ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦੇ ਕੇ ਇਸ ਦੁਨੀਆਂ ਵਿਚ ਇੱਕ ਇਤਿਹਾਸ ਰਚਿਆ। ਇਹ ਸ਼ਹਾਦਤ ਇੱਕੋ ਇੱਕ ਅਜਿਹੀ ਮਿਸਾਲ ਹੈ ਜੋ ਕਿ ਕਿਸੇ ਦੂਜੇ ਧਰਮ ਨੂੰ ਬਚਾਉਣ ਲਈ ਦਿੱਤੀ ਗਈ। ਇਸ ਸ਼ਹਾਦਤ ਬਾਰੇ ਦੇਸ਼ ਦਾ ਹਰ ਬੱਚਾ ਜਾਣਨਾ ਚਾਹੁੰਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਸ਼ਹਾਦਤ ਕਿਉਂ ਦਿੱਤੀ ?

ਇਸ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਦਿੱਲੀ ਸਿੱਖ ਕਮੇਟੀ ਨੇ ਵੱਖ-ਵੱਖ ਕਮੇਟੀਆਂ ਨੂੰ



ਬੁਲਾ ਕੇ ਇਸ ਦਿਹਾੜੇ ਸਬੰਧੀ ਵਡਮੁੱਲੇ ਵਿਚਾਰ ਲਏ ਕਿ ਇਸ ਦਿਹਾੜੇ ਨੂੰ ਕਿਸ ਤਰੀਕੇ ਨਾਲ ਮਨਾਇਆ ਜਾਵੇ ? ਤੇ ਕਿਵੇਂ ਇਸ ਦਾ ਪ੍ਰਸਾਰ ਤੇ ਪ੍ਰਚਾਰ ਕੀਤਾ ਜਾਵੇ ? ਤਾਂ ਕਿ ਦੁਨੀਆਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸੰਦੇਸ਼ ਜਾ ਸਕੇ।

ਇਸ ਮੌਕੇ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਸ ਮੀਟਿੰਗ ਦੌਰਾਨ ਵੱਖ-ਵੱਖ ਆਗੂਆਂ ਨੇ ਵਿਚਾਰ ਦਿੱਤੇ ਕਿ ਇਸ ਬਾਰੇ ਸਰਕਾਰਾਂ ਨਾਲ ਵੀ ਗੱਲ ਕੀਤੀ ਜਾਵੇ ਕਿਉਂਕਿ ਪ੍ਰਚਾਰ ਪ੍ਰਸਾਰ ਵਿੱਚ ਕੇਂਦਰ ਤੇ ਰਾਜ ਸਰਕਾਰਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੁੰਦਾ ਹੈ।

ਉਨ੍ਹਾਂ ਕਿਹਾ ਕਿ 15 ਅਪ੍ਰੈਲ ਤੋਂ ਸਹਿਜ ਪਾਠ ਦੀ ਲੜੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਇਲਮ ਜਿੰਨਾ ਵੀ ਪਤਾ ਹੈ ਉਨ੍ਹਾਂ ਨੂੰ ਸਹਿਜ ਪਾਠ ਦੇ ਨਾਲ ਜੁੜ ਕੇ ਆਪਣੇ ਆਪ ਨੂੰ ਵਡਭਾਗਾ ਬਣਾਉਣਾ ਚਾਹੀਦਾ ਹੈ। ਇਸ ਦੀ ਸਮਾਪਤੀ 25 ਨਵੰਬਰ ਤੱਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੇ ਦਿਨ ਵੱਡੇ ਪੱਧਰ ਉੱਤੇ ਕੀਤੀ ਜਾਵੇਗੀ। ਵਿਸ਼ਵ ਵਿਆਪੀ ਸਿੱਖਾਂ ਨੂੰ ਇਸ ਨਾਲ ਜੋੜਿਆ ਜਾਵੇਗਾ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗਿੱਪੀ ਗਰੇਵਾਲ ਤੇ ਕਰਨ ਜੌਹਰ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ



ਪੰਜਾਬੀ ਕਲਾਕਾਰ ਗਿੱਪੀ ਗਰੇਵਾਲ ਅਤੇ ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਨਿਰਦੇਸ਼ਕ ਕਰਨ ਜੌਹਰ ਪਿਛਲੇ ਦਿਨੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਥੇ ਉਨ੍ਹਾਂ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਨਵੀਂ ਫ਼ਿਲਮ 'ਅਕਾਲ' ਲਈ ਵੀ ਅਰਦਾਸ ਕੀਤੀ।

ਇਸ ਤੋਂ ਬਾਅਦ ਪੰਜਾਬੀ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਬਾਬਾ ਅਟੱਲ ਵਿਖੇ ਨਤਮਸਤਕ ਹੋਏ। ਇਥੇ ਉਨ੍ਹਾਂ ਨੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨਾਲ ਵੀ ਮੁਲਾਕਾਤ ਕੀਤੀ। 10 ਅਪ੍ਰੈਲ ਨੂੰ ਦੁਨੀਆਂ ਭਰ 'ਚ ਰਿਲੀਜ਼ ਹੋਣ ਵਾਲੀ ਅਸਲ ਯੋਧਿਆਂ ਦੀਆਂ ਕਹਾਣੀਆਂ ਤੋਂ ਪ੍ਰੇਰਿਤ 'ਅਕਾਲ' ਗਿੱਪੀ ਗਰੇਵਾਲ ਵੱਲੋਂ ਨਿਰਦੇਸ਼ਿਤ ਫ਼ਿਲਮ ਹੈ।

ਇਸ 'ਚ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਨਿਮਰਤ ਖਹਿਰਾ, ਸ਼ਿੰਦਾ ਗਰੇਵਾਲ, ਨਿਕਿਤਿਨ ਧੀਰ, ਮੀਤਾ ਵਸ਼ਿਸ਼ਟ ਤੇ ਹੋਰ ਕਲਾਕਾਰ ਸ਼ਾਮਲ ਹਨ। ਗਿੱਪੀ ਗਰੇਵਾਲ ਤੇ ਰਵਨੀਤ ਕੌਰ ਗਰੇਵਾਲ ਵੱਲੋਂ ਨਿਰਮਿਤ ਇਹ ਫ਼ਿਲਮ ਸਾਡੇ ਯੋਧਿਆਂ ਦੀ ਬਹਾਦਰੀ ਤੇ ਸਨਮਾਨ ਨੂੰ ਪ੍ਰਣਾਮ ਕਰਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਮਹਿੰਗਾਈ ਘਟਾਉਣ ਲਈ ਉਪਯੋਗੀ ਰਾਸ਼ਟਰੀ ਨੀਤੀ ਦੀ ਲੋੜ

ਦਿਨੋਂ ਦਿਨ ਵੱਧ ਰਹੀ ਮਹਿੰਗਾਈ ਕੁਦਰਤ ਦੇ ਕਹਿਰ ਅਤੇ ਕ੍ਰੋਧ ਦਾ ਨਤੀਜਾ ਨਹੀਂ ਹੈ ਸਗੋਂ ਇਹ ਸ਼ਾਸਕਾਂ ਦੇ ਮਾੜੇ ਇਰਾਦਿਆਂ ਅਤੇ ਕੁਪ੍ਰਬੰਧ ਦੀ ਇੱਕ ਸਪੱਸ਼ਟ ਉਦਾਹਰਣ ਹੈ। ਭਾਰਤ ਵਿੱਚ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਮਹਿੰਗਾਈ ਨੂੰ ਵੱਡਾ ਮੁੱਦਾ ਬਣਾ ਕੇ ਇਸ ਵਿਰੁੱਧ ਸੰਘਰਸ਼ ਕਰਨ ਵਾਲੀ ਭਾਜਪਾ ਦੇ ਰਾਜਕਾਲ ਦੌਰਾਨ ਭਾਰਤ ਵਿੱਚ ਮਹਿੰਗਾਈ ਸਭ ਹੱਦਾਂ ਬੰਨੇ ਟੱਪ ਗਈ ਹੈ, ਪਰ ਇਸ ਮਹਿੰਗਾਈ ਨੂੰ ਘੱਟ ਕਰਨ ਲਈ ਉਪਰਾਲੇ ਕਰਨ ਵਿੱਚ ਕੇਂਦਰ ਦੀ ਭਾਜਪਾ ਸਰਕਾਰ ਨੇ ਗੋਹਲੇ ਵਿਚੋਂ ਅਜੇ ਤੱਕ ਪੂਣੀ ਵੀ ਨਹੀਂ ਕੱਤੀ। ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਇਹ ਸਰਕਾਰ ਮਹਿੰਗਾਈ ਨੂੰ ਲੈ ਕੇ ਕਿੰਨੀ ਕੁ ਗੰਭੀਰ ਹੈ। ਹੁਣ ਭਾਰਤ ਸਰਕਾਰ ਵੱਲੋਂ ਰਸੋਈ ਗੈਸ ਦੀਆਂ ਕੀਮਤਾਂ ਵਿੱਚ 50 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕਰ ਦਿੱਤਾ ਹੈ ਅਤੇ ਪੈਟਰੋਲ-ਡੀਜ਼ਲ ਤੇ ਦੋ ਰੁਪਏ ਐਕਸਾਈਜ਼ ਡਿਊਟੀ ਲਗਾ ਦਿੱਤੀ ਹੈ, ਇਸ ਕਾਰਨ ਵੀ ਭਾਰਤ ਵਿੱਚ ਮਹਿੰਗਾਈ 'ਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਦੋਸ਼ ਲਗਾ ਰਹੀਆਂ ਹਨ ਕਿ ਕੇਂਦਰ ਦੀ ਮੋਦੀ ਸਰਕਾਰ ਪੂੰਜੀਪਤੀਆਂ ਅਤੇ ਕਾਰਪੋਰੇਟ ਪੱਖੀ ਹੈ, ਜਿਸ ਕਰਕੇ ਇਸ ਦੀਆਂ ਨੀਤੀਆਂ ਸਿਰਫ਼ ਧਨਾਢਾਂ ਤੇ ਧੰਨਾ ਸੇਠਾਂ ਨੂੰ ਲਾਭ ਪਹੁੰਚਾਉਂਦੀਆਂ ਹਨ, ਜਦੋਂ ਕਿ ਆਮ ਲੋਕ ਮਹਿੰਗਾਈ ਦੀ ਚੱਕੀ ਵਿੱਚ ਪੀਸੇ ਜਾ ਰਹੇ ਹਨ। ਹਾਲ ਤਾਂ ਇਹ ਹੋ ਗਿਆ ਹੈ ਕਿ ਸਰਕਾਰ ਪੱਖੀ ਮੀਡੀਆ ਅਤੇ ਅੰਧ ਭਗਤ ਭਾਰਤ ਵਿੱਚ ਮਹਿੰਗਾਈ ਵਿੱਚ ਹੋ ਰਹੇ ਵਾਧੇ ਬਾਰੇ ਚਿੰਤਾ ਕਰਨ ਦੀ ਥਾਂ ਅਮਰੀਕਾ ਤੇ ਜਾਪਾਨ ਵਰਗੇ ਦੇਸ਼ਾਂ ਵਿੱਚ ਮਹਿੰਗਾਈ ਵਿੱਚ ਹੋ ਰਹੇ ਵਾਧੇ ਦੀ ਉਦਾਹਰਨ ਦੇ ਕੇ ਕਹਿੰਦੇ ਹਨ ਕਿ ਉਹਨਾਂ ਦੇਸ਼ਾਂ ਵਿੱਚ ਸਮਾਨ ਭਾਰਤ ਨਾਲੋਂ ਵੀ ਮਹਿੰਗਾ ਮਿਲਦਾ ਹੈ ਪਰ ਅਜਿਹੇ ਅੰਧ ਭਗਤਾਂ ਨੂੰ ਇਹ ਪਤਾ ਨਹੀਂ ਕਿ ਉਹਨਾਂ ਦੇਸ਼ਾਂ ਵਿੱਚ ਜੇ ਹਰ ਸਮਾਨ ਮਹਿੰਗਾ ਮਿਲਦਾ ਹੈ ਤਾਂ ਉਥੇ ਕਮਾਈ ਵੀ ਤਾਂ ਡਾਲਰਾਂ ਵਿੱਚ ਹੁੰਦੀ ਹੈ। ਇੱਕ ਅਮਰੀਕੀ ਡਾਲਰ ਦੇ ਭਾਰਤ ਵਿੱਚ ਕਿੰਨੇ ਰੁਪਏ ਬਣ ਜਾਂਦੇ ਹਨ, ਇਸ ਦਾ ਆਮ ਲੋਕਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਹੈ।

ਮਹਿੰਗਾਈ ਕਾਰਨ ਦੇਸ਼ ਦੀ ਆਰਥਿਕਤਾ ਵਿੱਚ ਉਤਰਾਅ-ਚੜ੍ਹਾਅ ਆਉਂਦੇ ਹਨ। ਮਹਿੰਗਾਈ ਲੋਕਾਂ ਦੇ ਜੀਵਨ-ਨਿਰਬਾਹ ਨੂੰ ਵੀ ਪ੍ਰਭਾਵਿਤ ਕਰਦੀ ਹੈ। ਭਾਰਤ ਵਿੱਚ ਵਧਦੀ ਮਹਿੰਗਾਈ ਇੱਕ ਬਹੁਤ ਗੰਭੀਰ ਸਮੱਸਿਆ ਹੈ। ਇੱਕ ਪਾਸੇ ਸਰਕਾਰ ਮਹਿੰਗਾਈ ਘਟਾਉਣ ਦੀਆਂ ਗੱਲਾਂ ਕਰਦੀ ਹੈ, ਦੂਜੇ ਪਾਸੇ ਮਹਿੰਗਾਈ ਦਿਨੋ-ਦਿਨ ਵੱਧ ਰਹੀ ਹੈ। ਅੱਜ ਇੰਝ ਲੱਗਦਾ ਹੈ ਜਿਵੇਂ ਦੇਸ਼ ਵਿੱਚ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੋਵੇ। ਅੱਜ ਹਰ ਕੋਈ ਮਹਿੰਗਾਈ ਘਟਾਉਣ ਦੀ ਮੰਗ ਕਰ ਰਿਹਾ ਹੈ। ਪਰ ਦੇਸ਼ ਵਿੱਚ ਸਾਲ ਦਰ ਸਾਲ ਮਹਿੰਗਾਈ ਵੱਧ ਰਹੀ ਹੈ। ਮਹਿੰਗਾਈ ਨੂੰ ਰੋਕਣ ਲਈ ਸਮੇਂ-ਸਮੇਂ 'ਤੇ ਹੜਤਾਲਾਂ ਅਤੇ ਅੰਦੋਲਨ ਕੀਤੇ ਗਏ ਹਨ ਪਰ ਫਿਰ ਵੀ ਮਹਿੰਗਾਈ ਘੱਟ ਨਹੀਂ ਹੋਈ।

ਕਾਲਾ ਧਨ, ਤਸਕਰੀ ਅਤੇ ਜਮ੍ਹਾਂਖੋਰੀ ਮਹਿੰਗਾਈ ਦੇ ਸਭ ਤੋਂ ਚੰਗੇ ਦੋਸਤ ਹਨ। ਕਾਲੇ ਧਨ ਦਾ ਸਭ ਤੋਂ ਮਾੜਾ ਪ੍ਰਭਾਵ ਮਹਿੰਗਾਈ ਅਤੇ ਰੁਜ਼ਗਾਰ ਦੇ ਮੌਕਿਆਂ 'ਤੇ ਪੈਂਦਾ ਹੈ। ਇਸ ਨਾਲ ਉਤਪਾਦਨ ਅਤੇ ਰੁਜ਼ਗਾਰ ਦੀ ਸੰਭਾਵਨਾ ਘਟਦੀ ਹੈ ਅਤੇ ਕੀਮਤਾਂ ਵਧ ਜਾਂਦੀਆਂ ਹਨ। ਮਹਿੰਗਾਈ ਇੱਕ ਅਜਿਹਾ ਮੁੱਦਾ ਹੈ ਜੋ ਨਾ ਸਿਰਫ਼ ਆਰਥਿਕ ਸਥਿਰਤਾ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਹਰੇਕ ਵਿਅਕਤੀ ਦੇ ਜੀਵਨ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦਾ ਹੈ। ਇਹ ਸਾਡੀ ਰਹਿਣ-ਸਹਿਣ ਦੀ ਲਾਗਤ, ਸਾਡੀ ਖਰੀਦ ਸ਼ਕਤੀ ਅਤੇ ਦੇਸ਼ ਦੀ ਸਮੁੱਚੀ ਆਰਥਿਕ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ। ਮਹਿੰਗਾਈ ਦਾ ਅਰਥ ਹੈ ਕਿ ਸਮੇਂ ਦੇ ਨਾਲ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵਧਦੀਆਂ ਹਨ, ਜਿਸ ਕਾਰਨ ਖਪਤਕਾਰਾਂ ਨੂੰ ਹਰ ਸਮਾਨ ਦੇ ਵਧੇਰੇ ਪੈਸੇ ਦੇਣੇ ਪੈਂਦੇ ਹਨ, ਜਿਸ ਕਾਰਨ ਉਹਨਾਂ ਦਾ ਆਰਥਿਕ ਨੁਕਸਾਨ ਹੁੰਦਾ ਹੈ।

ਵਧਦੀ ਮਹਿੰਗਾਈ ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਅਸਫਲਤਾ ਦਾ ਨਤੀਜਾ ਹੈ। ਮਹਿੰਗਾਈ ਦਾ ਪ੍ਰਭਾਵ ਬਹੁਤ ਦੂਰ ਤੱਕ ਪੈਂਦਾ ਹੈ। ਇਹ ਗਰੀਬ ਤੇ ਮੱਧ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ ਕਿਉਂਕਿ ਉਨ੍ਹਾਂ ਦੀ ਆਮਦਨ ਸਥਿਰ ਰਹਿੰਦੀ ਹੈ ਜਦੋਂ ਕਿ ਵਸਤੂਆਂ ਦੀਆਂ ਕੀਮਤਾਂ ਵਧਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ, ਮਹਿੰਗਾਈ ਬੱਚਤ ਨੂੰ ਵੀ ਪ੍ਰਭਾਵਿਤ ਕਰਦੀ ਹੈ, ਕਿਉਂਕਿ ਲੋਕ ਵਧਦੀਆਂ ਕੀਮਤਾਂ ਕਾਰਨ ਆਪਣੇ ਪੈਸੇ ਬਚਾਉਣ ਵਿੱਚ ਅਸਮਰੱਥ ਹਨ ।ਇਸ ਸਮੇਂ ਵੀ ਭਾਰਤ ਵਿੱਚ ਮਹਿੰਗਾਈ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਦਾ ਹਰ ਵਰਗ 'ਤੇ ਪ੍ਰਭਾਵ ਪੈ ਰਿਹਾ ਹੈ। ਅੱਜ ਦੇ ਸਮੇਂ ਵਿੱਚ ਆਮ ਲੋਕਾਂ ਦੀ ਆਮਦਨੀ ਘਟ ਰਹੀ ਹੈ, ਜਾਂ ਪਹਿਲਾਂ ਜਿੰਨੀ ਹੀ ਹੈ, ਪਰ ਖਰਚੇ ਅਤੇ ਮਹਿੰਗਾਈ ਲਗਾਤਾਰ ਵੱਧ ਰਹੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਜ਼ਰੂਰੀ ਲੋੜ ਦੀਆਂ ਵਸਤੂਆਂ ਖਰੀਦਣ ਵਿੱਚ ਵੀ ਦਿੱਕਤਾਂ ਆ ਰਹੀਆਂ ਹਨ। ਮਹਿੰਗਾਈ ਦਰ ਸਬੰਧੀ ਸਰਕਾਰੀ ਅੰਕੜੇ ਕੁਝ ਹੋਰ ਕਹਿੰਦੇ ਹਨ, ਜਦੋਂ ਕਿ ਆਮ ਲੋਕ ਕੁਝ ਹੋਰ ਕਹਿੰਦੇ ਹਨ। ਕਈ ਵਾਰ ਸਰਕਾਰ ਜਾਂ ਸਰਕਾਰ ਪੱਖੀ ਮੀਡੀਆ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਵਿੱਚ ਮਹਿੰਗਾਈ ਦਰ ਵਿੱਚ ਕਮੀ ਦਿਖਾਈ ਗਈ ਹੁੰਦੀ ਹੈ, ਪਰ ਦੇਸ਼ ਵਿੱਚ ਮਹਿੰਗਾਈ ਵਿੱਚ ਵਾਧਾ ਹੋਇਆ ਹੁੰਦਾ ਹੈ। ਜਿਸ ਕਰਕੇ ਆਮ ਲੋਕਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਸਰਕਾਰ ਪੱਖੀ ਮੀਡੀਆ ਦੀਆਂ ਮਹਿੰਗਾਈ ਘੱਟ ਹੋਣ ਸਬੰਧੀ ਰਿਪੋਰਟਾਂ 'ਤੇ ਵਿਸ਼ਵਾਸ ਕਰਨ ਜਾਂ ਦੇਸ਼ ਵਿੱਚ ਹਰ ਸਮਾਨ ਦੇ ਮਹਿੰਗਾ ਹੋਣ ਵੱਲ ਧਿਆਨ ਦੇਣ।

ਮਹਿੰਗਾਈ ਘਟਾਉਣ ਲਈ ਉਪਯੋਗੀ ਰਾਸ਼ਟਰੀ ਨੀਤੀ ਦੀ ਲੋੜ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਭਾਰਤ ਵਿੱਚ ਮਹਿੰਗਾਈ ਨੂੰ ਨੱਥ ਪਾਉਣ ਲਈ ਠੋਸ ਉਪਰਾਲੇ ਕਰੇ। ਇਸ ਸਬੰਧੀ ਸਰਕਾਰ ਨੂੰ ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨਾਲ ਮਹਿੰਗਾਈ ਵਿੱਚ ਵਾਧਾ ਹੋਣ ਦੀ ਥਾਂ ਕਮੀ ਆਵੇ ਅਤੇ ਹਰ ਸਮਾਨ ਸਸਤਾ ਹੋਵੇ। ਗਰੀਬੀ ਨੂੰ ਜੜ੍ਹ ਤੋਂ ਖਤਮ ਕਰਨ ਲਈ ਮਹਿੰਗਾਈ ਨੂੰ ਘਟਾਉਣਾ ਬਹੁਤ ਜ਼ਰੂਰੀ ਹੈ।

# ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਖੇਤਰ ਅਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਦੀ ਭੂਮਿਕਾ



ਬਘੇਲ ਸਿੰਘ ਧਾਲੀਵਾਲ
99142-58142



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਮਲੇ ਵਿੱਚ ਸਿੱਖਾਂ ਦੀ ਇਸ ਸਮੇਂ ਸਭ ਤੋਂ ਵੱਧ ਜੱਗ ਹਸਾਈ ਹੋ ਰਹੀ ਹੈ। ਇਹਦੇ ਲਈ ਖੁਦ ਸਿੱਖ ਹੀ ਜ਼ਿੰਮੇਵਾਰ ਹਨ। ਤਖ਼ਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਹਮੇਸ਼ਾ ਸ਼ਰਮਸਾਰ ਕਰਨ ਵਾਲੀ ਚਰਚਾ ਵਿੱਚ ਰਹੀ ਹੈ। ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਧੜੇ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਕਬਜ਼ਾ ਚੱਲਿਆ ਆ ਰਿਹਾ ਹੈ,ਜਿਸ ਨੂੰ ਵਰਤ ਕੇ ਬਾਦਲ ਧੜਾ ਹਮੇਸ਼ਾ ਸਿੱਖ ਰਾਜਨੀਤੀ ਉੱਪਰ ਭਾਰੂ ਰਹਿੰਦਾ ਰਿਹਾ ਹੈ। ਪਰੰਤੂ 2015 ਤੋਂ ਜਦੋਂ ਤੋਂ ਅਕਾਲੀ ਦਲ ਭਾਜਪਾ ਗੱਠਜੋੜ ਦੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਸਮੇਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦੌਰ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਚੱਲਿਆ, ਉਸ ਤੋਂ ਬਾਅਦ ਅਕਾਲੀ ਦਲ ਦੇ ਉਕਤ ਧੜੇ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਮੌਜੂਦਾ ਸਮੇਂ ਤੱਕ ਪੁੱਜਦਿਆਂ ਪੰਜਾਬ ਦੀ ਨੁਮਾਇੰਦਗੀ ਦੇ ਸਭ ਤੋਂ ਵੱਡਾ ਦਾਅਵੇਦਾਰ ਮੰਨੇ ਜਾਣ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਪੰਜਾਬ ਦੀ ਸਿਆਸਤ ਵਿੱਚੋਂ ਹਾਸ਼ੀਏ ਉੱਪਰ ਚਲਾ ਗਿਆ। ਇਹਦਾ ਕਾਰਨ ਇਹ ਨਹੀਂ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਭਾਰੂ ਹੋ ਗਈ, ਬਲਕਿ ਇਹਦਾ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਹਿਤਾਂ ਨੂੰ ਤਿਲਾਂਜਲੀ ਦੇਣਾ ਅਤੇ ਆਪਣੇ ਗੁਰੂ ਤੋਂ ਵੀ ਬੇਮੁੱਖ ਹੋਣਾ ਹੈ, ਜਿਸ ਕਰਕੇ ਪੰਜਾਬ ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਤੋਂ ਪੰਜਾਬ ਦੇ ਸਿੱਖ ਭਾਈਚਾਰੇ ਦਾ ਮੋਹ ਭੰਗ ਹੋ ਗਿਆ, ਲਿਹਾਜ਼ਾ ਪੰਜਾਬ ਅੰਦਰ ਆਮ ਆਦਮੀ ਪਾਰਟੀ ਬਦਲਵੇਂ ਰੂਪ ਵਿੱਚ ਪ੍ਰਵਾਨ ਚੜ੍ਹ ਗਈ। ਬੇਹੱਦ ਮਾੜੇ ਹਾਲਤਾਂ ਵਿਚੋਂ ਗੁਜ਼ਰਨ ਦੇ ਬਾਵਜੂਦ ਵੀ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਇਹੋ ਧੜਾ ਕਾਬਜ਼ ਹੈ,ਇਸ ਕਰਕੇ ਸਿੱਖ ਰਾਜਨੀਤੀ ਵਿੱਚ ਕੋਈ ਹੋਰ ਧੜਾ ਆਪਣੇ ਪੈਰ ਪਸਾਰਨ ਦੇ ਯੋਗ ਨਾ ਹੋ ਸਕਿਆ। ਇਸ ਤੋਂ ਇਲਾਵਾ ਪੰਥ ਹਿਤੈਸ਼ੀ ਰਾਜਨੀਤੀ ਦੇ ਫ਼ੇਲ੍ਹ ਹੋਣ ਦਾ ਇੱਕ ਵੱਡਾ ਕਾਰਨ ਇਹ ਵੀ ਰਿਹਾ ਹੈ ਕਿ ਪੰਥਕ ਧੜਿਆਂ ਵਿੱਚ ਖਤਰਨਾਕ ਹੱਦ ਤੱਕ ਵੰਡੀਆਂ ਹੀ ਨਹੀਂ ਪਈਆਂ ਹੋਈਆਂ,ਬਲਕਿ ਖਾਨਾਜੰਗੀ ਵਾਲਾ ਮਹੌਲ ਵੀ ਬਣਿਆ ਰਿਹਾ ਹੈ। ਇਹ ਵਰਤਾਰਾ ਪੰਥ 'ਤੇ ਹਮੇਸ਼ਾ ਭਾਰੂ ਰਿਹਾ ਹੈ। ਪੰਥ ਦੀ ਆਪਸੀ ਪਾਟੋਧਾੜ ਦੀ ਬਦੌਲਤ ਹੀ ਸਮੁੱਚੀਆਂ ਸਿੱਖ ਸੰਸਥਾਵਾਂ, ਸਿੱਖ ਸਿਧਾਂਤਾਂ ਅਤੇ ਸਿੱਖਾਂ ਨੂੰ ਅਜ਼ਾਦ ਪ੍ਰਭੂਸੱਤਾ ਦਾ ਸੁਨੇਹਾ ਦੇਣ ਵਾਲੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਦਾ ਘਾਣ ਹੁੰਦਾ ਆ ਰਿਹਾ ਹੈ। ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਆਪਣੇ ਨਿੱਜੀ ਮੁਫ਼ਾਦਾਂ ਲਈ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਨੂੰ ਵਰਤਦੀ ਹੀ ਨਹੀਂ ਆ ਰਹੀ ਬਲਕਿ ਸਮੇਂ ਸਮੇਂ 'ਤੇ ਉਹਨਾਂ ਦੀ ਬਲੀ ਵੀ ਦਿੰਦੀ ਆ ਰਹੀ ਹੈ। ਜਿਸ ਸਰਬ ਉੱਚ ਅਸਥਾਨ ਦੇ ਮੁੱਖ ਸੇਵਾਦਾਰ ਨੇ ਕੌਮ ਨੂੰ ਅਗਵਾਈ ਦੇਣੀ ਹੁੰਦੀ ਹੈ, ਉਹਨਾਂ ਦੇ ਰੁਤਬੇ ਪਦਾਰਥ ਅਤੇ ਸੁਆਰਥ ਦੇ ਲੋਭ ਲਾਲਚ ਵਿੱਚ ਲਬੇੜ ਕੇ ਬੌਨੇ ਕਰ ਦਿੱਤੇ ਗਏ ਹਨ। ਲੰਘੀ ਦੋ ਦਸੰਬਰ ਨੂੰ ਆਏ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦੇ ਫ਼ੈਸਲੇ ਤੋਂ ਬਾਅਦ ਜਿਸ ਤਰ੍ਹਾਂ ਇਸ ਸੰਸਥਾ ਦੇ ਵਕਾਰ ਅਤੇ ਸ਼ਾਨਾਮੱਤੇ ਸਿਧਾਂਤ ਨੂੰ ਰੋਲ਼ਿਆ ਗਿਆ ਹੈ, ਉਹ ਬੇਹੱਦ ਮੰਦਭਾਗਾ ਅਤੇ ਕੌਮੀ ਭਵਿੱਖ ਦੇ ਹੋਰ ਧੁੰਦਲਾ ਹੋਣ ਵੱਲ ਇਸ਼ਾਰਾ ਕਰਦਾ ਹੈ। ਕਾਬਜ਼ ਧੜਾ ਜਿਸ ਤਰ੍ਹਾਂ ਜਥੇਦਾਰ ਸਾਹਿਬਾਨਾਂ ਨੂੰ ਬੇਇੱਜ਼ਤ ਕਰਕੇ ਅਹੁਦਿਆਂ ਤੋਂ ਪਾਸੇ ਕਰਦਾ ਹੈ,ਉਹਦੇ ਨਾਲ ਜੱਗ ਹਸਾਈ ਤਾਂ ਹੁੰਦੀ ਹੀ ਹੈ,ਪਰ ਉਸ ਤੋ ਵੀ ਵੱਧ ਸਿੱਖ ਹਿਤਾਂ ਦੇ ਪ੍ਰਭਾਵਤ ਹੋਣ ਦੇ ਖ਼ਤਰੇ ਮੰਡਰਾਉਣ ਲੱਗਦੇ ਹਨ। ਕੇਂਦਰੀ ਤਾਕਤਾਂ ਪਹਿਲਾਂ ਹੀ ਅਜਿਹਾ ਚਾਹੁੰਦੀਆਂ ਹਨ,ਜਿਸ ਨਾਲ ਕੌਮ ਦੀ ਤਾਕਤ ਮਲ਼ੀਆਮੇਟ ਹੋ ਜਾਵੇ ਅਤੇ ਉਹ ਸਦੀਆਂ ਤੱਕ ਗੁਲਾਮੀ ਕੱਟਣ ਲਈ ਮਜਬੂਰ ਰਹੇ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ ਸਿੱਖ ਭਾਵਨਾਵਾਂ ਨੂੰ ਦਰਕਿਨਾਰ ਕਰਦਿਆਂ ਜਥੇਦਾਰਾਂ ਨੂੰ ਅਹੁਦਿਆਂ ਤੋਂ ਹਟਾ ਕੇ ਨਵੇਂ ਜਥੇਦਾਰ ਨਿਯੁਕਤ ਕਰ ਦਿੱਤੇ ਸਨ। ਪ੍ਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਸੇਵਾ ਸੌਂਪ ਦਿੱਤੀ ਗਈ ਸੀ। ਸਿੰਘ ਸਾਹਿਬਾਨਾਂ ਨੂੰ ਹਟਾਉਣ ਅਤੇ ਨਿਯੁਕਤੀ ਦੇ ਤੌਰ ਤਰੀਕਿਆਂ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਸਭ ਤੋਂ ਵੱਧ ਵਿਰੋਧ ਜਿਤਾਉਣ ਵਾਲਿਆਂ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਅਤੇ ਦਮਦਮੀ ਟਕਸਾਲ ਚੌਕ ਮਹਿਤਾ ਸ਼ਾਮਲ ਸਨ। ਇਹ ਵੀ ਸੱਚ ਹੈ ਕਿ ਸਿੱਖਾਂ ਵੱਲੋਂ ਕੁੱਝ ਸਮਾ ਪਾਕੇ ਜਥੇਦਾਰਾਂ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਮੌਜੂਦਾ ਕਾਰਜਕਾਰੀ ਜਥੇਦਾਰ ਦੀ ਕਾਰਜਸ਼ੈਲੀ ਨੇ ਵੀ ਕਾਫ਼ੀ ਹੱਦ ਤੱਕ ਵਿਰੋਧ ਘਟਾਉਣ ਵਿੱਚ ਸਫ਼ਲਤਾ ਹਾਸਲ ਕਰ ਲਈ ਹੈ,ਪਰ ਕਾਬਜ਼ ਧਿਰਾਂ ਸ਼ਾਇਦ ਇਹ ਵੀ ਨਹੀਂ ਚਾਹੁੰਦੀਆਂ। ਉਹਨਾਂ ਨੂੰ ਹਰ ਉਹ ਵਿਅਕਤੀ ਜਥੇਦਾਰ ਦੇ ਰੂਪ ਵਿੱਚ ਨਾ-ਪਰਵਾਨ ਹੈ,ਜਿਹੜਾ ਪੰਥਕ ਰਹੁਰੀਤਾਂ 'ਤੇ ਪਹਿਰਾ ਦੇਣ ਦੀ ਗੱਲ ਕਰਦਾ ਹੈ। ਹੁਣ ਵੀ ਅਜਿਹਾ ਹੀ ਜਾਪ ਰਿਹਾ ਹੈ। ਹੁਣ ਵੀ ਟਰਾਇਲ ਵਾਸਤੇ ਕਾਰਜਕਾਰੀ ਸੇਵਾਵਾਂ ਦੇ ਕੇ ਆਇਆ ਜਥੇਦਾਰ ਵੀ ਫ਼ਿੱਟ ਨਹੀਂ ਬੈਠ ਰਿਹਾ। ਇੱਥੇ ਇੱਕ ਗੱਲ ਹੋਰ ਵੀ ਸਾਂਝੀ ਕਰਨੀ ਬਣਦੀ ਹੈ ਕਿ ਪੁਰਾਤਨ ਸਿੱਖਾਂ ਅੰਦਰ ਇਹ ਪਰੰਪਰਾ ਰਹੀ ਹੈ ਕਿ ਕੌਮ ਦੀ ਹੋਣੀ ਦੇ ਫ਼ੈਸਲੇ ਕਿਸੇ ਇੱਕ ਧੜੇ ਵੱਲੋਂ ਧੱਕੇ ਨਾਲ ਪੰਥ ਤੇ ਥੋਪੇ ਨਹੀਂ ਸਨ ਜਾਂਦੇ ਬਲਕਿ ਸਰਬਤ ਖਾਲਸਾ ਸੱਦ ਕੇ ਗੁਰਮਤੇ ਕੀਤੇ, ਵਿਚਾਰੇ ਜਾਂਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਣ ਵਾਲੇ ਫ਼ੈਸਲੇ ਵੀ ਕਿਸੇ ਇੱਕ ਵਿਅਕਤੀ ਵੱਲੋਂ ਕੌਮ 'ਤੇ ਨਹੀਂ ਸਨ ਥੋਪੇ ਜਾਂਦੇ, ਬਲਕਿ ਉਹ ਵੀ ਪੰਜ ਸਿੰਘ ਸਾਹਿਬਾਨ ਆਪਸੀ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਹੀ ਮੁੱਖ ਜਥੇਦਾਰ ਨੂੰ ਬੇਨਤੀ ਕਰਦੇ ਸਨ ਕਿ ਇਸ ਹੁਕਮਨਾਮੇ ਨੂੰ ਕੌਮ ਲਈ ਜਾਰੀ ਕਰ ਦਿੱਤਾ ਜਾਵੇ,ਭਾਵ ਗੁਰੂ ਸਾਹਿਬ ਜੀ ਵੱਲੋਂ ਚਲਾਈ ਪੰਚ ਪ੍ਰਧਾਨੀ ਪ੍ਰਥਾ ਤੇ ਪੂਰਨ ਰੂਪ ਵਿੱਚ ਪਹਿਰਾ ਦਿੱਤਾ ਜਾਂਦਾ ਸੀ,ਜਿਸ ਨੂੰ ਪੰਥ ਵੀ ਖਿੜੇ ਮੱਥੇ ਪਰਵਾਨ ਕਰਦਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਪੰਥ ਲਈ ਸਰਬ ਉੱਤਮ ਹੋਣ ਦਾ ਕਾਰਨ ਵੀ ਇਹੋ ਸੀ ਕਿ ਉਸ ਮੌਕੇ ਛਲ ਕਪਟ ਵਾਲੀ ਰਾਜਨੀਤੀ ਸਰਬ ਉੱਚ ਸੰਸਥਾ 'ਤੇ ਭਾਰੂ ਨਹੀਂ ਸੀ। ਪੁਰਾਤਨ ਹਾਲਾਤਾਂ ਦੇ ਸੰਦਰਭ ਵਿੱਚ ਜਦੋਂ ਮੌਜੂਦਾ ਹਾਲਾਤਾਂ ਨੂੰ ਦੇਖਿਆ ਜਾਂਦਾ ਹੈ,ਤਾਂ ਪਿਛਲਾ ਸਭ ਕੁੱਝ ਸੁਪਨੇ ਵਾਂਗ ਹੀ ਜਾਪਦਾ ਹੈ। ਉਸ ਮੌਕੇ ਦੀ ਰਾਜਨੀਤੀ ਸਿੱਖੀ ਸਿਧਾਤਾਂ 'ਤੇ ਟਿਕੀ ਹੋਈ ਹੋਣ ਕਰਕੇ ਦੁਨੀਆਂ ਦੇ ਸ਼ਕਤੀਸ਼ਾਲੀ ਹਾਕਮ ਵਜੋਂ ਜਾਣਿਆ ਜਾਣ ਵਾਲਾ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਸਿਧਾਂਤਾਂ ਦੀ ਅਵੱਗਿਆ ਕਰਨ ਦੇ ਦੋਸ਼ੀ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਨੰਗੇ ਪਿੰਡੇ ਕੋੜਿਆਂ ਦੀ ਸਜ਼ਾ ਭੁਗਤਣ ਲਈ ਨੀਵੀਂ ਪਾ ਕੇ ਹੱਥ ਜੋੜ ਕੇ ਖੜ੍ਹਾ ਹੋ ਗਿਆ ਸੀ। ਪ੍ਰੰਤੂ ਮੌਜੂਦਾ ਸਮੇਂ ਤੱਕ ਪਹੁੰਚਦਿਆਂ ਪਹੁੰਚਦਿਆਂ ਰਾਜਨੀਤੀ ਐਨੀ ਬੁਰੀ ਤਰ੍ਹਾਂ ਸਿੱਖ ਸੰਸਥਾਵਾਂ 'ਤੇ ਭਾਰੂ ਪੈ ਗਈ, ਸਿਧਾਂਤਾਂ ਦਾ ਮਲ਼ੀਆਮੇਟ ਹੋ ਗਿਆ। ਆਉਣ ਵਾਲੇ ਦਿਨਾਂ ਵਿੱਚ ਇੱਕ ਵਾਰ ਫ਼ਿਰ ਸਿੱਖ ਕੌਮ ਨੂੰ ਜਥੇਦਾਰ ਸਾਹਿਬਾਨਾਂ ਨੂੰ ਨਿਯੁਕਤ ਕਰਨ ਅਤੇ ਸੇਵਾ ਮੁਕਤ ਕਰਨ ਦੇ ਵਿਧੀ ਵਿਧਾਨ ਬਣਾਉਣ ਦੇ ਭਰਮਜਾਲ਼ ਵਿੱਚ ਇੱਕ ਹੋਰ ਧੋਖਾ ਕੀਤੇ ਜਾਣ ਦੀਆਂ ਖ਼ਬਰਾਂ ਵੀ ਨਿਕਲ ਕੇ ਆ ਰਹੀਆਂ ਹਨ,ਉਹ ਇਹ ਹੈ ਕਿ ਵਿਧੀ ਵਿਧਾਨ ਦੇ ਨਾਲ ਨਾਲ ਸਿੰਘ ਸਾਹਿਬਾਨ ਦੇ ਕਾਰਜ ਖੇਤਰ ਨੂੰ ਵੀ ਸੀਮਤ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ,ਤਾਂ ਕਿ ਕਾਬਜ਼ ਧਿਰ ਨੂੰ ਭਵਿੱਖ ਵਿੱਚ ਵੀ ਦੋ ਦਸੰਬਰ ਵਾਲਾ ਸੰਤਾਪ ਹੰਢਾਉਣ ਦੀ ਨੌਬਤ ਆ ਹੀ ਨਾ ਸਕੇ। ਜਦੋਂ ਕਿ ਜਥੇਦਾਰਾਂ ਦਾ ਕਾਰਜ ਖੇਤਰ ਅਸੀਮਿਤ ਹੈ,ਉਹਨੂੰ ਸੀਮਤ ਕਰਨ ਦਾ ਕਿਸੇ ਨੂੰ ਵੀ ਕੋਈ ਅਧਿਕਾਰ ਨਹੀਂ ਹੈ,ਪਰ ਕੁੱਤੀ ਪੀਂਹਦੀ ਹੈ ਕੁੱਤੇ ਚੱਟਦੇ ਹਨ,ਇੱਥੇ ਪੁੱਛਣ ਵਾਲਾ ਕੌਣ ਹੈ। ਇਸ ਤੋਂ ਇਲਾਵਾ ਖ਼ਬਰਾਂ ਤਾਂ ਇਹ ਵੀ ਹਨ ਕਿ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਅਤੇ ਭਾਈ ਹਰਜਿੰਦਰ ਸਿੰਘ ਧਾਮੀ ਦੇ ਫ਼ਰੈਂਡਲੀ ਮੈਚ ਦੇ ਨਤੀਜੇ ਵਜੋਂ ਰਜਿੰਦਰ ਸਿੰਘ ਮਹਿਤੇ ਨੂੰ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਬਣਾਉਣ ਦੀ ਤਵੱਕੋ ਕੀਤੀ ਜਾ ਰਹੀ ਹੈ। ਬਾਦਲ ਦਲ ਦੇ ਅੰਦਰੂਨੀ ਸਰਕਲ ਵਿੱਚ ਚੱਲ ਰਹੀ ਚਰਚਾ ਮੁਤਾਬਿਕ ਸੁਖਬੀਰ ਧੜੇ ਦੇ ਜ਼ਿਆਦਾਤਰ ਆਗੂ ਭਾਵੇਂ ਇਸ ਨਵੀਂ ਤਜਵੀਜ਼ ਨਾਲ ਸਹਿਮਤ ਨਹੀਂ, ਪਰ ਬਾਬਾ ਧੁੰਮੇ ਦੀ ਦੁਬਾਰਾ ਹਮਾਇਤ ਹਾਸਲ ਕਰਨ ਅਤੇ ਭਾਜਪਾ ਹਾਈਕਮਾਂਡ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਸੁਖਬੀਰ ਇਸ ਤਜਵੀਜ਼ ਨਾਲ ਸਹਿਮਤ ਹੋ ਸਕਦਾ ਹੈ। ਇਸ ਵਾਰ ਭਾਜਪਾ ਨੇ ਇਸ ਗੱਲਬਾਤ ਲਈ ਸੁਖਬੀਰ ਦੀ ਬਜਾਏ ਹਰਸਿਮਰਤ ਬਾਦਲ ਨੂੰ ਸੂਤਰਧਾਰ ਬਣਾਇਆ ਹੈ। ਭਾਜਪਾ ਹਾਈਕਮਾਂਡ ਧੁੰਮੇ ਰਾਹੀਂ ਅਕਾਲੀ ਦਲ ਬਾਦਲ ਦੀਆਂ ਬਾਗੀ ਅਤੇ ਦਾਗ਼ੀ ਧਿਰਾਂ ਨੂੰ ਇਕੱਠੇ ਕਰਨਾ ਚਾਹੁੰਦੀ ਹੈ। ਪਰ ਇਸ ਕੰਮ ਲਈ ਸੁਖਬੀਰ ਨੂੰ ਇੱਕ ਵਾਰ ਪ੍ਰਧਾਨਗੀ ਦੇ ਅਹੁਦੇ ਦਾ ਤਿਆਗ ਕਰਨ ਲਈ ਮਨਾਉਣਾ ਧੁੰਮੇ ਲਈ ਅਜੇ ਵੀ ਚੁਣੌਤੀ ਭਰਿਆ ਕੰਮ ਹੈ। ਪਰ ਹਰਸਿਮਰਤ,ਮਜੀਠੀਆ ਅਤੇ ਭੂੰਦੜ ਇਸ ਗੱਲ ਲਈ ਸਹਿਮਤ ਹਨ ਕਿ ਸੁਖਬੀਰ ਦੇ ਇੱਕ ਵਾਰ ਪ੍ਰਧਾਨਗੀ ਤੋਂ ਲਾਂਭੇ ਹੋਏ ਬਿਨਾਂ ਬਾਦਲ ਪਰਿਵਾਰ ਉੱਪਰ ਬਣਿਆ ਸੰਕਟ ਟਲ ਨਹੀਂ ਸਕਦਾ।

ਮਹਿਤਾ ਪਿਛਲੇ ਤਿੰਨ ਦਹਾਕਿਆਂ ਦੌਰਾਨ ਬਾਦਲ ਪ੍ਰਵਾਰ ਦੀ ਵਫ਼ਾਦਾਰੀ ਦਾ ਇਮਤਿਹਾਨ ਵੀ ਪਾਸ ਕਰ ਚੁੱਕਾ ਹੈ। ਮਹਿਤੇ ਦੀਆਂ ਇਹਨਾਂ ਦੋ ਯੋਗਤਾਵਾਂ ਕਰਕੇ ਉਸ ਦੇ ਜਥੇਦਾਰ ਬਨਣ ਦੀਆਂ ਨਿਕਲ ਕੇ ਆ ਰਹੀਆਂ ਅਫ਼ਵਾਹਾਂ ਵਿੱਚ ਹਕੀਕਤ ਦੀ ਤਵੱਕੋ ਲਾਈ ਜਾ ਸਕਦੀ ਹੈ। ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਨ ਵਾਲੇ ਪ੍ਰਧਾਨ ਸਮੇਤ ਸਮੁੱਚੀ ਕਾਰਜਕਾਰਨੀ ਦੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਭਾਵੇਂ ਸਿੱਖਾਂ ਵਿੱਚ ਹੁਣ ਇਹ ਕੋਈ ਭੁਲੇਖਾ ਨਹੀਂ ਰਿਹਾ ਕਿ ਇਹ ਲੋਕ ਅਜਿਹਾ ਕੀਹਦੇ ਲਈ ਕਰ ਰਹੇ ਹਨ,ਫ਼ਿਰ ਵੀ ਇਹ ਸਮਝਣਾ ਬੇਹੱਦ ਜਰੂਰੀ ਹੈ ਕਿ ਗੁਰੂ ਤੋਂ ਬੇਮੁੱਖ ਹੋ ਕੇ ਸਿੱਖੀ ਸਿਧਾਂਤਾਂ ਨੂੰ ਪੈਰਾਂ ਹੇਠ ਲਿਤਾੜਨ ਵਾਲੇ ਲੋਕਾਂ ਦੀਆਂ ਤਾਰਾਂ ਉਹਨਾਂ ਕੌਮ ਵਿਰੋਧੀਆਂ ਨਾਲ ਜੁੜਦੀਆਂ ਹਨ ਜਿਹੜੀਆਂ ਸਿੱਖ ਕੌਮ ਦੀ ਵੱਖਰੀ ਹੋਂਦ ਹਸਤੀ ਨੂੰ ਮਿਟਾ ਕੇ ਹਿੰਦੂ ਧਰਮ ਦਾ ਅੰਗ ਦਰਸ਼ਾਉਣ ਲਈ ਯਤਨਸ਼ੀਲ ਹਨ। ਜਿੰਨੀ ਦੇਰ ਸਿੱਖ ਪੰਥ ਆਪਣੀ ਨਿਆਰੀ ਹੋਂਦ ਹਸਤੀ ਦੀ ਸਲਾਮਤੀ ਲਈ ਫ਼ਿਕਰਮੰਦ ਨਹੀਂ ਹੁੰਦਾ ਓਨੀ ਦੇਰ ਇਹ ਵਰਤਾਰੇ ਵਾਪਰਦੇ ਰਹਿਣਗੇ।

# ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਹੈ...



**ਬਲਰਾਜ ਪੰਨੂੰ**

ਪੰਜਾਬ ਦੇ ਵਿੱਚ ਇਸ ਸਮੇਂ ਸਥਿਤੀ ਬੜੀ ਟੇਢੀ ਨਜ਼ਰ ਆਉਂਦੀ ਹੈ। ਸਿੱਖ ਰਾਜਨੀਤੀ ਦੇ ਵਿੱਚ ਵੱਡਾ ਖ਼ਲਾਅ ਨਜ਼ਰ ਆ ਰਿਹਾ ਹੈ। ਬੇਰੁਜ਼ਗਾਰ ਨੌਜਵਾਨ ਆਪੇ ਤੋਂ ਬਾਹਰ ਹੋ ਰਹੇ ਹਨ ਪਰ ਜਿਨ੍ਹਾਂ ਨੂੰ ਨੌਕਰੀਆਂ ਮਿਲੀਆਂ ਨੇ, ਉਹ ਵੀ ਸੜਕਾਂ ਦੇ ਉੱਤੇ ਪੁਲਿਸ ਦੇ ਨਾਲ ਗੁੱਥਮ ਗੁੱਥਾ ਹੋ ਰਹੇ ਨੇ। ਇਸ ਸਾਰੀ ਜੱਦੋ-ਜਹਿਦ ਦੇ ਵਿੱਚ ਲੰਘੇ ਦਿਨੀਂ ਮਾਲੇਰਕੋਟਲਾ ਦੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ "ਨਫ਼ਰਤ ਦੇ ਬੀਜ ਪੰਜਾਬ ਦੇ ਵਿੱਚ ਫੁੱਟਣ ਨਹੀਂ ਦੇਣੇ।" ਇਹ ਸੋਚ ਸਹੀ ਵੀ ਹੈ। ਪੰਜਾਬ ਧਰਮਾਂ, ਜਾਤਾਂ ਦੀ ਖਹਿਬੜਬਾਜ਼ੀ ਤੋਂ ਦੂਜੇ ਰਾਜਾਂ ਨਾਲੋਂ ਕਾਫ਼ੀ ਹੱਦ ਤੱਕ ਸਹੀ ਹੈ। ਪਰ ਪੰਜਾਬ ਦੇ ਵਿੱਚ ਜੋ ਹੋ ਰਿਹਾ ਹੈ, ਉਸ ਦੇ ਲਈ ਸਹੀ ਸੋਚ ਵੀ ਚਾਹੀਦੀ ਹੈ ਤੇ ਦ੍ਰਿੜ੍ਹ ਇਰਾਦਾ ਵੀ। ਭਾਵੇਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿੱਚ ਤਿੰਨ ਸਾਲ ਕੋਈ ਬਹੁਤੀ ਪ੍ਰਾਪਤੀ ਨਹੀਂ ਵੇਖਣ ਨੂੰ ਮਿਲੀ, ਪਰ ਜਿਸ ਤਰ੍ਹਾਂ ਬਾਰਡਰ 'ਤੇ ਬੈਠੇ ਕਿਸਾਨਾਂ ਦੇ ਪ੍ਰਤੀ ਸਖ਼ਤੀ ਦਿਖਾਈ, ਭ੍ਰਿਸ਼ਟਾਚਾਰੀ ਅਧਿਕਾਰੀਆਂ ਦੇ ਖ਼ਿਲਾਫ਼ ਜਿਸ ਤਰ੍ਹਾਂ ਸ਼ਿਕੰਜਾ ਕਸਿਆ ਜਾ ਰਿਹਾ ਹੈ। ਲੱਗ ਰਿਹਾ ਹੈ ਕਿ 'ਆਪ' ਸਰਕਾਰ ਦੇ ਕੋਲ ਜ਼ਿੰਮੇਵਾਰੀ ਨਿਭਾਉਣ ਤੋਂ ਇਲਾਵਾ ਹੋਰ ਕੋਈ ਰਸਤਾ ਵੀ ਨਹੀਂ ਬਚਿਆ। ਖ਼ੈਰ ਪਹਿਲੇ ਤਿੰਨ ਸਾਲਾਂ ਦੇ ਵਿੱਚ ਬਥੇਰੀਆਂ ਮਨ ਮਾਨੀਆਂ ਕੀਤੀਆਂ ਨੇ, ਜਿਥੋਂ ਤੱਕ ਕਿਸਾਨੀ ਧਰਨੇ ਨੂੰ ਉਖੇੜਨ ਦੀ ਗੱਲ ਹੈ ਭਾਵੇਂ ਕਿ ਕਿਸਾਨ ਆਗੂ ਕਹਿੰਦੇ ਨੇ ਕਿ ਭਗਵੰਤ ਮਾਨ ਨੇ ਸਾਡੇ ਨਾਲ ਧੋਖਾ ਕੀਤਾ ਹੈ ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਿਸਾਨਾਂ ਦੀ ਆਪਸੀ ਫੁੱਟ ਜੱਗ ਜ਼ਾਹਿਰ ਹੋ ਚੁੱਕੀ ਸੀ। ਚੌਧਰ ਦੀ ਭੁੱਖ ਨੇ ਕਿਸਾਨ ਏਕਤਾ ਦੇ ਵਿੱਚ ਤਰੇੜ ਪਾ ਦਿੱਤੀ ਸੀ ਤੇ ਇਸੇ ਤਰੇੜ ਦੇ ਵਿੱਚ ਕਿੱਲ ਠੋਕ ਕੇ ਸਮੇਂ ਦੀ ਸਰਕਾਰ ਨੇ ਮੌਕੇ 'ਤੇ ਚੌਕਾ ਮਾਰ ਦਿੱਤਾ। ਤੇ ਫੇਰ ਫਟਾਫਟ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸ ਦਿੱਤਾ ਕਿ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਪਾਣੀ ਪੀ ਕੇ ਆਪਣਾ ਮਰਨ ਵਰਤ ਖਤਮ ਕਰ ਦਿੱਤਾ। ਡੱਲੇਵਾਲ ਦੇ ਪਾਣੀ ਪੀਣ ਦੇ ਨਾਲ



ਸਰਕਾਰ ਨੂੰ ਰਾਹਤ ਮਿਲ ਗਈ ਹੈ। 13 ਮਹੀਨਿਆਂ ਤੋਂ ਚੱਲਿਆ ਆ ਰਿਹਾ ਧਰਨਾ ਸਰਕਾਰ ਨੇ ਜਬਰਦਸਤੀ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਚੁਕਵਾ ਦਿੱਤਾ। ਇਸ ਅੰਦੋਲਨ ਨੇ ਪੰਜਾਬ ਦੇ ਵਿੱਚ ਇਹ ਗੱਲ ਅੱਗ ਵਾਂਗੂ ਫੈਲਾ ਦਿੱਤੀ ਕਿ ਪੰਜਾਬ ਦੇ ਵਿੱਚ ਵਪਾਰ ਦਾ ਮਾਹੌਲ ਨਹੀਂ ਰਿਹਾ। ਨੈਸ਼ਨਲ ਹਾਈਵੇ ਬੰਦ ਹੋਣ ਕਰਕੇ ਇੱਥੇ ਨਿਵੇਸ਼ ਨਹੀਂ ਹੁੰਦਾ ਤੇ ਇਸ ਨਾਲ ਪੰਜਾਬ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਸਵਾਲ ਇਹ ਵੀ ਖੜ੍ਹਾ ਕੀਤਾ ਜਾਂਦਾ ਸੀ ਕਿ ਕਿਸਾਨਾਂ ਦਾ ਰੌਲਾ ਤਾਂ ਕੇਂਦਰ ਸਰਕਾਰ ਨਾਲ ਹੈ ਪਰ ਰਾਜ ਦੇ ਲੋਕਾਂ ਨੂੰ ਕਿਉਂ ਪ੍ਰੇਸ਼ਾਨ ਕਰ ਰਹੇ ਨੇ? ਕਿਸਾਨ ਅੰਦੋਲਨ ਦੇ ਨਾਲ ਪੰਜਾਬ ਨੂੰ ਕਿੰਨਾ ਨੁਕਸਾਨ ਹੋਇਆ? ਇਹ ਤਾਂ ਪਤਾ ਨਹੀਂ ਪਰ ਲੁਧਿਆਣੇ ਦੇ ਕਾਰੋਬਾਰੀਆਂ ਦਾ ਕਹਿਣੇ ਕਿ ਉਹਨਾਂ ਦਾ 300 ਕਰੋੜ ਰੁਪਏ ਦਾ ਨੁਕਸਾਨ ਹੋ ਗਿਆ।

ਸਵਾਲ ਤਾਂ ਇਹ ਵੀ ਉੱਠਦਾ ਹੈ ਕਿ ਪੰਜਾਬ ਸਰਕਾਰ ਨੇ ਹੁਣ ਇਹ ਕਦਮ ਕਿਉਂ ਉਠਾਇਆ? ਜਵਾਬ ਇਹ ਹੈ ਕਿ ਹੁਣ ਸਰਕਾਰ ਕੋਲ ਕੋਈ ਰਾਹ ਨਹੀਂ ਸੀ ਰਿਹਾ। ਦਿੱਲੀ ਵਿਧਾਨ ਸਭਾ ਚੋਣਾਂ ਦੇ ਵਿੱਚ ਹਾਰ ਤੋਂ ਬਾਅਦ 'ਆਪ' ਪਾਰਟੀ ਦੇ ਕੋਲ ਇਕਲੌਤਾ ਪੰਜਾਬ ਹੀ ਰਹਿ ਗਿਆ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਵਿੱਚ ਜਿਸ ਪਾਰਟੀ ਨੂੰ 41 ਫ਼ੀਸਦੀ ਵੋਟ ਮਿਲੇ ਸੀ, ਉਸੇ ਪਾਰਟੀ ਨੂੰ ਸਾਲ 2024 ਦੇ ਵਿੱਚ 27 ਫ਼ੀਸਦੀ ਵੋਟ ਮਿਲੇ। ਨਗਰ ਨਿਗਮ ਚੋਣਾਂ ਦੇ ਵਿੱਚ ਵੀ ਤੋੜ-ਭੰਨ ਕਰਕੇ ਦਿੱਲੀ ਵਿੱਚ ਚਾਰ ਪੰਜ ਥਾਂਵਾਂ 'ਤੇ ਹੀ ਆਪਣੇ ਮੇਅਰ ਬਣਾਉਣ ਵਿੱਚ ਸਫਲ ਹੋ ਸਕੇ। ਸੋ ਪੰਜਾਬ ਦੇ ਉੱਤੇ ਧਿਆਨ ਦੇਣਾ ਬਣਦਾ ਸੀ। ਦੂਜੇ ਪਾਸੇ ਭਗਵੰਤ ਮਾਨ ਤੇ ਕੇਜਰੀਵਾਲ ਦੀ ਰੰਗਲੀ ਜੋੜੀ ਨੇ ਲੁਧਿਆਣੇ ਪੱਛਮੀ ਦੀ ਉਪ ਚੋਣ ਨੂੰ ਮੁੱਖ ਰੱਖਦੇ ਹੋਏ ਪੱਤਾ ਖੇਡਣ ਦੀ ਕੋਸ਼ਿਸ਼ ਕੀਤੀ ਹੈ। ਇਹ ਸੀਟ 'ਆਪ' ਸਰਕਾਰ ਦੇ ਲਈ ਜਿੱਤਣਾ ਬਹੁਤ ਜ਼ਰੂਰੀ ਹੈ। ਅੰਦਾਜ਼ੇ ਤਾਂ ਇਹ ਵੀ ਲਗਾਏ ਜਾ ਰਹੇ ਨੇ ਕਿ ਇਹ ਰਾਜ ਸਭਾ ਸਾਂਸਦ ਸੰਜੀਵ ਅਰੋੜਾ ਨੂੰ ਉਥੋਂ ਚੋਣ ਲੜਾਉਣਾ ਚਾਹੁੰਦੇ ਨੇ। ਜੇ ਉਹ ਜਿੱਤ ਜਾਂਦਾ ਹੈ ਤਾਂ ਖਾਲੀ ਹੋਈ ਰਾਜ ਸਭਾ ਸੀਟ ਦੇ ਉੱਤੇ ਖੁਦ ਕੇਜਰੀਵਾਲ ਚੋਣ ਲੜਨ ਦੀ ਇੱਛਾ ਰੱਖਦੇ ਨੇ। ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਬਹੁਮਤ ਇਸ ਲਈ ਦਿੱਤਾ ਕਿ ਉਹ ਸੂਬੇ ਦੀ ਸਥਿਤੀ ਨੂੰ ਹਰਾ ਭਰਾ ਕਰੇਗੀ ਪਰ ਸਰਕਾਰ ਦੌਰਾਨ ਹਾਲਾਤ ਇਹ ਹੋ ਗਏ ਕਿ ਨਸ਼ਾ ਖ਼ਤਮ ਕਰਨ ਦੀਆਂ ਡਿਊਟੀਆਂ ਜਿੰਨਾਂ ਦੀਆਂ ਲਗਾਈਆਂ ਸੀ, ਉਹੀ ਸਰਕਾਰੀ ਬੰਦੇ ਨਸ਼ਾ ਵੇਚਦੇ ਫੜੇ ਜਾ ਰਹੇ ਨੇ। ਖ਼ੈਰ ਕੁਝ ਮਾਮਲੇ ਤਾਂ ਉਭਰ ਕੇ ਸਾਹਮਣੇ ਆ ਜਾਂਦੇ ਨੇ ਪਰ ਵੱਡੇ ਵੱਡੇ ਸਰਕਾਰੀ ਮਗਰਮੱਛ ਨਸ਼ੇ ਦੀਆਂ ਜੜਾਂ ਨੂੰ ਖਾਦ ਪਾਣੀ ਵਧੀਆ ਤਰੀਕੇ ਦੇ ਨਾਲ ਦੇ ਰਹੇ ਹਨ। ਭਾਵੇਂ ਕਿ ਲੰਘੇ ਦਿਨਾਂ ਦੇ ਵਿੱਚ ਯੋਗੀ ਅਦਿੱਤਿਆ ਨਾਥ ਦੀ ਤਰਜ਼ ਦੇ ਉੱਤੇ ਕਈ ਨਸ਼ਾ ਅਪਰਾਧੀਆਂ ਦੇ ਘਰਾਂ ਉੱਤੇ ਬੁਲਡੋਜ਼ਰ ਵੀ ਚਲਾਏ ਗਏ, ਜਿਸ ਦੀ ਆਲੋਚਨਾ ਵੀ ਹੋਈ ਤੇ ਸਵਾਲ ਵੀ ਖੜੇ ਹੋਏ ਕਿ ਸਰਕਾਰ ਵੱਡੇ ਮਗਰਮੱਛਾਂ ਦੇ ਮਹੱਲਾਂ ਦੇ ਉੱਤੇ ਬੁਲਡੋਜ਼ਰ ਕਿਉਂ ਨਹੀਂ ਚਲਾਉਂਦੀ? ਪਰ ਜੇ ਸਰਕਾਰ ਇਹ ਹਿੰਮਤ ਦਿਖਾ ਦਿੰਦੀ ਹੈ ਤਾਂ ਵਾਹਵਾ ਬੱਲੇ ਬੱਲੇ ਖੱਟ ਵੀ ਸਕਦੀ ਹੈ। ਗੱਲ ਓਹੀ ਆਉਂਦੀ ਹੈ ਕਿ ਜੇ ਨੀਅਤ ਸੱਚੀ ਅਤੇ ਸਿੱਧੀ ਹੋਵੇ।

ਚਾਣਕਿਆ ਨੇ ਕਿਹਾ ਸੀ ਕਿ "ਜੋ ਰਾਜਾ ਅਨਿਆਂ ਦੇਖ ਕੇ ਚੁੱਪ ਰਹਿੰਦਾ ਹੈ, ਰਾਜ ਧਰਮ ਨਹੀਂ ਨਿਭਾਉਂਦਾ, ਡੰਡ ਦੇਣ ਦੀ ਕੋਈ ਨੀਤੀ ਨਹੀਂ ਬਣਾਉਂਦਾ, ਉਹ ਰਾਜਾ ਆਪਣੇ ਰਾਜ ਨੂੰ ਪਤਨ ਵੱਲ ਨੂੰ ਲਿਜਾ ਰਿਹਾ ਹੁੰਦਾ ਹੈ।" ਪਰ ਸਾਡੇ ਸਾਹਮਣੇ ਤਾਂ ਕਾਂਗਰਸ, ਅਕਾਲੀ ਦਲ ਦੋ ਧਿਰਾਂ ਇਸੇ ਕੁੰਭਕਰਨੀ ਨੀਂਦ ਕਰਕੇ ਕਿਨਾਰੇ ਲੱਗੀਆਂ ਬੈਠੀਆਂ ਨੇ। ਸੋ ਭਗਵੰਤ ਮਾਨ ਸਰਕਾਰ ਨੂੰ ਵੀ ਇਹ ਚੀਜ਼ ਸਮਝ ਲੈਣੀ ਚਾਹੀਦੀ ਹੈ। ਸੂਬੇ ਦੇ ਵਿੱਚ ਵਾਰ ਵਾਰ ਰੋਸ ਮੁਜ਼ਾਹਰੇ ਹੋਣਾ ਸਰਕਾਰ ਦੀ ਛਵੀ ਨੂੰ ਧੁੰਦਲਾ ਕਰਦੇ ਨੇ। ਮੁੱਖ ਮੰਤਰੀ ਮਾਨ ਦੀ ਛਵੀ ਤਾਂ ਪਹਿਲਾਂ ਹੀ ਦਬਾਅ ਵਾਲੀ ਹੈ ਕਿਉਂਕਿ ਆਮ ਕਿਹਾ ਜਾਂਦਾ ਹੈ ਕਿ ਮਾਨ ਸਰਕਾਰ ਦਿੱਲੀ ਵਾਲੇ ਦੇ ਇਸ਼ਾਰਿਆਂ 'ਤੇ ਨੱਚਦੀ ਹੈ। ਪੰਜਾਬ ਦੇਸ਼ ਦਾ ਦੂਜਾ ਸਭ ਤੋਂ ਜ਼ਿਆਦਾ ਕਰਜ਼ਾ ਲੈਣ ਵਾਲਾ ਰਾਜ ਹੈ। ਨੀਤੀ ਆਯੋਗ ਦੇ 'ਫਿਸਕਲ ਹੈਲਥ ਇੰਡੈਕਸ' ਦੇ ਮੁਤਾਬਿਕ 18 ਵੱਡੇ ਰਾਜਾਂ ਦੀ ਗੱਲ ਕਰੀਏ ਤਾਂ ਪੰਜਾਬ ਅਖੀਰ ਦੇ ਵਿੱਚ ਹੈ। ਮਾਰਚ ਦੇ ਅਖੀਰ ਤੱਕ ਪੰਜਾਬ ਉੱਤੇ 378453 ਕਰੋੜ ਰੁਪਏ ਦਾ ਕਰਜ਼ਾ ਸੀ। 'ਆਪ' ਸਰਕਾਰ ਦੇ ਤਿੰਨ ਸਾਲਾਂ ਦੇ ਵਿੱਚ ਇਹ 95 ਹਜ਼ਾਰ ਕਰੋੜ ਰੁਪਏ ਵਧਿਆ। ਰਾਜ ਜੋ ਕਰਜ਼ਾ ਲੈਂਦਾ, ਉਸ ਦਾ 75 ਫ਼ੀਸਦੀ ਕਰਜ਼ਾ ਵਿਆਜ ਦੇ ਵਿੱਚ ਹੀ ਚਲਾ ਜਾਂਦਾ ਹੈ। ਇਸ ਤਰੀਕੇ ਨਾਲ ਵਿਕਾਸ ਦੇ ਲਈ ਵੀ ਕੋਈ ਬਹੁਤਾ ਪੈਸਾ ਨਹੀਂ ਬਚਦਾ। ਜਿਸ ਤਰੀਕੇ ਨਾਲ ਕਰਜ਼ਾ ਵੱਧ ਰਿਹਾ ਹੈ, ਉਸ ਕਰਕੇ ਇਸ ਮਸਲੇ ਨੂੰ ਗੰਭੀਰਤਾ ਦੇ ਨਾਲ ਲੈਣਾ ਚਾਹੀਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਵੱਲ ਕੌੜੀ ਅੱਖ ਦੇ ਨਾਲ ਵੇਖਦੀ ਹੈ। ਜਾਂ ਇਸ ਤਰ੍ਹਾਂ ਕਹਿ ਲਓ ਕਿ ਕੇਂਦਰ ਪੰਜਾਬ ਨੂੰ ਬਹੁਤ ਸਹਿਯੋਗ ਨਹੀਂ ਦੇ ਰਿਹਾ। ਰੰਗਲਾ ਪੰਜਾਬ ਬਣਾਉਣ ਦੀ ਰਟ ਭਗਵੰਤ ਮਾਨ ਨੇ ਸਾਲਾਂ ਤੋਂ ਲਗਾਈ ਹੋਈ ਹੈ, ਭਾਂਵੇਂ ਕਿ ਹਾਲੇ ਰੰਗਲੇ ਵਾਲੀ ਕੋਈ ਗੱਲਬਾਤ ਨਹੀਂ ਜਾਪਦੀ ਪਰ ਉਮੀਦ ਦੇ ਉੱਤੇ ਦੁਨੀਆਂ ਟਿਕੀ ਹੈ। ਰਹੀ ਗੱਲ ਪੰਜਾਬ ਦੇ ਖੁਸ਼ਹਾਲ ਵੱਸਣ ਦੀ ਤਾਂ ਹਰਜੀਤ ਹਰਮਨ ਦੇ ਗੀਤ ਦੀਆਂ ਸਤਰਾਂ ਮੁਤਾਬਿਕ ਪੰਜਾਬ ਗੁਰਾਂ ਦੀ ਕਿਰਪਾ ਦੇ ਨਾਲ ਵੱਸਦਾ ਹੈ।

# ਇੱਕ ਸਦੀ ਤੋਂ ਲਤਾੜੇ ਜਾ ਰਹੇ ਫ਼ਲਸਤੀਨ ਦੇ ਲੋਕਾਂ ਦਾ ਦੁਖਾਂਤ

**ਡਾ. ਤੇਜਿੰਦਰ ਵਿਰਲੀ**

ਇਜ਼ਰਾਇਲ-ਫ਼ਲਸਤੀਨ ਸੰਘਰਸ਼ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ ਅਤੇ ਲੱਖਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਇਸ ਵਿਵਾਦ ਦੀਆਂ ਜੜ੍ਹਾਂ ਇੱਕ ਸਦੀ ਤੋਂ ਵੀ ਵੱਧ ਸਮਾਂ ਪਹਿਲਾਂ ਬ੍ਰਿਟਿਸ਼ ਸਾਮਰਾਜ ਦੁਆਰਾ ਕੀਤੇ ਬਸਤੀਵਾਦੀ ਰਾਜ ਵਿੱਚ ਪਈਆਂ ਹਨ। 31 ਅਕਤੂਬਰ 1917 ਨੂੰ ਬ੍ਰਿਟਿਸ਼ ਫ਼ੌਜਾਂ ਨੇ ਫ਼ਲਸਤੀਨ ਨੂੰ ਓਟੋਮਨ ਤੁਰਕਾਂ ਤੋਂ ਜਿੱਤ ਲਿਆ, ਇਸ ਦੇ ਨਾਲ ਹੀ ਇਸ ਖੇਤਰ ਉੱਤੇ 1400 ਸਾਲਾ ਤੋਂ ਚੱਲੇ ਆ ਰਹੇ ਇਸਲਾਮੀ ਸ਼ਾਸਨ ਦਾ ਅੰਤ ਹੋ ਗਿਆ। ਉਸ ਸਮੇਂ ਫ਼ਲਸਤੀਨ ਵਿੱਚ ਯਹੂਦੀਆਂ ਦੀ ਕੁੱਲ ਆਬਾਦੀ ਲਗਭਗ 6% ਸੀ। 2 ਨਵੰਬਰ 1917 ਨੂੰ ਬ੍ਰਿਟੇਨ ਦੇ ਤਤਕਾਲੀ ਵਿਦੇਸ਼ ਸਕੱਤਰ ਆਰਥਰ ਬਾਲਫੋਰ ਨੇ ਬ੍ਰਿਟਿਸ਼ ਯਹੂਦੀ ਭਾਈਚਾਰੇ ਦੇ ਪ੍ਰਮੁੱਖ ਲਿਓਨਲ ਵਾਲਟਰ ਨੂੰ ਸੰਬੋਧਿਤ ਹੁੰਦਿਆਂ ਪੱਤਰ ਲਿਖਿਆ ਸੀ। ਪੱਤਰ ਛੋਟਾ ਸੀ, ਕੇਵਲ 67 ਸ਼ਬਦ ਪਰ ਇਸ ਪੱਤਰ ਵਿੱਚ ਬਿਆਨ ਕੀਤੇ ਤੱਥਾਂ ਦਾ ਫ਼ਲਸਤੀਨ ਉੱਤੇ ਭੂਚਾਲ ਵਰਗਾ ਪ੍ਰਭਾਵ ਪਿਆ ਜਿਸ ਦੀ ਕੰਬਣੀ ਅੱਜ ਤੱਕ ਮਹਿਸੂਸ ਕੀਤੀ ਜਾ ਰਹੀ ਹੈ। ਪੱਤਰ ਨੇ ਬ੍ਰਿਟਿਸ਼ ਸਰਕਾਰ ਨੂੰ 'ਫ਼ਲਸਤੀਨ ਵਿੱਚ ਯਹੂਦੀਆਂ ਲਈ ਉਨ੍ਹਾਂ ਦੇ ਖ਼ੁਦ ਦੇ ਰਾਸ਼ਟਰ ਦੀ ਸਥਾਪਨਾ' ਅਤੇ 'ਇਸ ਉਦੇਸ਼ ਦੀ ਪ੍ਰਾਪਤੀ' ਨੂੰ ਸੁਖਾਲਾ ਬਣਾਉਣ ਲਈ ਵਚਨਬੱਧਤਾ ਪ੍ਰਗਟ ਕੀਤੀ ਸੀ। ਇਸ ਪੱਤਰ ਨੂੰ ਬਾਲਫੋਰ ਐਲਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਦੂਜੇ ਸ਼ਬਦਾਂ ਵਿੱਚ ਇੱਕ ਯੂਰੋਪੀਅਨ ਸ਼ਕਤੀ ਨੇ ਯਹੂਦੀ ਅੰਦੋਲਨ ਨੂੰ ਅਜਿਹਾ ਦੇਸ਼ ਦੇਣ ਦਾ ਵਾਅਦਾ ਕੀਤਾ ਜਿੱਥੇ ਅਰਬ ਮੂਲ ਦੇ ਫ਼ਲਸਤੀਨੀਆਂ ਦੀ 90 ਪ੍ਰਤੀਸ਼ਤ ਤੋਂ ਵੱਧ ਆਬਾਦੀ ਰਹਿੰਦੀ ਸੀ।

ਇਹ ਪੱਤਰ ਲਿਖਣ ਦਾ ਕਾਰਨ ਪਹਿਲੀ ਸੰਸਾਰ ਜੰਗ ਵਿੱਚ ਯਹੂਦੀਆਂ ਦਾ ਪ੍ਰਭਾਵ ਵਰਤ ਕੇ ਅਮਰੀਕਾ ਨੂੰ ਬਰਤਾਨੀਆ ਦੇ ਹੱਕ ਵਿੱਚ ਭੁਗਤਣ ਜਾਂ ਨਿਰਪੱਖ ਰਹਿਣ ਲਈ ਤਿਆਰ ਕਰਨਾ ਸੀ। ਉਸ ਸਮੇਂ ਯਹੂਦੀਆਂ ਦਾ ਵਧੀਆ ਪ੍ਰਭਾਵ ਅਮਰੀਕਾ ਵਿੱਚ ਸੀ।

1923 ਵਿੱਚ ਬ੍ਰਿਟਿਸ਼ ਫ਼ਰਮਾਨ ਲਿਆਂਦਾ ਗਿਆ ਜੋ 1948 ਤੱਕ ਚੱਲਿਆ। ਇਸ ਸਮੇਂ ਦੌਰਾਨ ਅੰਗਰੇਜ਼ਾਂ ਨੇ ਵੱਡੇ ਪੱਧਰ 'ਤੇ ਯਹੂਦੀ ਆਵਾਸ ਦੀ ਸਹੂਲਤ ਦਿੱਤੀ। ਇਸ ਵਿੱਚੋਂ ਬਹੁਤ ਸਾਰੇ ਯਹੂਦੀ ਯੂਰੋਪ ਵਿੱਚੋਂ ਨਾਜ਼ੀਵਾਦ ਦੇ ਡਰੋਂ ਭੱਜ ਰਹੇ ਸਨ। ਯਹੂਦੀ ਆਵਾਸ ਨੂੰ ਲੈ ਕੇ ਅਰਬਾਂ ਵਿੱਚ ਰੋਸ ਸੀ ਪਰ 1930 ਤੱਕ ਹਿੰਸਾ ਇੰਨੀ ਵਿਆਪਕ ਨਹੀਂ ਸੀ।

ਅੱਜ 60 ਲੱਖ ਫ਼ਲਸਤੀਨੀ ਗੁਆਂਢੀ ਦੇਸ਼ਾਂ ਲਿਬਨਾਨ, ਸੀਰੀਆ, ਜਾਰਡਨ ਤੇ ਮਿਸਰ ਦੇ ਕੈਂਪਾਂ ਵਿੱਚ ਸ਼ਰਨਾਰਥੀਆਂ ਦੇ ਰੂਪ ਵਿੱਚ ਦਿਨ ਕਟੀ ਕਰ ਰਹੇ ਹਨ। 15 ਮਈ 1948 ਨੂੰ ਇਜ਼ਰਾਇਲ ਨੇ ਆਪਣੀ ਸਥਾਪਨਾ ਦਾ ਐਲਾਨ ਕੀਤਾ। ਅਗਲੇ ਦਿਨ ਪਹਿਲਾ ਅਰਬ-ਇਜ਼ਰਾਇਲ ਯੁੱਧ ਸ਼ੁਰੂ ਹੋਇਆ ਅਤੇ ਜਨਵਰੀ 1949 ਵਿੱਚ ਇਜ਼ਰਾਇਲ ਅਤੇ ਮਿਸਰ, ਲਿਬਨਾਨ, ਜਾਰਡਨ ਤੇ ਸੀਰੀਆ ਵਿਚਕਾਰ ਜੰਗਬੰਦੀ ਤੋਂ ਬਾਅਦ ਲੜਾਈ ਖ਼ਤਮ ਹੋ ਗਈ।

ਇਜ਼ਰਾਇਲ ਨੇ ਗ਼ਾਜ਼ਾ ਦੇ ਖ਼ਿਲਾਫ਼ ਚਾਰ ਲੰਮੇ ਫ਼ੌਜੀ ਹਮਲੇ ਕੀਤੇ ਹਨ: 2008, 2012, 2014 ਅਤੇ 2021 ਵਿੱਚ। ਇਨ੍ਹਾਂ ਫ਼ੌਜੀ ਮੁਹਿੰਮਾਂ ਵਿੱਚ ਸੈਂਕੜੇ ਬੱਚਿਆਂ ਸਮੇਤ ਹਜ਼ਾਰਾਂ



ਫ਼ਲਸਤੀਨੀ ਮਾਰੇ ਗਏ ਅਤੇ ਹਜ਼ਾਰਾਂ ਘਰ, ਸਕੂਲ, ਦਫ਼ਤਰੀ ਇਮਾਰਤਾਂ ਤਬਾਹ ਹੋ ਗਏ।

ਕਿੰਨੇ ਹੀ ਸਾਲਾਂ ਤੋਂ ਫ਼ਲਸਤੀਨੀ ਆਪਣੇ ਹੀ ਦੇਸ਼ ਵਿੱਚ ਬਿਨਾਂ ਕਿਸੇ ਆਜ਼ਾਦੀ ਤੋਂ ਰਹਿ ਰਹੇ ਹਨ। ਗ਼ਰੀਬੀ, ਅਨਪੜ੍ਹਤਾ ਅਤੇ ਸਿਹਤ ਸੇਵਾਵਾਂ ਉਨ੍ਹਾਂ ਦੀਆਂ ਮੁੱਖ ਸਮੱਸਿਆਵਾਂ ਹਨ। ਪੀਣ ਵਾਲਾ ਪਾਣੀ ਉਨ੍ਹਾਂ ਦੀ ਵੱਡੀ ਸਮੱਸਿਆ ਹੈ। ਇਜ਼ਰਾਇਲੀ ਖੇਤਰ ਵਿੱਚ ਖੜ੍ਹ ਕੇ ਫ਼ਲਸਤੀਨੀ ਬਸਤੀਆਂ ਵੱਲ ਨਜ਼ਰ ਮਾਰੋ ਤਾਂ ਦੇਖੋਗੇ ਕਿ ਫ਼ਲਸਤੀਨੀ ਅਰਬ ਕਿਸ ਹਾਲਤ ਵਿੱਚ ਰਹਿੰਦੇ ਹਨ ਅਤੇ ਯਹੂਦੀ ਕਿਸ ਹਾਲਤ ਵਿੱਚ। ਅਰਬਾਂ ਦੇ ਮਕਾਨਾਂ ਦੀਆਂ ਛੱਤਾਂ ਉੱਤੇ ਪਾਣੀ ਦੇ ਡਰੰਮ ਅਤੇ ਟੈਂਕੀਆਂ ਨਜ਼ਰ ਆਉਣਗੀਆਂ, ਅਜਿਹਾ ਇਸ ਲਈ ਕਿਉਂਕਿ ਬਹੁਤ ਥੋੜ੍ਹੇ ਦਿਨ ਹੀ ਪਾਣੀ ਮਿਲਦਾ। ਫ਼ਲਸਤੀਨੀ ਵੱਸੋਂ ਵਾਲੇ ਖੇਤਰਾਂ ਵਿੱਚ ਕੰਧ ਖੜ੍ਹੀ ਕਰ ਦਿੱਤੀ ਹੈ ਤਾਂ ਜੋ ਉਹ ਯਹੂਦੀ ਬਸਤੀਆਂ ਵਿੱਚ ਦਾਖ਼ਲ ਨਾ ਹੋ ਸਕਣ। ਸੋ, ਫ਼ਲਸਤੀਨੀ ਲੋਕਾਂ ਨੂੰ ਕਿਸੇ ਵੀ ਖੇਤਰ ਵਿੱਚ ਜਾਣ ਲਈ ਲੰਮੀ ਦੂਰੀ ਤੈਅ ਕਰਨੀ ਪੈਂਦੀ ਹੈ। ਕੰਮ 'ਤੇ ਜਾਣ ਵਾਲੇ ਫ਼ਲਸਤੀਨੀਆਂ ਦਾ ਸੁਰੱਖਿਆ ਚੌਕੀਆਂ ਤੋਂ ਗੁਜ਼ਰਨਾ ਲਾਜ਼ਮੀ ਹੈ ਜਿਸ ਵਿੱਚ ਕਈ-ਕਈ ਘੰਟੇ ਲੱਗ ਜਾਂਦੇ ਹਨ।

ਹੁਣ ਇਜ਼ਰਾਇਲ, ਗਾਜ਼ਾ ਅਤੇ ਵੈਸਟ ਬੈਂਕ ਦੇ ਫ਼ਲਸਤੀਨੀਆਂ ਲਈ ਨਾ ਤਾਂ ਵੱਖਰਾ ਦੇਸ਼ ਬਣਾਉਣ ਦੇ ਹੱਕ ਵਿੱਚ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੁਤੰਤਰਤਾ ਦੇਣ ਦੇ। ਫ਼ਲਸਤੀਨੀ ਸੁਤੰਤਰਤਾ ਦੀ ਮੰਗ ਵਿੱਚ ਜੇਕਰ ਹਿੰਸਕ ਪ੍ਰਦਰਸ਼ਨ ਹੋ ਜਾਣ ਤਾਂ ਗ਼ਾਜ਼ਾ ਅਤੇ ਫ਼ਲਸਤੀਨੀ ਅਥਾਰਿਟੀ ਦੇ ਕਬਜ਼ੇ ਵਾਲੇ ਖੇਤਰ ਵਿੱਚ ਇਜ਼ਰਾਇਲ ਇੰਨੀ ਕਰੂਰਤਾ ਨਾਲ ਨਜਿੱਠਦਾ ਹੈ ਕਿ ਹਾਲਾਤ ਸੁਧਾਰਨ ਵਿੱਚ ਕਈ ਸਾਲ ਬੀਤ ਜਾਂਦੇ ਹਨ। ਰਸਦ-ਪਾਣੀ ਦੀ ਸਮੱਸਿਆ ਬਣ ਜਾਂਦੀ ਹੈ। ਪਾਣੀ ਦੀਆਂ ਪਾਈਪਾਂ ਤਬਾਹ ਕਰ ਦਿੱਤੀਆਂ ਜਾਂਦੀਆਂ ਹਨ। ਬੱਚਿਆਂ ਨੂੰ ਮਾਰ ਦਿੱਤਾ ਜਾਂਦਾ ਹੈ।

ਰਾਕਟ ਹਮਲਿਆਂ ਨਾਲ ਨਾਗਰਿਕਾਂ ਦਾ ਮਾਨਸਿਕ ਤਣਾਅ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਬੱਚਿਆਂ ਅਤੇ ਬਜ਼ੁਰਗਾਂ ਨੂੰ ਮਾਨਸਿਕ ਰੋਗਾਂ ਦੇ ਮਾਹਿਰ ਕੋਲ ਦਿਖਾਉਣਾ ਪੈਂਦਾ ਹੈ। ਅਜਿਹੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਜ਼ਰਾਇਲ ਸਰਕਾਰ ਨੇ ਸ਼ਹਿਰ ਵਿੱਚ ਹਰ ਪਾਸੇ ਨਾਗਰਿਕ ਸੁਰੱਖਿਆ ਬੰਕਰ ਬਣਾਏ ਹੋਏ ਹਨ ਜਿੱਥੇ ਕੋਈ ਵੀ ਵਿਅਕਤੀ 8 ਸਕਿੰਟ ਦੇ ਅੰਦਰ-ਅੰਦਰ ਦੌੜ ਕੇ ਬੰਕਰਾਂ ਵਿੱਚ ਜਾ ਸਕੇ। ਪਾਰਕਾਂ ਵਿੱਚ ਬੱਚਿਆਂ ਦੇ ਖੇਡਣ ਲਈ ਬਹੁਤ ਸਾਰੇ ਬੰਕਰ ਖਿਡੌਣੇ ਦੇ ਰੂਪ 'ਚ ਬਣਾਏ ਗਏ ਹਨ ਅਤੇ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਕੋਈ ਇਸ ਤਰ੍ਹਾਂ ਦੀ ਅਵਾਜ਼ ਸੁਣਾਈ ਦੇਵੇ ਤਾਂ ਉਸ ਵਿੱਚ ਚਲੇ ਜਾਣਾ ਹੈ।

ਸੰਯੁਕਤ ਰਾਸ਼ਟਰ ਸੰਘ ਦੇ ਪ੍ਰਸਤਾਵਾਂ ਨੂੰ ਇਜ਼ਰਾਇਲ ਨਜ਼ਰਅੰਦਾਜ਼ ਕਰਦਾ ਰਿਹਾ ਹੈ। ਅਮਰੀਕਾ ਇਜ਼ਰਾਇਲ ਦੀਆਂ ਨੀਤੀਆਂ ਦਾ ਖੁੱਲ੍ਹ ਕੇ ਸਮਰਥਨ ਕਰ ਰਿਹਾ ਹੈ। ਇਸ ਬਦਲੇ ਇਜ਼ਰਾਇਲ ਪੱਛਮੀ ਏਸ਼ੀਆ ਵਿੱਚ ਕੱਚੇ ਤੇਲ ਦੇ ਸਾਧਨਾਂ ਉੱਤੇ ਕਬਜ਼ਾ ਕਰਨ ਵਿੱਚ ਅਮਰੀਕਾ ਦੀ ਮਦਦ ਕਰਦਾ ਰਿਹਾ ਹੈ। ਦੁਨੀਆਂ ਵਿੱਚ ਸ਼ਾਇਦ ਹੀ ਕੋਈ ਭਾਈਚਾਰਾ ਇੰਨਾ ਪੀੜਤ ਹੋਵੇ ਜਿੰਨਾ ਫ਼ਲਸਤੀਨ ਅੱਜ ਹੈ।

# ਕੀ ਵਿਸਾਖੀ ਸਿਰਫ਼ ਸਿੱਖਾਂ ਦਾ ਤਿਉਹਾਰ ਹੈ ?



ਸੁਰਿੰਦਰ ਸਿੰਘ ਤੇਜ

ਪਾਕਿਸਤਾਨ ਅਖ਼ਬਾਰ 'ਦਿ ਨਿਊਜ਼' ਦੇ (10 ਅਪ੍ਰੈਲ) 2024 ਦੇ ਅੰਕ ਵਿੱਚ ਮਸਰੂਰ ਅਹਿਮਦ ਨਾਮ ਦੇ ਪਾਠਕ ਦੀ ਨਿੱਕੀ ਜਿਹੀ ਚਿੱਠੀ ਛਪੀ ਸੀ: ਵਿਸਾਖੀ ਕਦੋਂ ਪਾਕਿਸਤਾਨ ਪਰਤੇਗੀ ? ਕੀ ਇਹ ਸਿਰਫ਼ ਸਿੱਖਾਂ ਦਾ ਹੀ ਤਿਉਹਾਰ ਹੈ, ਸਾਰੇ ਪੰਜਾਬੀਆਂ ਦਾ ਨਹੀਂ ? ਇਸ ਚਿੱਠੀ ਦੇ ਜਵਾਬ ਵਿੱਚ ਸੰਪਾਦਕੀ ਟਿੱਪਣੀ ਹੈ, ਅਸਲ ਚਿੱਠੀ ਨਾਲੋਂ ਵੱਡੀ: ਵਿਸਾਖੀ ਪਾਕਿਸਤਾਨ ਵਿੱਚ ਵੀ ਮਨਾਈ ਜਾਂਦੀ ਹੈ। ਸਿਰਫ਼ ਸਿੱਖਾਂ ਜਾਂ ਹਿੰਦੂਆਂ ਵੱਲੋਂ ਨਹੀਂ, ਮੁਸਲਮਾਨਾਂ ਤੇ ਇਸਾਈਆਂ ਵੱਲੋਂ ਵੀ। ਮਜ਼ਹਬੀ ਨਹੀਂ, ਤਹਿਜ਼ੀਬੀ ਤਿਉਹਾਰ ਦੇ ਰੂਪ ਵਿੱਚ, ਬਸੰਤ ਪੰਚਮੀ ਵਾਂਗ। ਇਹ ਅਖ਼ਬਾਰ ਕੁਝ ਧਿਆਨ ਨਾਲ ਪੜ੍ਹ ਲਿਆ ਕਰੋ, ਖ਼ਾਸ ਕਰ ਕੇ 13-14-15 ਅਪ੍ਰੈਲ ਨੂੰ। ਵਿਸਾਖੀ ਬਾਰੇ ਉਪਰੋਕਤ ਦਾਅਵਾ ਹੈ ਵੀ ਸਹੀ। ਨਵੇਂ ਫ਼ਸਲ ਵਰ੍ਹੇ ਦੇ ਆਗਾਜ਼ ਸਮੇਂ ਦੀਆਂ ਖ਼ੁਸ਼ੀਆਂ-ਖੇੜਿਆਂ ਵਾਲਾ ਇਹ ਤਿਉਹਾਰ ਭਾਰਤੀ ਉਪ-ਮਹਾਂਦੀਪ ਦੇ ਉੱਤਰ ਪੱਛਮੀ ਖਿੱਤੇ ਵਿੱਚ ਹਜ਼ਾਰ ਵਰ੍ਹੇ ਤੋਂ ਵੀ ਪਹਿਲਾਂ ਤੋਂ ਮਨਾਇਆ ਜਾ ਰਿਹਾ ਹੈ। ਖ਼ਾਲਸਾ ਪੰਥ ਦੇ ਜਨਮ ਵਰ੍ਹੇ ਤੋਂ ਤਕਰੀਬਨ ਸੱਤ ਸਦੀਆਂ ਪਹਿਲਾਂ ਤੋਂ। ਇਸ ਦੀ ਪੁਰਾਤਨਤਾ ਦੇ ਸਬੂਤ ਕਟਾਸਰਾਜ ਤੀਰਥ, ਦਰਬਾਰ ਹਜ਼ਰਤ ਬਾਬਾ ਸ਼ੇਖ ਫ਼ਰੀਦ (ਪਾਕਿ ਪਟਨ) ਜਾਂ ਠਾਕੁਰਦਵਾਰਾ ਭਗਵਾਨ ਨਰਾਇਣ ਜੀ (ਗੁਰਦਾਸਪੁਰ) ਵਿੱਚ ਲੱਗਦੇ ਮੇਲਿਆਂ ਦੇ ਇਤਿਹਾਸ ਵਿੱਚ ਮੌਜੂਦ ਹਨ। ਉਂਝ ਵੀ ਇਹ ਸਿਰਫ਼ ਪੰਜਾਬੀਆਂ ਜਾਂ ਉੱਤਰ ਭਾਰਤੀਆਂ ਦਾ ਤਿਉਹਾਰ ਨਹੀਂ, ਨਵ-ਫ਼ਸਲੀ ਵਰ੍ਹੇ ਦੀ ਸ਼ੁਰੂਆਤ ਵਜੋਂ ਖ਼ੁਸ਼ੀਆਂ ਮਨਾਉਣ ਤੇ ਆਪੋ-ਆਪਣੇ ਧਾਰਮਿਕ ਇਸ਼ਟਾਂ ਦਾ ਸ਼ੁਕਰਾਨਾ ਕਰਨ ਦੇ ਉੱਦਮ ਵਜੋਂ ਸਮੁੱਚੇ ਦੱਖਣੀ ਏਸ਼ੀਆ ਵਿੱਚ ਵੱਖ-ਵੱਖ ਨਾਵਾਂ ਹੇਠ ਮਨਾਇਆ ਜਾਣ ਵਾਲਾ ਉਤਸਵ ਹੈ; ਇਰਾਨ ਦੀ ਪੂਰਬੀ ਸਰਹੱਦ ਤੋਂ ਲੈ ਕੇ ਮਿਆਂਮਾਰ ਦੇ ਉੱਤਰੀ ਸੂਬਿਆਂ ਤੱਕ। ਕਿਤੇ 13, ਕਿਤੇ 14 ਤੇ ਕਿਤੇ 15 ਅਪ੍ਰੈਲ ਨੂੰ।



ਇਹ ਕੋਈ ਅਤਿਕਥਨੀ ਨਹੀਂ ਕਿ ਵਿਸਾਖੀ (ਜਾਂ ਵੈਸਾਖੀ) ਨੂੰ ਜਿਹੜੀ ਬਸੰਤੀ ਰੰਗਤ, ਖ਼ਾਲਸਾ ਸਾਜਨਾ ਦਿਵਸ ਵਜੋਂ ਮਿਲੀ, ਉਸ ਨੇ ਹੋਰਨਾਂ ਰੰਗਾਂ ਦੀ ਆਭਾ ਮੁਕਾਬਲਤਨ ਫ਼ਿੱਕੀ ਪਾ ਦਿੱਤੀ। ਕੇਸਰੀ ਰੰਗ ਵਿਸਮਾਦ ਵਾਲੀ ਅਵਸਥਾ ਦਾ ਰੰਗ ਹੈ; ਇਹ ਰੂਹ ਦੇ ਕਰਤਾਰ ਨਾਲ ਇੱਕ-ਮਿਕ ਹੋਣ ਵਾਲੀ ਅਵਸਥਾ ਦਾ ਰੰਗ ਮੰਨਿਆ ਜਾਂਦਾ ਹੈ। ਹੁਨਾਲ ਦੇ ਆਰੰਭ ਦੇ ਦਿਨਾਂ ਵਿੱਚ ਵੱਧ ਚਮਕੀਲਾ, ਵੱਧ ਚਟਕੀਲਾ। ਖ਼ਾਲਸੇ ਦੇ ਨਿਵੇਕਲੇ ਸਰੂਪ ਨੂੰ ਵੱਧ ਦ੍ਰਿਸ਼ਟੀਮਾਨ, ਵੱਧ ਮੁਖ਼ਰਿਤ ਬਣਾਉਣ ਵਾਲਾ। ਇਸੇ ਵਰਤਾਰੇ ਨੇ ਵਿਸਾਖੀ ਦੇ ਜਸ਼ਨਾਂ ਨੂੰ ਮੁੱਖ ਤੌਰ 'ਤੇ ਖਾਲਸਈ ਰੰਗਤ ਵਿੱਚ ਰੰਗਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 'ਫ਼ਸਲਾਂ ਦੀ ਮੁੱਕ ਗਈ ਰਾਖੀ' ਵਾਲਾ ਦਿਨ, ਨਵੇਂ ਪੰਥ ਦੀ ਸਥਾਪਨਾ ਵਾਲੇ ਦਿਨ ਦਾ ਅਕਸ ਗ੍ਰਹਿਣ ਗਿਆ। ਇਹ ਛਬ ਘਟਣ ਦੀ ਸੰਭਾਵਨਾ ਵੀ ਹੁਣ ਅਸੁਭਾਵਿਕ ਜਾਪਦੀ ਹੈ।

ਆਨੰਦਪੁਰ ਸਾਹਿਬ ਵਿਖੇ 30 ਮਾਰਚ 1699 ਨੂੰ ਵਿਸਾਖੀ ਮੌਕੇ ਖ਼ਾਲਸਾ ਪੰਥ ਦੀ ਸਥਾਪਨਾ ਤੋਂ ਪਹਿਲਾਂ ਵੀ ਸਿੱਖ ਸੰਗਤ, ਵਿਸਾਖੀ ਨੂੰ ਸੱਭਿਆਚਾਰਕ ਉਤਸਵ ਦੀ ਥਾਂ ਧਰਮ-ਉਤਸਵ ਦੇ ਰੂਪ ਵਿੱਚ ਮਨਾਉਂਦੀ ਆ ਰਹੀ ਸੀ, ਇਸ ਦੀ ਪੁਸ਼ਟੀ 'ਮਹਾਨ ਕੋਸ਼' ਤੋਂ ਹੁੰਦੀ ਹੈ। ਇਸ ਕੋਸ਼ ਮੁਤਾਬਿਕ ਗੁਰ-ਦਰਸ਼ਨ ਲਈ ਵੈਸਾਖੀ ਦੇ ਦਿਨ ਦੇਸ਼-ਦੇਸਾਂਤਰਾਂ ਦੀ ਸੰਗਤਿ ਦਾ ਏਕਤ੍ਰ ਹੋਣਾ ਅਰਥਾਤ ਵੈਸਾਖੀ ਦਾ ਮੇਲਾ, ਸਭ ਤੋਂ ਪਹਿਲਾਂ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਗੁਰੂ ਅਮਰਦਾਸ ਜੀ ਦੀ ਆਗਯਾ ਨਾਲ ਕਾਇਮ ਕੀਤਾ। ਖ਼ਾਲਸਾ ਪੰਥ ਦਾ ਇਹ ਜਨਮ ਦਿਨ ਭੀ ਹੈ, ਇਸ ਲਈ ਸਿੱਖਾਂ ਦਾ ਮਹਾਨ ਦਿਨ ਹੈ। (ਪੰਨਾ 1110)। ਗਿਆਨੀ ਗਿਆਨ ਸਿੰਘ ਮੁਤਾਬਿਕ, ਇਹ ਤੀਜੇ ਗੁਰੂ ਦੀ ਮਿਹਰੇ-ਨਜ਼ਰ ਨਾਲ ਆਰੰਭੇ ਧਾਰਮਿਕ ਅਨੁਸ਼ਠਾਨ ਦਾ ਹੀ ਆਸਰਾ ਸੀ ਕਿ ਕਲਗੀਧਰ ਨੇ ਇਸ ਤਿਉਹਾਰ ਸਿੱਖੀ ਨੂੰ 'ਨਵਾਂ ਵੇਸ, ਨਵਾਂ ਭੇਸ' ਬਖ਼ਸ਼ਣ ਲਈ ਚੁਣਿਆ। ਇਹ ਕਾਰਜ ਸੰਪੂਰਨ ਹੋਣ 'ਤੇ ਕਲਗੀਧਰ ਨੇ ਨਵ-ਸਥਾਪਿਤ ਖ਼ਾਲਸਾ ਕੌਮ ਦੇ ਗੁਣ ਇਸ ਸ਼ਬਦ ਰਾਹੀਂ ਪ੍ਰਗਟਾਏ:

ਜਾਗਤ ਜੋਤ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨਾ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੋਰ ਮੜ੍ਹੀ ਮਟ ਭੂਲ ਨਾ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ,
ਤਬ ਖ਼ਾਲਸ ਤਾਹਿ ਨਾਖਾਲਸ ਜਾਨੈ॥

(33 ਸਵੱਯੇ)।

ਆਨੰਦਪੁਰ ਸਾਹਿਬ ਵਿਖੇ ਵਿਸਾਖੀ ਦਾ ਇਹ ਜਾਹੋ-ਜਲਾਲ 1703 ਤੱਕ ਰਿਹਾ। ਇਸ ਤੋਂ ਬਾਅਦ ਮੁਗ਼ਲ ਹਕੂਮਤ ਅਤੇ 22 ਧਾਰ ਦੇ ਰਾਜਿਆਂ ਨਾਲ ਜੰਗਾਂ-ਯੁੱਧਾਂ ਨੇ ਕਲਗੀਧਰ ਤੇ ਉਨ੍ਹਾਂ ਦੇ ਮੁਰੀਦਾਂ ਨੂੰ ਦੋ ਵਰ੍ਹੇ ਜਸ਼ਨਾਂ ਤੋਂ ਦੂਰ ਰੱਖਿਆ। ਵਿਸਾਖੀ ਉਤਸਵ ਦੀ ਵਾਪਸੀ 1706 ਵਿੱਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਹੋਈ ਜਿੱਥੇ ਦਸਮ ਪਿਤਾ ਦੇ ਹੁਕਮਾਂ 'ਤੇ ਫ਼ੁੱਲ ਚੜ੍ਹਾਉਂਦਿਆਂ ਬੇਸ਼ੁਮਾਰ ਸੰਗਤ ਜੁੜੀ। ਇਤਿਹਾਸ ਦੱਸਦਾ ਹੈ ਕਿ ਉਸ ਸਮਾਗਮ ਵਿੱਚ ਸਵਾ ਲੱਖ ਤੋਂ ਵੀ ਵੱਧ ਗੁਰੂ ਪਿਆਰਿਆਂ ਨੇ ਅੰਮ੍ਰਿਤਪਾਨ ਕੀਤਾ। 1708 ਮਗਰੋਂ ਸਿੱਖਾਂ 'ਤੇ ਜ਼ੁਲਮ-ਓ-ਤਸ਼ੱਦਦ ਦਾ ਦੌਰ ਵਧ ਗਿਆ, ਇਸ ਲਈ ਤਲਵੰਡੀ ਸਾਬੋ ਵਿਖੇ ਵਿਸਾਖੀ ਦੇ ਜਸ਼ਨਾਂ ਵਿੱਚ ਵਿਘਨ ਪਿਆ ਪਰ ਤਸ਼ੱਦਦ ਦਾ ਦੌਰ ਮੱਠਾ ਪੈਂਦਿਆਂ ਹੀ ਦਮਦਮਾ ਸਾਹਿਬ ਦੇ ਮਹੰਤ, ਗਿਆਨੀ ਭਗਵਾਨ ਸਿੰਘ ਦੇ ਯਤਨਾਂ ਸਦਕਾ ਵਿਸਾਖੀ ਪੁਰਬ ਐਸਾ ਸੁਰਜੀਤ ਹੋਇਆ ਕਿ ਇਸ ਦਾ ਜਲੌਅ ਹੁਣ ਸਭ ਤੋਂ ਨਿਵੇਕਲਾ ਮੰਨਿਆ ਜਾਂਦਾ ਹੈ। ਇਹ ਸਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਆਨੰਦਪੁਰ ਸਾਹਿਬ ਵਿਖੇ ਵੀ ਵਿਸਾਖੀ ਮੌਕੇ ਸ਼ਰਧਾਵਾਨ ਹੁੰਮ-ਹੁਮਾ ਕੇ ਪੁੱਜਦੇ ਹਨ ਪਰ ਦਮਦਮਾ ਸਾਹਿਬ ਵਾਲਾ ਜੋੜ ਮੇਲਾ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ।

ਕੁਝ ਇਸੇ ਹੀ ਤਰਜ਼ 'ਤੇ ਜਲਵਾ ਹੋਰਨਾਂ ਸੂਬਿਆਂ ਵਿੱਚ ਵੀ ਨਜ਼ਰ ਆਉਂਦਾ ਹੈ, ਖ਼ਾਸ ਤੌਰ 'ਤੇ ਬੰਗਲਾ ਮੂਲ ਦੇ ਲੋਕਾਂ ਦੀ ਵਸੋਂ ਵਾਲੇ ਸੂਬਿਆਂ- ਪੱਛਮੀ ਬੰਗਾਲ, ਅਸਾਮ, ਤ੍ਰਿਪੁਰਾ, ਬਿਹਾਰ, ਝਾਰਖੰਡ ਤੇ ਨਾਲ ਹੀ ਬੰਗਲਾਦੇਸ਼ ਵਿੱਚ ਇਨ੍ਹੀਂ ਥਾਈਂ ਫ਼ਸਲੀ ਵਰ੍ਹੇ ਦਾ ਆਗਾਜ਼ 'ਪੌਇਲਾ ਬੈਸਾਖੀ' 'ਸ਼ੁਭੋ ਨੌਬੋਬੋਰਸ' (ਸ਼ੁਭ ਨਵ-ਵਰਸ਼) ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹ ਅਮੂਮਨ ਵਿਸਾਖੀ ਤੋਂ ਅਗਲੇ ਦਿਨ, ਭਾਵ, 14 ਜਾਂ 15 ਅਪ੍ਰੈਲ ਤੋਂ ਆਰੰਭ ਹੁੰਦਾ ਹੈ। ਇਸ ਨੂੰ ਹਿੰਦੂ ਤੇ ਮੁਸਲਮਾਨ ਇੱਕੋ ਜਿਹੇ ਉਤਸ਼ਾਹ ਨਾਲ ਮਨਾਉਂਦੇ ਹਨ। ਹਿੰਦੂ ਗੰਗਾ, ਹੁਗਲੀ ਤੇ ਹੋਰ ਨਦੀਆਂ ਵਿੱਚ ਇਸ਼ਨਾਨ ਤੇ ਪੂਜਾ ਪਾਠ ਮਗਰੋਂ ਦਿਵਾਲੀ ਵਰਗੇ ਉਤਸ਼ਾਹ ਨਾਲ ਜਸ਼ਨਾਂ ਵਿੱਚ ਸ਼ਰੀਕ ਹੁੰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਇਸ ਤਿਉਹਾਰ ਦਾ ਆਰੰਭ ਮੁਗਲ ਬਾਦਸ਼ਾਹ ਜਲਾਲੂਦੀਨ ਮੁਹੰਮਦ ਅਕਬਰ ਨੇ ਕੀਤਾ ਸੀ। ਅਕਬਰ ਦੇ ਰਾਜ ਕਾਲ ਤੋਂ ਪਹਿਲਾਂ ਕਾਸ਼ਤਕਾਰਾਂ ਤੋਂ ਮਾਲੀਆ, ਹਿਜਰੀ ਵਰ੍ਹੇ ਦੇ ਅੱਧ ਸਮੇਂ ਤੋਂ ਵਸੂਲਿਆ ਜਾਂਦਾ ਸੀ। ਕਾਸ਼ਤਕਾਰਾਂ ਕੋਲ ਉਸ ਸਮੇਂ ਨਾ ਤਾਂ ਪੈਸਾ ਹੁੰਦਾ ਸੀ ਅਤੇ ਨਾ ਹੀ ਉਪਜ। ਸਭ ਸਦੀਆਂ ਤੋਂ ਚਲੀ ਆ ਰਹੀ ਇਸ ਪ੍ਰਥਾ ਅੰਦਰਲੀਆਂ ਖ਼ਾਮੀਆਂ ਨੂੰ ਬੰਗਾਲ ਦੇ ਤੱਤਕਾਲੀ ਸੂਬੇਦਾਰ, ਨਵਾਬ ਮੁਰਸ਼ਦ ਕੁਲੀ ਖਾਨ ਨੇ ਬਾਦਸ਼ਾਹ ਦੇ ਧਿਆਨ ਵਿੱਚ ਲਿਆਂਦਾ। ਬਾਦਸ਼ਾਹ ਨੇ ਮਾਲੀਆ, ਬੰਗਾਲੀ ਨਵ-ਰੋਜ਼ ਸਮੇਂ ਉਗਰਾਹੁਣ ਦਾ ਫ਼ਰਮਾਨ ਜਾਰੀ ਕਰ ਦਿੱਤਾ। ਇਸ ਫ਼ਰਮਾਨ ਸਦਕਾ ਮਿਲੀ ਰਾਹਤ ਨੂੰ ਬੰਗਾਲੀ ਵਸੋਂ ਨੇ ਉਤਸਵ ਦੇ ਰੂਪ ਵਿੱਚ ਮਨਾਉਣਾ ਵਾਜਿਬ ਸਮਝਿਆ। ਇਹ ਦਿਨ ਬੰਗਾਲੀ ਸਭਿਅਤਾ ਦਾ ਅਤਿਅੰਤ ਅਹਿਮ ਹਿੱਸਾ ਬਣ ਗਿਆ।

ਬੰਗਾਲੀਆਂ ਵਾਂਗ ਮਲਿਆਲੀ ਵੀ ਨਵ-ਵਰ੍ਹਾ ਵੈਸਾਖੀ ਦੀ ਪਹਿਲੀ ਤਰੀਕ ਨੂੰ ਮਨਾਉਂਦੇ ਹਨ। ਕੇਰਲ ਤੇ ਉੱਤਰੀ ਕਰਨਾਟਕ ਵਿੱਚ ਇਸ ਤਿਉਹਾਰ ਦਾ ਨਾਮ ਵਿਸ਼ੂ ਹੈ। ਦਿਵਾਲੀਨੁਮਾ ਤਿਉਹਾਰ। ਭਗਵਾਨ ਵਿਸ਼ਨੂੰ ਨੂੰ ਹਰ ਕਿਸਮ ਦੇ ਫ਼ਸਲੀ ਚੜ੍ਹਾਵੇ ਚੜ੍ਹਾਉਣ ਦਾ ਤਿਉਹਾਰ। ਤਾਮਿਲਨਾਡੂ ਤੇ ਉੱਤਰੀ ਸ੍ਰੀਲੰਕਾ ਵਿੱਚ ਵਿਸਾਖ ਦੀ ਪਹਿਲੀ ਤਰੀਕ ਪੁਡਾਂਡੂ ਉਤਸਵ ਹੈ ਭਗਵਾਨ ਵਿਸ਼ਨੂੰ ਨੂੰ ਸਮਰਪਿਤ ਦਿਨ। ਅਸਾਮ ਤੇ ਮਨੀਪੁਰ ਵਿੱਚ ਫ਼ਸਲਾਂ ਦੇ ਤਿੰਨ ਸੀਜ਼ਨ, ਤਿੰਨ ਬੀਹੂ ਹੁੰਦੇ ਹਨ ਪਰ 14 ਅਪ੍ਰੈਲ ਵਾਲਾ ਬੀਹੂ ਸਭ ਤੋਂ ਵੱਧ ਅਹਿਮ ਮੰਨਿਆ ਜਾਂਦਾ ਹੈ। ਇਸ ਨੂੰ ਬੋਹਾਂਗ (ਭਰਪੂਰ) ਜਾਂ ਰੌਂਗਲੀ (ਰੰਗਲੀ) ਬੀਹੂ ਕਿਹਾ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# ਸਿੱਖਿਆ ਦੇ ਵਪਾਰੀਕਰਨ ਨੇ ਸਿੱਖਿਆ ਦੇ ਮਿਆਰ ਨੂੰ ਕਿਸ ਹੱਦ ਤੱਕ ਢਾਹ ਲਾਈ ?



ਡਾ. ਅਮਨਪ੍ਰੀਤ ਸਿੰਘ ਬਰਾੜ

ਵਿੱਦਿਆ ਦੇ ਨਿੱਜੀਕਰਨ ਨੇ ਸਰਕਾਰਾਂ ਦਾ ਧਿਆਨ ਸਰਕਾਰੀ ਸੰਸਥਾਵਾਂ ਤੋਂ ਘਟਾ ਦਿੱਤਾ ਹੈ। ਜਿਸ ਕਾਰਨ ਨਿੱਜੀਕਰਨ 'ਚ ਬੇਤਹਾਸ਼ਾ ਵਾਧਾ ਹੋਣ ਕਰਕੇ ਵਿੱਦਿਆ ਦਾ ਮਿਆਰ ਦਿਨ-ਬ-ਦਿਨ ਘਟਦਾ ਗਿਆ। ਨਿੱਜੀ ਵਿੱਦਿਅਕ ਅਦਾਰਿਆਂ 'ਤੇ ਕੋਈ ਕੰਟਰੋਲ ਨਹੀਂ ਰਿਹਾ, ਜੇ ਕੋਈ ਕਾਨੂੰਨ ਹੈ ਵੀ ਤਾਂ ਉਹ ਲਾਗੂ ਕਰਨ ਵਾਲੇ ਠੱਪ ਕਰ ਦਿੰਦੇ ਹਨ। ਪੀ.ਐੱਚ.ਡੀ. (ਡਾਕਟਰ ਆਫ ਫਿਲਾਸਫੀ) ਪੜ੍ਹਾਈ 'ਚ ਸਰਬੋਤਮ ਡਿਗਰੀ ਮੰਨੀ ਜਾਂਦੀ ਹੈ। ਕਿਸੇ ਵੇਲੇ ਪੀ.ਐੱਚ.ਡੀ. ਕਰਨ ਵਾਲੇ ਦਾ ਵਿੱਦਿਅਕ ਖੇਤਰ ਤੇ ਸਮਾਜ 'ਚ ਬੜਾ ਰੁਤਬਾ ਤੇ ਮਾਣ-ਸਨਮਾਨ ਹੁੰਦਾ ਸੀ ਕਿਉਂਕਿ ਇਸ ਦਾ ਅਰਥ ਸੀ ਕਿ ਇਹ ਨਵੀਂ ਖੋਜ ਨਾਲ ਆਪਣੇ ਵਿਸ਼ੇ ਨੂੰ ਅੱਗੇ ਵਧਾਉਣਗੇ ਅਤੇ ਨਵੀਂ ਪੀੜ੍ਹੀ ਨੂੰ ਸੇਧ ਦੇ ਕੇ ਸਮਾਜ ਅਤੇ ਦੇਸ਼ ਨੂੰ ਅੱਗੇ ਲਿਜਾਣਗੇ। ਪਰ ਹੌਲੀ-ਹੌਲੀ ਇਹ ਡਿਗਰੀ ਨਿੱਜੀਕਰਨ ਦੀ ਭੇਟ ਚੜ੍ਹ ਗਈ, ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਟੀਆਂ 'ਚ ਦੌੜ ਲੱਗ ਗਈ ਕਿ ਯੂ.ਜੀ.ਸੀ. ਦੇ ਨਿਯਮ ਪੂਰੇ ਕਰਨ ਲਈ ਘੱਟੋ-ਘੱਟ ਤੁਹਾਡੇ ਇੰਨੇ ਅਧਿਆਪਕ ਪੀ.ਐੱਚ.ਡੀ. ਹੋਣੇ ਚਾਹੀਦੇ ਹਨ। ਪਹਿਲਾਂ ਇਹ ਕਮੀ ਸਰਕਾਰੀ ਯੂਨੀਵਰਸਿਟੀਆਂ ਤੇ ਹੋਰ ਸਰਕਾਰੀ ਵਿੱਦਿਅਕ ਅਦਾਰਿਆਂ ਤੋਂ ਸੇਵਾਮੁਕਤ ਹੋਏ ਪ੍ਰੋਫ਼ੈਸਰਾਂ ਨਾਲ ਪੂਰੀ ਕੀਤੀ ਗਈ, ਕਿਉਂਕਿ ਉਹ ਘੱਟ ਤਨਖਾਹ 'ਤੇ ਲੱਗ ਜਾਂਦੇ ਸਨ। ਫਿਰ ਜਦੋਂ ਉਨ੍ਹਾਂ ਦੀ ਉਮਰ ਵਧਣ ਲੱਗੀ ਅਤੇ ਮਿਆਰੀ ਪੀ.ਐੱਚ.ਡੀ. ਵਾਲੇ ਮਹਿੰਗੇ ਮਿਲਣ ਲੱਗੇ ਤਾਂ ਕਈ ਪ੍ਰਾਈਵੇਟ ਅਦਾਰਿਆਂ ਨੇ ਆਪਣੇ ਪੀ.ਐੱਚ.ਡੀ. ਪ੍ਰੋਗਰਾਮ ਚਲਾ ਲਏ। ਇਸ 'ਚ ਦਾਖ਼ਲੇ ਲਈ ਵੀ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਗਈਆਂ, ਜਿਵੇਂ ਕਿ ਜਨਰਲ ਸ਼੍ਰੇਣੀ ਲਈ 60 ਫ਼ੀਸਦੀ ਤੋਂ ਘੱਟ ਅਤੇ ਐੱਸ.ਸੀ./ਬੀ.ਸੀ. 'ਚ 55 ਫ਼ੀਸਦੀ ਤੋਂ ਘੱਟ ਨੰਬਰ ਲੈਣ ਵਾਲੇ ਵੀ ਪੀ.ਐੱਚ.ਡੀ. 'ਚ ਦਾਖ਼ਲਾ ਲੈ ਸਕਦੇ ਹਨ। ਇਸ ਦੇ ਨਾਲ ਹੀ ਸੀਟਾਂ ਵੀ ਜਿੰਨੀਆਂ ਮਰਜ਼ੀ ਵਧਾ ਲਵੋ।




ਮੇਘਾਲਿਆ ਦੀ ਇੱਕ ਨਿੱਜੀ ਯੂਨੀਵਰਸਿਟੀ ਨੇ 434 ਪੀ.ਐੱਚ.ਡੀ. ਦੀਆਂ ਡਿਗਰੀਆਂ ਇਕੋ ਸਾਲ 'ਚ ਦਿੱਤੀਆਂ, ਜਦਕਿ ਉਸ ਸਮੇਂ ਯੂਨੀਵਰਸਟੀ ਕੋਲ ਪੀ.ਐੱਚ.ਡੀ. ਕਰਵਾਉਣ ਵਾਲੇ ਸਿਰਫ਼ 10 ਹੀ ਅਧਿਆਪਕ ਸਨ। ਉਸ ਵੇਲੇ ਖ਼ਬਰਾਂ 'ਚ ਆਇਆ ਸੀ ਕਿ 1.27 ਲੱਖ 'ਚ ਪੀ.ਐੱਚ.ਡੀ. ਦੀ ਡਿਗਰੀ ਮਿਲ ਜਾਂਦੀ ਹੈ। ਜਦੋਂ ਇਹ ਡਿਗਰੀਆਂ ਰੱਦ ਹੋਈਆਂ ਤਾਂ ਪੰਜਾਬ ਦੇ ਕਈ ਅਧਿਆਪਕਾਂ ਨੂੰ ਵੀ ਰਗੜਾ ਲੱਗਿਆ। ਇਸ ਤੋਂ ਬਾਅਦ 'ਟਾਈਮਜ਼ ਆਫ਼ ਇੰਡੀਆ' 'ਚ 31 ਜੁਲਾਈ 2021 ਨੂੰ ਛਪੀ ਖ਼ਬਰ ਅਨੁਸਾਰ ਹਰਿਆਣਾ ਦੇ ਸਰਕਾਰੀ ਕਾਲਜਾਂ 'ਚ ਕੰਮ ਕਰ ਰਹੇ ਅਧਿਆਪਕਾਂ ਦੀਆਂ 500 ਪੀ.ਐੱਚ.ਡੀ. ਦੀਆਂ ਡਿਗਰੀਆਂ ਸ਼ੱਕ ਦੇ ਘੇਰੇ 'ਚ ਹਨ। ਇਸ ਤਰ੍ਹਾਂ ਹਿਮਾਚਲ ਦੀ ਇੱਕ ਨਿੱਜੀ ਯੂਨੀਵਰਸਿਟੀ 'ਚ 45,000 ਡਿਗਰੀਆਂ ਜਾਅਲੀ ਮਿਲੀਆਂ, ਇਨ੍ਹਾਂ 'ਚੋਂ ਕਿੰਨੀਆਂ ਪੀ.ਐੱਚ.ਡੀ. ਦੀਆਂ ਸਨ, ਇਸ ਦੀ ਪੁਸ਼ਟੀ ਨਹੀਂ ਕੀਤੀ ਗਈ। ਇਸ ਤੋਂ ਬਾਅਦ 2024 'ਚ ਯੂ.ਜੀ.ਸੀ. ਨੇ ਰਾਜਸਥਾਨ ਦੀਆਂ 3 ਨਿੱਜੀ ਯੂਨੀਵਰਸਿਟੀਆਂ ਨੂੰ ਪੀ.ਐੱਚ.ਡੀ. ਕਰਵਾਉਣ ਤੋਂ ਰੋਕ ਦਿੱਤਾ, ਪਰ ਜਿਨ੍ਹਾਂ ਡਿਗਰੀਆਂ ਕਾਰਨ ਸ਼ਿਕਾਇਤ ਹੋਈ ਸੀ, ਉਨ੍ਹਾਂ ਉਪਰ ਅੱਗੇ ਜਾਂਚ (ਇਨਕੁਇਰੀ) ਨਹੀਂ ਬਿਠਾਈ ਗਈ। ਹੁਣ ਇੱਕ ਸੋਸ਼ਲ ਮੀਡੀਆ 'ਤੇ ਨਵੇਂ ਤਰ੍ਹਾਂ ਦੇ ਇਸ਼ਤਿਹਾਰ ਦੇਖਣ ਨੂੰ ਮਿਲ ਰਹੇ ਹਨ ਕਿ 3 ਮਹੀਨਿਆਂ 'ਚ ਆਪਣੇ ਨਾਂਅ ਨਾਲ ਡਾਕਟਰ ਲਗਾਉ। ਕਰਨਾ ਕੀ ਹੈ, ਤੁਸੀਂ ਅਰਜ਼ੀ ਦਿਓ, ਅਸੀਂ ਤੁਹਾਨੂੰ ਸਨਮਾਨਸੂਚਕ ਪੀ.ਐੱਚ.ਡੀ. (ਆਨਰੇਰੀ ਪੀ.ਐੱਚ.ਡੀ.) ਦੀ ਡਿਗਰੀ ਦਿਆਂਗੇ। ਆਨਰੇਰੀ ਡਾਕਟਰੇਟ ਭਾਰਤ 'ਚ ਇੱਕ ਵੱਕਾਰੀ ਪੁਰਸਕਾਰ ਹੈ, ਜੋ ਯੂਨੀਵਰਸਟੀ ਵੱਲੋਂ ਉਸ ਇਨਸਾਨ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਸਮਾਜ ਜਾਂ ਵਿੱਦਿਅਕ ਖੇਤਰ 'ਚ ਕੋਈ ਵੱਡੀ ਮੱਲ ਮਾਰੀ ਹੋਵੇ ਅਤੇ ਉਸ ਨਾਲ ਲੋਕਾਂ ਦੀ ਜੀਵਨ ਸ਼ੈਲੀ 'ਤੇ ਵਧੀਆ ਪ੍ਰਭਾਵ ਪਿਆ ਹੋਵੇ। ਅਕਸਰ ਯੂਨੀਵਰਸਿਟੀਆਂ ਆਪ ਹੀ ਅਜਿਹੇ ਲੋਕਾਂ ਨੂੰ ਚੁਣ ਕੇ ਉਨ੍ਹਾਂ ਨੂੰ ਸਨਮਾਨ ਦਿੰਦੀਆਂ ਹਨ, ਪਰ ਹੁਣ ਜਿਨ੍ਹਾਂ ਯੂਨੀਵਰਸਿਟੀਆਂ ਦਾ ਨਾਂਅ ਵੀ ਨਹੀਂ ਸੁਣਿਆ, ਉਹ ਵੀ ਲੋਕਾਂ ਤੋਂ ਅਰਜ਼ੀਆਂ ਤੇ ਫ਼ੀਸ ਮੰਗ ਕੇ ਡਿਗਰੀਆਂ ਦੇ ਰਹੀਆਂ ਹਨ। ਦੂਜੇ ਇਸ਼ਤਿਹਾਰਾਂ ਦੀ ਕਿਸਮ ਹੈ, ਜੇਕਰ ਤੁਹਾਡੇ ਤੋਂ ਪੀ.ਐੱਚ.ਡੀ. ਨਹੀਂ ਹੋ ਰਹੀ ਤਾਂ ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਇਹ ਅਦਾਰੇ ਤੁਹਾਨੂੰ ਖੋਜ ਸਮੱਸਿਆ ਤੋਂ ਲੈ ਕੇ ਥੀਸਿਸ ਲਿਖਣ ਤੇ ਥੀਸਿਸ ਦਾ ਬਚਾਅ ਕਰਨ ਤੱਕ ਦੇ ਸਭ ਕੰਮ ਕਰ ਕੇ ਦੇਣਗੇ। ਤੀਜੀ ਕਿਸਮ ਦੇ ਇਸ਼ਤਿਹਾਰ ਕਿ ਸਾਥੋਂ ਖੋਜ ਪੱਤਰ ਲਿਖਵਾਉ, ਚਾਹੇ ਉਹ ਪ੍ਰਮੋਸ਼ਨ ਲਈ ਚਾਹੀਦੇ ਹੋਣ ਜਾਂ ਫਿਰ ਪੀ.ਐੱਚ.ਡੀ. ਲਈ, ਅਸੀਂ ਸਭ ਕੁਝ ਤਿਆਰ ਕਰਕੇ ਦਿਆਂਗੇ ਅਤੇ ਸਾਹਿਤਕ ਚੋਰੀ (ਪਲਾਗਰਿਜ਼ਮ) ਤੋਂ ਵੀ ਬਚਾਅ ਕਰ ਕੇ ਦਿਆਂਗੇ। ਕਈਆਂ ਨੇ ਤਾਂ ਇਸ਼ਤਿਹਾਰਾਂ 'ਚ ਇਨ੍ਹਾਂ ਵੱਖ-ਵੱਖ ਕੰਮਾਂ ਲਈ ਰੇਟ ਲਿਸਟ ਵੀ ਜਾਰੀ ਕੀਤੀ ਹੈ। ਇਸ ਦਾ ਸਿੱਧਾ ਅਰਥ ਹੈ ਕਿ ਮਿਹਨਤ ਦਾ ਕੋਈ ਮੁੱਲ ਨਹੀਂ, ਜੇਕਰ ਤੁਹਾਡੀ ਜੇਬ 'ਚ ਪੈਸਾ ਹੈ ਤਾਂ ਤੁਸੀਂ ਆਪਣੇ ਨਾਂਅ ਨਾਲ 'ਡਾਕਟਰ' ਲਗਾ ਕੇ ਆਪਣਾ ਸਮਾਜਿਕ ਰੁਤਬਾ ਉੱਚਾ ਕਰ ਸਕਦੇ ਹੋ। ਇਹ ਵਪਾਰ ਧੜੱਲੇ ਨਾਲ ਸੋਸ਼ਲ ਮੀਡੀਆ 'ਤੇ ਚੱਲ ਰਿਹਾ ਹੈ, ਪਰ ਸਾਡੇ ਕੇਂਦਰੀ ਅਤੇ ਸੂਬਿਆਂ ਦੇ ਸਿੱਖਿਆ ਮੰਤਰਾਲੇ ਕੁੰਭਕਰਨੀ ਨੀਂਦ ਸੌਂ ਰਹੇ ਹਨ। ਯੂ.ਜੀ.ਸੀ. ਤੋਂ ਤਾਂ ਕੋਈ ਉਮੀਦ ਨਹੀਂ, ਕਿਉਂਕਿ ਪਿਛਲੇ ਕਈ ਦਹਾਕਿਆਂ ਤੋਂ ਇਹ ਜਾਅਲੀ ਯੂਨੀਵਰਸਿਟੀਆਂ ਦਾ ਕਾਰੋਬਾਰ ਹੀ ਨਹੀਂ ਰੁਕਵਾ ਸਕਿਆ।

ਕਿਸੇ ਸਮੇਂ ਪੀ.ਐੱਚ.ਡੀ. ਡਿਗਰੀ ਵਾਲੇ ਅਧਿਆਪਕਾਂ ਦਾ ਇਸ ਨਾਲ ਗ੍ਰੇਡ ਵਧਦਾ ਸੀ ਅਤੇ ਉਨ੍ਹਾਂ ਦੇ ਜੀਵਨ 'ਚ ਆਰਥਿਕ ਖੁਸ਼ਹਾਲੀ ਆਉਂਦੀ ਸੀ। ਉਸ ਦਾ ਰਹਿਣ-ਸਹਿਣ ਤੇ ਰੁਤਬਾ ਹੋਰਾਂ ਨਾਲੋਂ ਉੱਪਰ ਰਹਿਣ ਕਰਕੇ ਉਹ ਸ਼ਾਂਤ ਮਨ ਨਾਲ ਖੋਜ ਅਤੇ ਪੜ੍ਹਾਉਣ 'ਤੇ ਜ਼ੋਰ ਦਿੰਦੇ ਸਨ। ਪਰ ਸਮੇਂ ਦੇ ਚੱਕਰ ਨਾਲ ਨਿੱਜੀਕਰਨ ਨੇ ਤਾਂ ਅਧਿਆਪਕਾਂ ਨੂੰ ਇਕ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਅੱਜ ਹਾਲਾਤ ਇਹ ਹਨ ਕਿ ਪ੍ਰਾਈਵੇਟ ਸਕੂਲਾਂ, ਕਾਲਜਾਂ 'ਚ ਪੜ੍ਹਾਉਂਦੇ ਅਧਿਆਪਕ ਆਪਣੇ ਬੱਚਿਆਂ ਨੂੰ ਮਰਜ਼ੀ ਦੇ ਸਕੂਲ-ਕਾਲਜ 'ਚ ਨਹੀਂ ਪੜ੍ਹਾ ਸਕਦੇ। ਜਿੰਨੀ ਉਨ੍ਹਾਂ ਨੂੰ ਤਨਖਾਹ ਮਿਲਦੀ ਹੈ, ਉਸ ਨਾਲ ਤਾਂ ਘਰ ਦਾ ਗੁਜ਼ਾਰਾ ਹੀ ਮਸਾਂ ਚੱਲਦਾ ਹੈ। ਨਿੱਜੀ ਕਾਲਜਾਂ, ਯੂਨੀਵਰਸਿਟੀਆਂ 'ਚ ਤਨਖਾਹ ਵੀ ਮਨਮਰਜ਼ੀ ਦੀ ਦਿੱਤੀ ਜਾਂਦੀ ਹੈ, ਜੋ ਕਦੇ ਵੀ ਮਹਿੰਗਾਈ ਦਰ ਦੇ ਨੇੜੇ-ਤੇੜੇ ਨਹੀਂ ਪਹੁੰਚਦੀ। ਅਜਿਹੇ 'ਚ ਅਧਿਆਪਕ ਦਾ ਆਪਣੇ ਪੇਸ਼ੇਵਰ ਵਿਕਾਸ ਵੱਲ ਉਤਸ਼ਾਹ ਘੱਟ ਜਾਂਦਾ ਹੈ। ਕੁਝ ਅਧਿਆਪਕ ਪੈਸੇ ਦੀ ਘਾਟ ਨੂੰ ਪੂਰਾ ਕਰਨ ਲਈ ਵਿਕਣ ਲਈ ਮਜਬੂਰ ਹੋ ਜਾਂਦੇ ਹਨ ਅਤੇ ਅਮੀਰ ਲੋਕ ਉਨ੍ਹਾਂ ਨੂੰ ਖਰੀਦ ਲੈਂਦੇ ਹਨ। ਅਮੀਰ ਲੋਕ ਇਨ੍ਹਾਂ ਤੋਂ ਆਪਣੀ ਪੜ੍ਹਾਈ ਪੂਰੀ ਕਰਵਾਉਂਦੇ ਹਨ। ਹੁਣ ਬਹੁਤੀਆਂ ਨਿੱਜੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਸੰਚਾਲਕਾਂ ਨੇ ਆਪ ਵੀ ਪੀ.ਐੱਚ.ਡੀ. ਕਰ ਲਈ ਹੈ ਤਾਂ ਜੋ ਉਹ ਯੂ.ਸੀ.ਸੀ. ਦੇ ਨਿਯਮਾਂ ਨੂੰ ਆਪ ਵੀ ਪੂਰੇ ਕਰ ਸਕਣ।

(ਬਾਕੀ ਸਫ਼ਾ 31 'ਤੇ)

# ਪੰਜਾਬ ਨੂੰ ਕਰਜ਼ੇ ਦੇ ਜਾਲ ਤੋਂ ਕਿਵੇਂ ਬਚਾਇਆ ਜਾਵੇ ?

ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਅਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

26 ਮਾਰਚ, 2025 ਨੂੰ ਪੰਜਾਬ ਸਰਕਾਰ ਨੇ ਵਿੱਤੀ ਸਾਲ 2025-26 ਲਈ ਆਪਣਾ ਬਜਟ ਵਿਧਾਨ ਸਭਾ ਵਿੱਚ ਪੇਸ਼ ਕੀਤਾ ਸੀ, ਜੋ ਹੁਣ ਪਾਸ ਵੀ ਹੋ ਗਿਆ ਹੈ। ਮੀਡੀਆ ਵਿੱਚ ਬਜਟ 'ਤੇ ਵੱਖ-ਵੱਖ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਵੇਖਣ ਨੂੰ ਮਿਲੀਆਂ ਹਨ, ਸਭ ਤੋਂ ਮਹੱਤਵਪੂਰਨ ਇਹ ਕਿ ਪਹਿਲੀ ਵਾਰ ਪੰਜਾਬ ਦਾ ਏਡਾ ਵੱਡਾ ਬਜਟ ਪੇਸ਼ ਕੀਤਾ ਗਿਆ ਸੀ। ਪਰ ਇਹ ਬਜਟ ਪਿਛਲੇ ਵਿੱਤੀ ਵਰ੍ਹੇ ਦੇ ਬਜਟ ਦੇ ਸੋਧੇ ਹੋਏ ਅਨੁਮਾਨਾਂ ਨਾਲੋਂ ਸਿਰਫ਼ 5 ਪ੍ਰਤੀਸ਼ਤ ਹੀ ਜ਼ਿਆਦਾ ਹੈ। ਹਥਲੇ ਲੇਖ ਵਿੱਚ ਬਜਟ ਦੇ ਖ਼ਾਸ ਨੁਕਤੇ ਅਤੇ ਪਹਿਲੂਆਂ 'ਤੇ ਵਿਚਾਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਵੇਂ ਕਿ ਸੂਬੇ ਸਿਰ ਵਧਦੇ ਕਰਜ਼ੇ ਦੀ ਪੰਡ, ਅਗਲੇ ਵਰ੍ਹੇ ਦੇ ਬਜਟ ਵਿੱਚ ਕਰਜ਼ਾ ਲੈ ਕੇ ਖ਼ਰਚ ਕਰਨ ਦੇ ਉਪਬੰਦਾ, ਖ਼ਾਸ ਕਰਕੇ ਉਪਾਅ ਅਤੇ ਸਾਧਨ ਪੇਸ਼ਗੀ ਦੀਆਂ ਸਹੂਲਤ ਅਧੀਨ ਅਤੇ ਸੂਬੇ ਦੇ ਪੂੰਜੀਗਤ ਖ਼ਰਚ ਆਦਿ ਦੀ।

ਸਭ ਤੋਂ ਪਹਿਲਾਂ ਜੇਕਰ ਪੰਜਾਬ ਸਿਰ ਚੜ੍ਹ ਰਹੇ ਕਰਜ਼ੇ ਦੀ ਗੱਲ ਕਰੀਏ ਤਾਂ ਇਹ ਸਾਹਮਣੇ ਆਉਂਦਾ ਹੈ ਕਿ ਸੂਬੇ ਸਿਰ ਕਰਜ਼ਾ ਚੜ੍ਹਨ ਦਾ ਮੁੱਢ 1980ਵਿਆਂ ਦੇ ਅੱਧ (1984-85) ਵਿੱਚ ਬੱਝਾ, ਜਦੋਂ ਪਹਿਲੀ ਵਾਰ ਸਰਕਾਰੀ ਮਾਲੀਆ ਖਾਤੇ ਵਿੱਚ ਮਾਲੀਆ ਘਾਟਾ ਸਾਹਮਣੇ ਆਇਆ ਸੀ। ਪਰ ਇਹ ਮਾਲੀਆ ਘਾਟਾ 1987-88 ਤੋਂ ਹੁਣ ਤੱਕ ਲਗਾਤਾਰ ਵਧ ਰਿਹਾ ਹੈ। ਉਹ ਸਮਾਂ ਪੰਜਾਬ ਵਿੱਚ ਰਾਜਸੀ ਅਤੇ ਸਮਾਜਿਕ ਉਥਲ-ਪੁਥਲ ਦਾ ਸੀ, ਜਦੋਂ ਮਾਲੀਆ ਉਗਰਾਹੀ ਕਰਨ ਸਮੇਤ ਸਾਰੇ ਸਰਕਾਰੀ ਅਦਾਰੇ ਬੇਕਾਰ/ਅਸਮਰੱਥ ਹੋ ਗਏ ਸਨ ਅਤੇ ਅੱਜ ਤੱਕ ਜਮਹੂਰੀ ਢੰਗ ਨਾਲ 6-7 ਸਰਕਾਰਾਂ ਹੋਂਦ ਵਿੱਚ ਆਉਣ ਦੇ ਬਾਵਜੂਦ ਵੀ ਇਨ੍ਹਾਂ ਅਦਾਰਿਆਂ ਦਾ ਕੰਮਕਾਜ ਕੁੱਝ ਸਵਾਰਥੀ ਤੱਤਾਂ/ਹਿੱਤਾਂ ਕਾਰਨ ਬਹਾਲ ਨਹੀਂ ਹੋ ਸਕਿਆ। ਹੁਣ ਜਦੋਂ ਅਸੀਂ ਪੰਜਾਬ ਸਿਰ ਚੜ੍ਹੇ ਕਰਜ਼ੇ 'ਤੇ ਨਜ਼ਰ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਾਰਚ 2025 ਦੇ ਅੰਤ ਵਿੱਚ ਸੂਬੇ ਸਿਰ 382934.98 ਕਰੋੜ ਰੁਪਏ ਕਰਜ਼ਾ ਹੋਵੇਗਾ ਜੋ ਕਿ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43-44 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ, 2025-26 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਵਧ ਕੇ ਮਾਰਚ 2026 ਵਿੱਚ 417136.10 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44-45 ਪ੍ਰਤੀਸ਼ਤ ਹੋਵੇਗਾ। ਜੇਕਰ ਮੌਜੂਦਾ ਸਰਕਾਰ ਦੇ ਬਾਕੀ ਦੇ ਦੋ ਸਾਲਾਂ ਵਿੱਚ ਵੀ ਅਜਿਹੀ ਸਥਿਤੀ ਅਤੇ ਹਾਲਤ ਬਣੀ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿੱਚ ਬਹੁਤ ਡੂੰਘਾ ਫਸ ਜਾਵੇਗਾ ਕਿਉਂਕਿ ਅੰਦਾਜ਼ਿਆਂ ਮੁਤਾਬਕ ਮਾਰਚ, 2027 ਦੇ ਅੰਤ ਵਿੱਚ ਸੂਬੇ ਸਿਰ ਕਰਜ਼ਾ 5 ਲੱਖ ਕਰੋੜ ਰੁਪਏ ਤੋਂ ਵੱਧ ਹੋ ਜਾਵੇਗਾ। ਇੱਕ ਰਿਪੋਰਟ ਅਨੁਸਾਰ, ਇਸ ਸਮੇਂ ਸੂਬੇ ਦੇ ਕਰਜ਼ੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਅਨੁਪਾਤ ਦੇਸ਼ ਦੇ ਅਠਾਰਾਂ ਮੁੱਖ ਸੂਬਿਆਂ ਵਿੱਚ ਸਭ ਤੋਂ ਵੱਧ ਹੈ, ਜਿਹੜਾ ਕਿ ਇੱਕ ਬਹੁਤ ਹੀ ਗੰਭੀਰ ਮਸਲਾ ਅਤੇ ਸੂਬੇ ਲਈ ਖ਼ਤਰੇ ਦੀ ਘੰਟੀ ਹੈ।




ਹੁਣ ਜਦੋਂ ਇਹ ਵੇਖਣ ਦੀ ਕੋਸ਼ਿਸ਼ ਕੀਤੀ ਗਈ ਕਿ ਸੂਬੇ ਦੇ ਬਜਟ ਵਿੱਚ ਕੀਤੇ ਜਾਣ ਵਾਲੇ ਖ਼ਰਚਿਆਂ ਦਾ ਪ੍ਰਬੰਧ ਕਿਥੋਂ ਕਿਥੋਂ ਕੀਤਾ ਜਾਵੇਗਾ ਤਾਂ ਕੁੱਝ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਮੁੱਖ ਤੌਰ 'ਤੇ ਸਰਕਾਰ ਸੂਬੇ ਦੇ ਬਜਟ ਵਿਚ ਕੀਤੇ ਜਾਣ ਵਾਲੇ ਖ਼ਰਚਿਆਂ ਦਾ ਪ੍ਰਬੰਧ ਤਿੰਨ ਤਰੀਕਿਆਂ ਨਾਲ ਕਰਦੀ ਹੈ ਪਹਿਲਾ ਸੂਬਿਆਂ ਦੀ ਵੱਖ ਵੱਖ ਸਰੋਤਾਂ ਤੋਂ ਆਪਣੀ ਆਮਦਨ, ਦੂਜਾ ਬਜ਼ਾਰ ਵਿਚੋਂ ਅਤੇ ਬੈਂਕਾਂ ਤੋਂ ਲਏ ਜਾਂਦੇ ਲੰਮੇ ਸਮੇਂ ਲਈ ਪਬਲਿਕ ਕਰਜ਼ੇ ਅਤੇ ਤੀਜੇ ਭਾਰਤੀ ਰਿਜ਼ਰਵ ਬੈਂਕ ਤੋਂ ਲਏ ਜਾਂਦੇ ਛੋਟੇ ਸਮੇਂ (90 ਦਿਨਾਂ ਲਈ) ਦੇ ਕਰਜ਼ੇ ਜਿਨ੍ਹਾਂ ਨੂੰ ਬਜਟ ਵਿੱਚ ਉਪਾਅ ਅਤੇ ਸਾਧਨ ਪੇਸ਼ਗੀਆ ਕਿਹਾ ਜਾਂਦਾ ਹੈ।

ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਲਈ ਉਪਾਅ ਅਤੇ ਸਾਧਨ ਪੇਸ਼ਗੀਆਂ ਦਾ ਪ੍ਰਬੰਧ ਰਿਜ਼ਰਵ ਬੈਂਕ ਨੇ ਰਿਜ਼ਰਵ ਬੈਂਕ ਐਕਟ, 1934 ਅਧੀਨ 1997 ਵਿੱਚ ਕੀਤਾ ਸੀ। ਇਸ ਤੋਂ ਪਹਿਲਾਂ ਸਰਕਾਰਾਂ ਨੂੰ ਰਿਜ਼ਰਵ ਬੈਂਕ ਤੋਂ ਛੋਟੇ ਸਮੇਂ ਲਈ ਕਰਜ਼ੇ ਲੈਣ ਲਈ ਕੁੱਝ ਨਾ ਕੁੱਝ ਗਹਿਣੇ ਰੱਖਣਾ ਪੈਂਦਾ ਸੀ, ਆਮ ਤੌਰ 'ਤੇ ਸਰਕਾਰੀ ਸਿਕਉਰਟੀ ਨੂੰ ਗਹਿਣੇ ਰੱਖਿਆ ਜਾਂਦਾ ਸੀ। ਉਪਾਅ ਅਤੇ ਸਾਧਨ ਪੇਸ਼ਗੀਆਂ ਮੱਦ ਅਧੀਨ ਵਿਆਜ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ, ਭਾਵ ਜਿਸ ਵਿਆਜ ਦਰ 'ਤੇ ਰਿਜ਼ਰਵ ਬੈਂਕ ਮੈਂਬਰ ਬੈਂਕਾਂ ਨੂੰ ਕਰਜ਼ੇ ਦਿੰਦਾ ਹੈ। ਸਰਕਾਰਾਂ ਇਹ ਕਰਜ਼ੇ ਥੋੜ੍ਹੇ ਸਮੇਂ ਭਾਵ 90 ਦਿਨਾਂ ਲਈ ਲੈ ਸਕਦੀਆਂ ਹਨ। ਇਨ੍ਹਾਂ ਕਰਜ਼ਿਆਂ ਦਾ ਮੁੱਖ ਮੰਤਵ ਸਰਕਾਰਾਂ ਦੇ ਵਿੱਤੀ ਪ੍ਰਬੰਧਨ, ਵਿੱਤੀ ਅਸਥਿਰਤਾ ਅਤੇ ਵਿੱਤੀ ਗੜਬੜੀ ਨੂੰ ਤੁਰੰਤ ਠੀਕ ਕਰਨਾ ਹੁੰਦਾ ਹੈ, ਭਾਵ ਅੱਜ ਕੱਲ੍ਹ ਜਦੋਂ ਵੀ ਪੰਜਾਬ ਸਰਕਾਰ ਦੇ ਖਾਤੇ ਵਿੱਚ ਇੱਕ ਕਰੋੜ 56 ਲੱਖ ਤੋਂ ਰਕਮ ਘਟ ਜਾਵੇ ਤਾਂ ਇਸ ਸਹੂਲਤ ਅਧੀਨ ਕਰਜ਼ਾ ਲਿਆ ਜਾ ਸਕਦਾ ਹੈ। ਸਰਕਾਰਾਂ ਕਰਜ਼ੇ ਤਿੰਨ ਤਰੀਕਿਆਂ ਨਾਲ ਲੈ ਸਕਦੀਆਂ ਹਨ, ਪਹਿਲਾ, ਵਿਸ਼ੇਸ਼ ਸਹੂਲਤ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਸਰਕਾਰੀ ਸਿਕਿਊਰਟੀ ਨੂੰ ਰਿਜ਼ਰਵ ਬੈਂਕ ਕੋਲ ਗਹਿਣੇ ਰੱਖ ਕੇ, ਇਸ ਸਹੂਲਤ ਅਧੀਨ ਵਿਆਜ ਦੀ ਦਰ ਰੈਪੋ ਦਰ ਤੋਂ ਘੱਟ ਹੁੰਦੀ ਹੈ। ਦੂਜਾ, ਆਮ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ, ਇਸ ਅਧੀਨ ਵਿਆਜ ਦੀ ਦਰ ਰੈਪੋ ਦਰ ਦੇ ਬਰਾਬਰ ਹੁੰਦੀ ਹੈ ਅਤੇ ਤੀਜਾ, ਓਵਰ ਡ੍ਰਾਫ਼ਟ ਰਾਹੀਂ ਇਸ ਅਧੀਨ ਵਿਆਜ ਦੀ ਦਰ ਰੈਪੋ ਦਰ ਤੋਂ ਜ਼ਿਆਦਾ ਹੁੰਦੀ ਹੈ। ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਕਰਜ਼ੇ ਦੀ ਮਾਤਰਾ ਸੂਬੇ ਦੇ ਪਿਛਲੇ ਤਿੰਨ ਸਾਲਾਂ ਦੇ ਸ਼ੁੱਧ ਖ਼ਰਚੇ ਅਤੇ ਆਮਦਨ ਦੀ ਔਸਤ ਦੇ ਬਰਾਬਰ ਹੁੰਦੀ ਹੈ। ਪੰਜਾਬ ਸਰਕਾਰ ਪਹਿਲਾਂ ਉਪਾਅ ਅਤੇ ਸਾਧਨ ਪੇਸ਼ਗੀਆਂ ਦੀ ਸਹੂਲਤ ਦੀ ਕਦੇ ਕਦਾਈਂ ਵਰਤੋਂ ਕਰਦੀ ਸੀ ਪਰ ਹੁਣ ਰਿਪੋਰਟਾਂ ਦੱਸਦੀਆਂ ਹਨ ਕਿ ਇਸ ਸਹੂਲਤ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ। ਉਦਾਹਰਨ ਦੇ ਤੌਰ 'ਤੇ ਵਿੱਤੀ ਵਰ੍ਹੇ 2022-23 ਦੌਰਾਨ ਸਰਕਾਰ ਨੇ ਇਸ ਸਹੂਲਤ ਤਹਿਤ 116 ਵਾਰੀ ਕਰਜ਼ ਲਿਆ ਸੀ। ਵਿੱਤੀ ਸਾਲਾਂ 2023-24 ਅਤੇ 2024-25 ਦੌਰਾਨ ਵੀ ਉਪਾਅ ਅਤੇ ਸਾਧਨ ਪੇਸ਼ਗੀਆਂ ਦੀ ਸਰਕਾਰ ਨੇ ਖੁੱਲ੍ਹ ਕੇ ਵਰਤੋਂ ਕੀਤੀ। ਇਥੇ ਹੀ ਬਸ ਨਹੀਂ, ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਵਾਲੇ ਫ਼ੰਡਾਂ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਹੁਣ ਜਦੋਂ ਬਜਟ ਦਸਤਾਵੇਜ਼ ਉੱਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਵਿੱਤੀ ਵਰ੍ਹੇ 2024-25 ਵਿੱਚ ਸੋਧੇ ਹੋਏ ਅਨੁਮਾਨਾਂ ਅਨੁਸਾਰ ਪੰਜਾਬ ਸਰਕਾਰ ਦਾ ਕੁੱਲ ਖਰਚਾ 225260.86 ਕਰੋੜ ਰੁਪਏ ਸੀ। ਇਸ ਵਿਚੋਂ 107394.38 ਕਰੋੜ ਰੁਪਏ, ਭਾਵ 47.68 ਪ੍ਰਤੀਸ਼ਤ, ਹੀ ਸਰਕਾਰ ਦੀ ਸਾਲਾਨਾ ਆਮਦਨ ਵਿਚੋਂ ਸੀ ਬਾਕੀ 117866.48 ਕਰੋੜ, ਭਾਵ 52.32 ਪ੍ਰਤੀਸ਼ਤ ਕਰਜ਼ੇ ਲੈ ਕੇ ਖ਼ਰਚ ਕੀਤੇ ਗਏ ਹਨ। ਇਸ ਵਿਚ ਕੁੱਲ ਖ਼ਰਚੇ ਦਾ 20.69 ਪ੍ਰਤੀਸ਼ਤ ( 46616.48 ਕਰੋੜ ਰੁਪਏ) ਪਬਲਿਕ ਕਰਜ਼ੇ ਲੈ ਕੇ ਅਤੇ 31.63 ਪ੍ਰਤੀਸ਼ਤ (71250 ਕਰੋੜ ਰੁਪਏ) ਦੇ ਕਰਜ਼ੇ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲੈ ਕੇ ਖਰਚੇ ਗਏ। ਇਸੇ ਹੀ ਤਰ੍ਹਾਂ ਵਿੱਤੀ ਵਰ੍ਹੇ 2025-26 ਦੇ ਬਜਟ ਵਿੱਚ ਵੀ ਤਜਵੀਜ਼ਤ ਕੁੱਲ ਖਰਚਾ 236080 ਕਰੋੜ ਰੁਪਏ ਰੱਖਿਆ ਗਿਆ ਹੈ ਜਿਸ ਵਿਚੋਂ 47.33 ਪ੍ਰਤੀਸ਼ਤ (1,11,740.32 ਕਰੋੜ ਰੁਪਏ) ਹੀ ਸਰਕਾਰ ਦੀ ਸਾਲਾਨਾ ਆਪਣੀ ਆਮਦਨ ਹੋਵੇਗੀ ਬਾਕੀ 52.67 ਪ੍ਰਤੀਸ਼ਤ (121150 ਕਰੋੜ ਰੁਪਏ) ਦੇ ਕਰਜ਼ੇ ਲੈ ਕੇ ਖ਼ਰਚ ਕੀਤੇ ਜਾਣਗੇ। ਇਸ ਵਿੱਚ ਵੀ ਕੁੱਲ ਖ਼ਰਚਿਆਂ ਦਾ 21.14 ਪ੍ਰਤੀਸ਼ਤ (49900 ਕਰੋੜ ਰੁਪਏ) ਦੇ ਪਬਲਿਕ ਕਰਜ਼ੇ ਲੈਣ ਦੀ ਤਜਵੀਜ਼ ਹੈ ਅਤੇ 30.18 ਪ੍ਰਤੀਸ਼ਤ (71250 ਕਰੋੜ ਰੁਪਏ) ਦੇ ਕਰਜ਼ੇ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਦੀ ਤਜਵੀਜ਼ ਰੱਖੀ ਗਈ ਹੈ। ਇਥੇ ਇਹ ਵਰਨਣਯੋਗ ਹੈ ਕਿ ਅੱਜ ਕੱਲ ਸਰਕਾਰ ਵੱਲੋਂ ਲਏ ਜਾਣ ਵਾਲੇ ਪਬਲਿਕ ਕਰਜ਼ੇ ਦੀ ਮਾਤਰਾ ਅਤੇ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ ਲਏ ਜਾਣ ਵਾਲੇ ਕਰਜ਼ਿਆਂ ਦੀ ਮਾਤਰਾ ਕਾਫ਼ੀ ਵਧ ਗਈ ਹੈ। ਉਦਾਹਰਨ ਦੇ ਤੌਰ 'ਤੇ ਵਿੱਤੀ ਵਰ੍ਹੇ 2011-12 ਦੌਰਾਨ 8860 ਕਰੋੜ ਰੁਪਏ ਦੇ ਪਬਲਿਕ ਕਰਜ਼ੇ ਲਏ ਸਨ ਜਿਹੜੇ ਹੁਣ ਵਧ ਕੇ 49900 ਕਰੋੜ ਰੁਪਏ ਦੇ ਹੋ ਜਾਣਗੇ। ਇਵੇਂ ਹੀ ਵਿੱਤੀ ਵਰ੍ਹੇ 2011-12 ਦੌਰਾਨ ਉਪਾਅ ਅਤੇ ਸਾਧਨ ਪੇਸ਼ਗੀਆਂ ਤਹਿਤ 6011 ਕਰੋੜ ਰੁਪਏ ਦੇ ਕਰਜ਼ੇ ਲਏ ਗਏ ਸਨ ਅਤੇ ਇਹ ਹੁਣ ਵਧ ਕੇ 71250 ਕਰੋੜ ਰੁਪਏ ਦੇ ਹੋ ਜਾਣਗੇ। (ਬਾਕੀ ਸਫ਼ਾ 31 'ਤੇ)

# ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ ਸਿਆਸੀ ਦਲ

ਅਭੈ ਕੁਮਾਰ ਦੂਬੇ

ਜਦੋਂ 2014 ਵਿੱਚ ਨਰਿੰਦਰ ਮੋਦੀ ਸੱਤਾ ਵਿੱਚ ਆਏ ਸਨ ਤਾਂ ਉਨ੍ਹਾਂ ਸਭ ਤੋਂ ਪਹਿਲਾ ਜੋ ਆਦੇਸ਼ ਦਿੱਤਾ ਉਹ ਜਨਧਨ ਯੋਜਨਾ ਦੇ ਤਹਿਤ ਗਰੀਬਾਂ ਦੇ ਖ਼ਾਤੇ ਖੁੱਲ੍ਹਵਾਉਣ ਬਾਰੇ ਸੀ। ਸ਼ੁਰੂ ਵਿੱਚ ਇਸ ਬਾਰੇ ਪ੍ਰਚਾਰ ਕੀਤਾ ਗਿਆ ਸੀ ਕਿ ਇਹ ਦੇਸ਼ ਦੇ ਆਮ ਨਾਗਰਿਕਾਂ ਨੂੰ ਰਸਮੀ ਤੌਰ 'ਤੇ ਬੈਂਕਿੰਗ ਸਿਸਟਮ ਦੇ ਤਹਿਤ ਲਿਆਉਣ ਲਈ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਵੀ ਤਰਕ ਦਿੱਤਾ ਗਿਆ ਕਿ ਜਦੋਂ ਤੱਕ ਲੋਕਾਂ ਨੂੰ ਅਰਥਵਿਵਸਥਾ ਦੀ ਮੁੱਖਧਾਰਾ ਵਿੱਚ ਨਹੀਂ ਲਿਆਂਦਾ ਜਾਵੇਗਾ, ਉਨ੍ਹਾਂ ਤੱਕ ਵਿਕਾਸ ਦੇ ਲਾਭ ਕਿਵੇਂ ਪਹੁੰਚਣਗੇ। ਪਰ ਇਹ ਸਭ ਕਹਿਣ ਦੀਆਂ ਗੱਲਾਂ ਸਨ। ਦਰਅਸਲ ਇਹ ਖ਼ਾਤੇ ਇਸ ਲਈ ਖੁਲ੍ਹਵਾਏ ਜਾ ਰਹੇ ਸਨ ਤਾਂ ਕਿ ਉਨ੍ਹਾਂ ਵਿੱਚ ਛੋਟੇ-ਛੋਟੇ ਹਜ਼ਾਰ, ਦੋ ਹਜ਼ਾਰ ਦੀ ਰਕਮ ਦੇ ਸਿੱਧੇ ਲਾਭਾਂ (ਡਾਇਰੈਕਟ ਬੈਨੀਫ਼ਿਟ) ਨੂੰ ਟਰਾਂਸਫ਼ਰ ਕਰਵਾਇਆ ਜਾ ਸਕੇ। ਜਲਦੀ ਹੀ ਵੱਖ-ਵੱਖ ਸਕੀਮਾਂ ਜ਼ਰੀਏ ਇਨ੍ਹਾਂ ਖ਼ਾਤਿਆਂ ਦਾ ਇਸਤੇਮਾਲ ਹੋਣ ਵੀ ਲੱਗਾ। ਇਸ ਸਮੇਂ ਦੇਸ਼ ਦੇ ਸਿਰਫ਼ 7 ਸੂਬਿਆਂ (ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ, ਮਹਾਰਾਸ਼ਟਰ, ਕਰਨਾਟਕ, ਤਾਮਿਲਨਾਡੂ ਤੇ ਪੱਛਮੀ ਬੰਗਾਲ) ਵਿੱਚ ਕੇਵਲ ਔਰਤਾਂ ਦੇ ਲਈ ਬਣੀਆਂ ਸਕੀਮਾਂ ਵਿੱਚ ਹੀ ਲਗਭਗ ਸਵਾ ਲੱਖ ਕਰੋੜ ਰੁਪਏ ਦੀ ਵੱਡੀ ਰਕਮ ਇਨ੍ਹਾਂ ਖ਼ਾਤਿਆਂ ਰਾਹੀਂ ਭੇਜੀ ਜਾ ਰਹੀ ਹੈ ਜਲਦੀ ਹੀ ਇਸ ਵਿੱਚ ਦਿੱਲੀ ਤੇ ਪੰਜਾਬ ਵੀ ਸ਼ਾਮਿਲ ਹੋਣ ਵਾਲੇ ਹਨ। ਮਹਾਰਾਸ਼ਟਰ ਇੱਕ ਅਜਿਹਾ ਸੂਬਾ ਹੈ, ਜਿਥੇ ਹਰ ਸਾਲ ਮੁਫ਼ਤ ਯੋਜਨਾਵਾਂ ਲਈ ਸਭ ਤੋਂ ਜ਼ਿਆਦਾ ਧਨ ਵੰਡਿਆ ਜਾਂਦਾ ਹੈ। ਇਨ੍ਹਾਂ ਸੂਬਿਆਂ ਦੀ ਅਰਥਵਿਵਸਥਾ ਬਹੁਤ ਮਾੜੀ ਹਾਲਤ ਵਿੱਚ ਹੈ ਇਸ ਕਰਕੇ ਇਨ੍ਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਆਪਣੀ ਅਸਹਿਜਤਾ ਵੀ ਪ੍ਰਗਟ ਕਰਨੀ ਸ਼ੁਰੂ ਕਰ ਦਿੱਤੀ ਹੈ। ਭਾਜਪਾ ਦੇ ਰਣਨੀਤੀਕਾਰ ਵੀ ਅੱਜਕੱਲ੍ਹ ਦਿਨ-ਰਾਤ ਆਪਣਾ ਦਿਮਾਗ ਖਪਾ ਰਹੇ ਹਨ ਕਿ ਮੁਫ਼ਤ ਸਕੀਮਾਂ ਦੀ ਜਗ੍ਹਾ ਲੋਕਾਂ ਨੂੰ ਆਰਥਿਕ ਰਾਹਤ ਦੇਣ ਲਈ ਕੋਈ ਨਵਾਂ ਬਦਲ ਲੱਭਿਆ ਜਾਵੇ।




ਜੋ ਰਿਉੜੀਆਂ ਪਹਿਲਾਂ ਵੰਡਣ ਵਾਲਿਆਂ ਤੇ ਲੈਣ ਵਾਲਿਆਂ ਭਾਵ ਦੋਹਾਂ ਨੂੰ ਮਿੱਠੀਆਂ ਲੱਗਦੀਆਂ ਸਨ, ਹੁਣ ਉਹ ਅਚਾਨਕ ਕੁਸੈਲੀਆਂ ਲੱਗਣ ਲੱਗੀਆਂ ਹਨ। ਉਨ੍ਹਾਂ ਦੀ ਮਿਠਾਸ ਕੁੜੱਤਣ ਵਿੱਚ ਕਿਉਂ ਤੇ ਕਿਵੇਂ ਬਦਲ ਗਈ ? ਇਸ ਵਿੱਚ ਰਿਉੜੀਆਂ ਬਣਾਉਣ ਵਾਲੇ ਹਲਵਾਈਆਂ ਦੀ ਕੋਈ ਗ਼ਲਤੀ ਨਹੀਂ ਹੈ, ਦਰਅਸਲ ਇਹ ਮਸਲਾ ਰਾਜਨੀਤਕ ਤੇ ਆਰਥਿਕ ਹੈ। ਹੋਇਆ ਇੰਝ ਕਿ ਰਿਉੜੀਆਂ ਲੈਣ ਵਾਲਿਆਂ ਨੂੰ ਲੱਗ ਰਿਹਾ ਹੈ ਕਿ ਵੰਡਣ ਦਾ ਵਾਅਦਾ ਕਰਨ ਵਾਲੇ ਹੁਣ ਆਪਣੀ ਗੱਲ ਤੋਂ ਮੁਕਰਨ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤਣ ਲੱਗੇ ਹਨ। ਉਨ੍ਹਾਂ ਨੂੰ ਆਪਣੇ-ਆਪ ਨੂੰ ਠੱਗੇ ਜਾਣ ਦਾ ਅਹਿਸਾਸ ਹੋ ਰਿਹਾ ਹੈ। ਪਾਰਟੀਆਂ ਵਾਅਦੇ ਕਰਕੇ ਵੋਟਾਂ ਤਾਂ ਲੈ ਲੈਂਦੀਆਂ ਹਨ, ਪਰ ਰਿਉੜੀਆਂ ਵੰਡਣ ਦਾ ਸਮਾਂ ਆਉਣ 'ਤੇ ਬਹਾਨੇਬਾਜ਼ੀ, ਕਟੌਤੀ ਤੇ ਦੇਰੀ ਕਰਦੀਆਂ ਹਨ। ਰਿਉੜੀਆਂ ਵੰਡਣ ਵਾਲਿਆਂ ਦੀ ਸਮੱਸਿਆ ਵੱਖਰੀ ਤੇ ਵੱਡੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਕਿਤੇ ਦੂਹਰੇ ਘਾਟੇ ਦਾ ਸਾਹਮਣਾ ਨਾ ਕਰਨਾ ਪੈ ਜਾਵੇਗਾ। ਮਤਲਬ ਵੋਟਾਂ ਵੀ ਪੂਰੀਆਂ ਨਾ ਮਿਲਣ ਤੇ ਅਰਥਵਿਵਸਥਾ ਦਾ ਦਿਵਾਲਾ ਵੀ ਨਾ ਨਿਕਲ ਜਾਵੇ। ਇਸ ਪੂਰੇ ਹਾਲਾਤ ਦਾ ਸਿੱਟਾ ਇਹ ਨਿਕਲਿਆ ਹੈ ਕਿ 2014 ਤੋਂ ਲਾਭਪਾਤਰੀਆਂ ਦਾ ਜੋ ਸੰਸਾਰ ਬਣਾਇਆ ਜਾ ਰਿਹਾ ਸੀ, ਉਸ ਦੀ ਚਮਕ ਹੁਣ ਪਹਿਲਾਂ ਵਰਗੀ ਨਹੀਂ ਰਹਿ ਗਈ। ਲਾਭਪਾਤਰੀਆਂ ਦੀ ਇਹ ਦੁਨੀਆਂ ਰਾਜਨੀਤਕ ਫ਼ਾਇਦਾ ਦੇਣ ਦੇ ਲਿਹਾਜ਼ ਤੋਂ ਸ਼ੱਕੀ ਹੋ ਗਈ ਹੈ ਅਤੇ ਆਰਥਿਕ ਨਜ਼ਰੀਏ ਤੋਂ ਇਸ ਨੂੰ ਬਣਾਈ ਰੱਖਣਾ ਨਾਮੁਮਕਿਨ ਹੁੰਦਾ ਜਾ ਰਿਹਾ ਹੈ।

ਤਾਜ਼ਾ ਮਿਸਾਲ ਦਿੱਲੀ ਦੀ ਹੈ, ਜਿਥੇ ਭਾਜਪਾ ਨੇ ਰਾਜਧਾਨੀ ਦੀਆਂ ਔਰਤ ਨਾਗਰਿਕਾਂ ਨੂੰ 2500-2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਹਿਸਾਬ-ਕਿਤਾਬ ਲਗਾਉਣ 'ਤੇ ਨਵੀਂ ਸਰਕਾਰ ਨੂੰ ਪਤਾ ਲੱਗਾ ਕਿ ਸਿਰਫ਼ 38 ਲੱਖ ਔਰਤਾਂ ਨੂੰ ਹੀ ਇਹ ਰਿਉੜੀਆਂ ਦੇਣੀਆਂ ਪੈਣੀਆਂ ਹਨ। ਪਰ ਜਦੋਂ ਪਹਿਲਾ ਬਜਟ ਆਇਆ ਤਾਂ ਇਸ ਵਾਸਤੇ ਸਿਰਫ਼ 5,100 ਕਰੋੜ ਰੁਪਏ ਹੀ ਰੱਖੇ ਗਏ, ਇਸ ਰਕਮ ਨਾਲ ਤਾਂ ਕੇਵਲ ਅੱਧੀਆਂ ਔਰਤਾਂ ਨੂੰ ਹੀ ਪੈਸੇ ਦਿੱਤੇ ਜਾ ਸਕਦੇ ਹਨ। ਇੰਨੀ ਘੱਟ ਰਕਮ ਦੀ ਵੰਡ ਕਰਨ ਲਈ ਵੀ ਸਰਕਾਰ ਨੂੰ ਆਪਣੀਆਂ ਛੋਟੀਆਂ ਬੱਚਤਾਂ ਫ਼ੰਡ ਵਿਚੋਂ 25,000 ਕਰੋੜ ਰੁਪਏ ਕਢਵਾਉਣੇ ਪਏ, ਹਾਲਾਂਕਿ ਕੇਂਦਰੀ ਵਿੱਤ ਮੰਤਰਾਲਾ ਇਸ ਦੇ ਸਖ਼ਤ ਖ਼ਿਲਾਫ਼ ਹੈ। ਹੁਣ ਬਾਕੀ ਔਰਤਾਂ ਦਾ ਕੀ ਹੋਵੇਗਾ, ਅਜੇ ਇਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ, ਨਾ ਦੇਣ ਵਾਲਿਆਂ ਨੂੰ ਅਤੇ ਨਾ ਹੀ ਲੈਣ ਵਾਲਿਆਂ ਨੂੰ। ਇਸ ਸੰਬੰਧੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਜੋ ਵਾਅਦਾ ਕੀਤਾ ਸੀ, ਉਸ ਨੂੰ ਪੂਰਾ ਕਰਨ ਦੀ ਅਜੇ ਤੱਕ ਸ਼ੁਰੂਆਤ ਵੀ ਨਹੀਂ ਹੋ ਸਕੀ। ਮੱਧ ਪ੍ਰਦੇਸ਼, ਮਹਾਰਾਸ਼ਟਰ, ਤੇਲੰਗਾਨਾ ਵਿੱਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਕਿਉਂ ਨਾ ਹੋਵੇ, ਹਰੇਕ ਸੂਬੇ 'ਚ ਅਜਿਹੀਆਂ ਹੀ ਸਥਿਤੀਆਂ ਬਣੀਆਂ ਹੋਈਆਂ ਹਨ।

ਖਾਸ ਗੱਲ ਇਹ ਹੈ ਚੋਣ ਵਿਸ਼ਲੇਸ਼ਕਾਂ (ਸੇਫੋਲੋਜਿਸਟਾਂ) ਮੁਤਾਬਿਕ ਦਿੱਲੀ ਦੀਆਂ ਔਰਤਾਂ ਦੇ ਵੋਟ ਜਿੱਤਣ ਵਾਲੀ ਭਾਜਪਾ ਦੀ ਬਜਾਏ ਹਾਰਨ ਵਾਲੀ ਆਮ ਆਦਮੀ ਪਾਰਟੀ ਨੂੰ ਜ਼ਿਆਦਾ ਮਿਲੇ ਹਨ। ਭਾਵ ਵੋਟਾਂ ਤਾਂ ਪੂਰੀਆਂ ਮਿਲੀਆਂ ਨਹੀਂ, ਪਰ ਰਿਉੜੀਆਂ ਤਾਂ ਕਿਸੇ ਨਾ ਕਿਸੇ ਪ੍ਰਕਾਰ ਵੰਡਣੀਆਂ ਹੀ ਪੈਣਗੀਆਂ। ਰਿਉੜੀਆਂ ਦੇ ਬਦਲੇ ਵੋਟਾਂ ਦੀ ਗਾਰੰਟੀ ਨਾ ਹੋਣ ਦੀ ਗੱਲ ਤਾਂ ਸਭ ਪਾਰਟੀਆਂ ਨੂੰ 2022 ਵਿੱਚ ਹੀ ਸਮਝ ਪੈ ਗਈ ਸੀ। ਜਦੋਂ ਉੱਤਰ ਪ੍ਰਦੇਸ਼ ਦੀ ਭਾਜਪਾ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਭੇਜੀ ਗਈ ਆਪਣੀ ਚੋਣ ਸਮੀਖਿਆ ਰਿਪੋਰਟ ਵਿੱਚ ਸਵੀਕਾਰ ਕੀਤਾ ਸੀ ਕਿ ਰਿਉੜੀਆਂ ਵੰਡਣ ਦੀਆਂ ਸਕੀਮਾਂ ਦੇ ਲਾਭਪਾਤਰੀਆਂ ਨੇ ਸਰਕਾਰ ਦੀਆਂ ਮੂੰਹ-ਜ਼ੁਬਾਨੀ ਤਾਰੀਫ਼ਾਂ ਤਾਂ ਬਹੁਤ ਕੀਤੀਆਂ, ਪਰ ਵੋਟਾਂ ਓਨੀਆਂ ਨਹੀਂ ਪਾਈਆਂ ਜਿੰਨੀ ਉਮੀਦ ਸੀ। ਕੁਝ ਵੀ ਹੋਵੇ, ਯੂ.ਪੀ. ਸਰਕਾਰ ਵੀ ਵੋਟਾਂ ਮਿਲਣ ਦੀ ਗਾਰੰਟੀ ਦੀ ਕਮੀ ਦੇ ਬਾਵਜੂਦ ਵਾਅਦੇ ਮੁਤਾਬਿਕ ਰਿਉੜੀਆਂ ਵੰਡਣ ਦੇ ਲਈ ਮਜਬੂਰ ਹੈ। ਲਾਭਪਾਤਰੀਆਂ ਦੀ ਅਜਿਹੀ ਦੁਨੀਆਂ ਬਣਾਉਣ ਦਾ ਇਹ ਵਿਚਾਰ ਕਿਸੇ ਭਾਰਤੀ ਨੇਤਾ ਜਾਂ ਪਾਰਟੀ ਦੀ ਦੇਣ ਨਾ ਹੋ ਕੇ ਅਮਰੀਕਾ ਵਿੱਚ ਬੈਠੇ ਬਾਜ਼ਾਰਵਾਦੀ ਅਰਥਸ਼ਾਸਤਰੀਆਂ ਦੇ ਦਿਮਾਗ ਦੀ ਉਪਜ ਹੈ, ਜਿਨ੍ਹਾਂ ਨੇ ਨਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਹੀ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਨਵਉਦਾਰਵਾਦੀ ਸਰਕਾਰਾਂ ਨੂੰ ਲੋਕਾਂ ਦੀ ਨਾਰਾਜ਼ਗੀ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ। ਇਨ੍ਹਾਂ ਅਰਥਸ਼ਾਸਤਰੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ 90ਵੇਂ ਦੇ ਦਹਾਕੇ ਦੀ ਸ਼ੁਰੂਆਤ ਤੋਂ ਚੱਲ ਰਹੇ ਭੂਮੰਡਲੀਕਰਨ ਦੇ ਕਾਰਨ ਜਲਦ ਹੀ ਅਰਥਵਿਵਸਥਾਵਾਂ ਲੋਕਾਂ ਨੂੰ ਰੁਜ਼ਗਾਰ ਦੇਣ ਵਿੱਚ ਨਾਕਾਮ ਹੋਣ ਵਾਲੀਆਂ ਹਨ। (ਬਾਕੀ ਸਫ਼ਾ 31 'ਤੇ)







**ਅੱਜ ਦੇ ਆਧੁਨਿਕ ਸਮੇਂ ਦੌਰਾਨ ਵੱਡੀ ਗਿਣਤੀ ਮਨੁੱਖ ਮਸਨੂਈ ਚੀਜ਼ਾਂ ਦੇ ਮੋਹ ਵਿੱਚ ਕੁਦਰਤ ਦੇ ਨਜ਼ਾਰਿਆਂ ਨੂੰ ਮਾਨਣ ਤੋਂ ਵਾਂਝੇ ਰਹਿ ਜਾਂਦੇ ਹਨ। ਹੁਣ ਕੁਝ ਗਰਮੀ ਹੋਣ 'ਤੇ ਵੱਡੀ ਗਿਣਤੀ ਲੋਕ ਕੂਲਰ ਅਤੇ ਏ.ਸੀ. ਚਲਾਉਂਦੇ ਹਨ ਅਤੇ ਨਕਲੀ ਠੰਡਕ ਦਾ ਅਹਿਸਾਸ ਲੈਂਦੇ ਹਨ ਪਰ ਅਜਿਹੇ ਲੋਕਾਂ ਨੂੰ ਪਤਾ ਨਹੀਂ ਕਿ ਸਾਵਣ ਦੀਆਂ ਠੰਡੀਆਂ ਹਵਾਵਾਂ ਦਾ ਆਨੰਦ ਤਾਂ ਹੀ ਲਿਆ ਜਾ ਸਕਦਾ ਹੈ ਜੇ ਜੇਠ-ਹਾੜ ਦੀਆਂ ਤੇਜ਼ ਧੁੱਪਾਂ ਅਤੇ ਗਰਮੀ ਨੂੰ ਸਹਿਣ ਕੀਤਾ ਹੋਵੇ। ਗਰਮੀਆਂ ਦੌਰਾਨ ਏ.ਸੀ. ਕਮਰਿਆਂ ਵਿੱਚ ਬੈਠੇ ਲੋਕਾਂ ਨੂੰ ਨਾ ਤਾਂ ਤੇਜ਼ ਧੁੱਪ ਦਾ ਅਹਿਸਾਸ ਹੁੰਦਾ ਹੈ, ਨਾ ਹੀ ਸਾਵਣ ਦੀ ਰਿਮ-ਝਿਮ ਦਾ ਅਹਿਸਾਸ ਹੁੰਦਾ ਹੈ, ਨਾ ਉਹਨਾਂ ਦੇ ਦਿਲ ਵਿੱਚ ਅਸਮਾਨ 'ਤੇ ਚੜ੍ਹੀਆਂ ਕਾਲੀਆਂ ਘਟਾਵਾਂ ਕੋਈ ਤਰੰਗ ਪੈਦਾ ਕਰਦੀਆਂ ਹਨ।**



ਪੰਜਾਬ ਸਮੇਤ ਪੂਰੇ ਵਿਸ਼ਵ ਵਿੱਚ ਕੁਦਰਤ ਦੇ ਵੱਖ- ਵੱਖ ਕਿਸਮਾਂ ਦੇ ਸੁੰਦਰ ਤੇ ਖ਼ੂਬਸੂਰਤ ਰੰਗ ਵੇਖਣ ਨੂੰ ਮਿਲਦੇ ਹਨ। ਵਿਸ਼ਵ ਦੇ ਕਿਸੇ ਵੀ ਇਲਾਕੇ ਵਿੱਚ ਚਲੇ ਜਾਓ ਹਰ ਪਾਸੇ ਕੁਦਰਤੀ ਅਜੂਬਿਆਂ ਅਤੇ ਸੁੰਦਰ ਦ੍ਰਿਸ਼ਾਂ ਦੀ ਭਰਮਾਰ ਹੁੰਦੀ ਹੈ। ਵੱਡੀ ਗਿਣਤੀ ਲੋਕ ਇਹਨਾਂ ਕੁਦਰਤੀ ਨਿਆਮਤਾਂ ਦਾ ਆਨੰਦ ਮਾਣਦੇ ਹਨ।

ਵੱਖ- ਵੱਖ ਥਾਂਵਾਂ 'ਤੇ ਜਿਥੇ ਕੁਦਰਤੀ ਤੌਰ 'ਤੇ ਪਹਾੜ ਹਨ, ਤਾਂ ਕਿਸੇ ਪਾਸੇ ਦਰਿਆ ਹਨ, ਕਿਤੇ ਸਮੁੰਦਰ ਹੈ, ਕਿਤੇ ਕੁਦਰਤੀ ਝਰਨੇ ਹਨ। ਕਿਸੇ ਸਥਾਨ 'ਤੇ ਵੱਖ- ਵੱਖ ਕਿਸਮਾਂ ਦੇ ਫੁੱਲ ਹੁੰਦੇ ਹਨ। ਕਈ ਥਾਂਵਾਂ ਦੀ ਖ਼ੂਬਸੂਰਤੀ ਤਾਂ ਉਹਨਾਂ ਨੂੰ ਸੈਰ ਸਪਾਟਾ ਸਥਾਨ ਤੇ ਹਿੱਲ ਸਟੇਸ਼ਨ ਬਣਾ ਦਿੰਦੀ ਹੈ।



ਇਸ ਸਮੇਂ ਵੱਡੀ ਗਿਣਤੀ ਲੋਕ ਮੋਬਾਇਲ ਅਤੇ ਕੰਪਿਊਟਰ ਦੇ ਗੁਲਾਮ ਜਿਹੇ ਹੋ ਕੇ ਰਹਿ ਗਏ ਹਨ। ਇਹਨਾਂ ਲੋਕਾਂ ਨੇ ਜੇ ਬਰਸਾਤ ਦੇਖਣੀ ਹੁੰਦੀ ਹੈ ਤਾਂ ਇਹ ਲੋਕ ਮੋਬਾਇਲ ਜਾਂ ਕੰਪਿਊਟਰ 'ਤੇ ਹੀ ਇੰਟਰਨੈਟ ਦੀ ਸਹਾਇਤਾ ਨਾਲ ਵੇਖ ਲੈਂਦੇ ਹਨ। ਇਸ ਤੋਂ ਇਲਾਵਾ ਵੱਧ ਰਹੀ ਮਹਿੰਗਾਈ ਕਾਰਨ ਮਨੁੱਖ ਨੂੰ ਆਮਦਨੀ ਦੇ ਸੋਮੇ ਵਧਾਉਣ ਲਈ ਮਸ਼ੀਨਾਂ ਨਾਲ ਮਸ਼ੀਨ ਵਰਗੇ ਹੋ ਕੇ ਹੀ ਕੰਮ ਕਰਨਾ ਪੈਂਦਾ ਹੈ, ਜਿਸ ਕਰਕੇ ਆਰਥਿਕ ਪੱਖੋਂ ਕਮਜ਼ੋਰ ਲੋਕ ਤਾਂ ਦੋ ਵੇਲੇ ਦੀ ਰੋਟੀ ਦੇ ਚੱਕਰ ਵਿੱਚ ਹੀ ਪਏ ਰਹਿੰਦੇ ਹਨ।

ਸਿਆਲ ਰੁੱਤ ਦੌਰਾਨ ਵੱਡੀ ਗਿਣਤੀ ਲੋਕ ਪਹਾੜੀ ਇਲਾਕਿਆਂ ਵਿੱਚ ਬਰਫ਼ ਪੈਂਦੀ ਵੇਖਣ ਲਈ ਜਾਂਦੇ ਹਨ, ਪਰ ਪਹਾੜਾਂ 'ਤੇ ਜਾ ਕੇ ਵੀ ਅਨੇਕਾਂ ਲੋਕ ਮੋਬਾਇਲ ਅਤੇ ਲੈਪਟਾਪ ਵਿੱਚ ਹੀ ਉਲਝੇ ਰਹਿੰਦੇ ਹਨ, ਜਿਸ ਕਾਰਨ ਉਹ ਕੁਦਰਤ ਦੀ ਸੁੰਦਰਤਾ ਮਾਨਣ ਤੋਂ ਵਾਂਝੇ ਰਹਿ ਜਾਂਦੇ ਹਨ। ਵਪਾਰੀ ਕਿਸਮ ਦੇ ਲੋਕਾਂ ਨੂੰ ਹਰ ਵੇਲੇ ਆਪਣੇ ਵਪਾਰ ਨੂੰ ਵਧਾਉਣ ਦੀ ਚਿੰਤਾ ਰਹਿੰਦੀ ਹੈ, ਉਹਨਾਂ ਨੂੰ ਕੁਦਰਤੀ ਸੁੰਦਰਤਾ ਦਾ ਕੋਈ ਅਹਿਸਾਸ ਨਹੀਂ ਹੁੰਦਾ, ਉਹ ਤਾਂ ਕੁਦਰਤੀ ਨਜ਼ਾਰਿਆਂ ਵਿਚੋਂ ਹੀ ਆਪਣਾ ਲਾਭ ਵੇਖਦੇ ਹਨ।

ਵੱਡੀ ਗਿਣਤੀ ਲੋਕ ਅਜਿਹੇ ਹੁੰਦੇ ਹਨ, ਜੋ ਕਿ ਕੁਦਰਤ ਦੇ ਅਸੂਲਾਂ ਅਨੁਸਾਰ ਜ਼ਿੰਦਗੀ ਜਿਉਂਦੇ ਹਨ, ਅਜਿਹੇ ਲੋਕ ਕੁਦਰਤੀ ਤੌਰ 'ਤੇ ਸੰਤੁਸ਼ਟ ਅਤੇ ਬਹੁਤ ਹੀ ਸਬਰ ਸੰਤੋਖ ਵਾਲੇ ਹੁੰਦੇ ਹਨ। ਦੂਜੇ ਪਾਸੇ ਅਜਿਹੇ ਲੋਕ ਵੀ ਬਹੁਤ ਜ਼ਿਆਦਾ ਹਨ ਜੋ ਕਿ ਕੁਦਰਤ ਨਾਲ ਇੱਕ ਮਿੱਕ ਹੋਣ ਦੀ ਥਾਂ ਆਪਣੇ ਆਪ ਵਿੱਚ ਹੀ ਉਲਝੇ ਰਹਿੰਦੇ ਹਨ। ਕਿਹਾ ਜਾਂਦਾ ਹੈ ਕਿ ਜਦੋਂ ਤੱਕ ਮਨੁੱਖ ਸਿਰਫ਼ ਕੁਦਰਤ ਵੱਲੋਂ ਪੈਦਾ ਕੀਤਾ ਹੋਇਆ ਅਨਾਜ ਖਾਂਦਾ ਰਿਹਾ ਤਾਂ ਉਹ ਪੂਰੀ ਤਰ੍ਹਾਂ ਤੰਦਰੁਸਤ ਰਹਿੰਦਾ ਸੀ, ਪਰ ਜਦੋਂ ਤੋਂ ਮਨੁੱਖ ਨੇ ਫਾਸਟ ਫੂਡ ਅਤੇ ਹੋਰ ਮਸਾਲੇਦਾਰ ਵਿਅੰਜਨ ਖਾਣੇ ਸ਼ੁਰੂ ਕੀਤੇ ਉਦੋਂ ਤੋਂ ਹੀ ਮਨੁੱਖ ਨੂੰ ਕਈ ਕਿਸਮ ਦੀਆਂ ਬਿਮਾਰੀਆਂ ਨੇ ਜਕੜਿਆ ਹੋਇਆ ਹੈ। ਕੁਦਰਤ ਨਾਲੋਂ ਦੂਰ ਜਾਣ ਦਾ ਹੀ ਨਤੀਜਾ ਹੈ ਕਿ ਮਨੁੱਖ ਨੂੰ ਅਜਿਹੀਆਂ ਬਿਮਾਰੀਆਂ ਵੀ ਹੋ ਰਹੀਆਂ ਹਨ, ਜਿਨ੍ਹਾਂ ਬਿਮਾਰੀਆਂ ਦਾ ਕਿਸੇ ਨੇ ਪਹਿਲਾਂ ਨਾਮ ਵੀ ਨਹੀਂ ਸੁਣਿਆ ਹੁੰਦਾ।



ਸਿਹਤ ਮਾਹਿਰ ਕਹਿੰਦੇ ਹਨ ਕਿ ਮਨੁੱਖ ਨੂੰ ਸਿਰਫ਼ ਉਹੋ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ, ਜੋ ਕਿ ਕੁਦਰਤੀ ਤਰੀਕੇ ਨਾਲ ਧਰਤੀ 'ਤੇ ਉੱਗਦੀਆਂ ਜਾਂ ਉਗਾਈਆਂ ਜਾਂਦੀਆਂ ਹਨ। ਅਜਿਹੀਆਂ ਚੀਜ਼ਾਂ ਨੂੰ ਖਾ ਕੇ ਇਨਸਾਨ ਤੰਦਰੁਸਤ ਰਹਿੰਦਾ ਹੈ।

ਪੰਜਾਬ ਦੇ ਵੱਡੀ ਗਿਣਤੀ ਧੀਆਂ ਪੁੱਤਰ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਵਸੇ ਹੋਏ ਹਨ, ਜਿਥੇ ਜਾ ਕੇ ਉਹਨਾਂ ਵੱਲੋਂ ਸਖ਼ਤ ਮਿਹਨਤ ਕਰਕੇ ਚੰਗੀ ਤਰੱਕੀ ਵੀ ਕੀਤੀ ਹੋਈ ਹੈ। ਇਹਨਾਂ ਵੱਡੀ ਗਿਣਤੀ ਪੰਜਾਬੀਆਂ ਵੱਲੋਂ ਬੇਗਾਨੇ ਮੁਲਕਾਂ ਵੀ ਵਿੱਚ ਕੁਦਰਤ ਦੇ ਨੇੜੇ ਤੇੜੇ ਰਿਹਾ ਜਾਂਦਾ ਹੈ। ਪੰਜਾਬ ਵਿੱਚ ਵੀ ਵੱਡੀ ਗਿਣਤੀ ਵਸਨੀਕ ਕੁਦਰਤ ਦੇ ਨੇੜੇ ਤੇੜੇ ਰਹਿੰਦੇ ਹਨ। ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਉਸ ਨਾਲ ਸਬੰਧਿਤ ਕੰਮ ਧੰਦੇ ਹਨ। ਖੇਤੀਬਾੜੀ ਤਾਂ ਪੂਰੀ ਤਰ੍ਹਾਂ ਨਾਲ ਕੁਦਰਤ ਨਾਲ ਜੁੜਿਆ ਕਿੱਤਾ ਹੈ। ਵਿਦਵਾਨ ਕਹਿੰਦੇ ਹਨ ਕਿ ਪੰਜਾਬ ਦੁਨੀਆਂ ਦਾ ਇਕਲੌਤਾ ਅਜਿਹਾ ਇਲਾਕਾ ਹੈ, ਜਿਥੇ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਇਸ ਕਰਕੇ ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਨੂੰ ਪੰਜਾਬ ਦੀ ਬਹੁਤ ਯਾਦ ਆਉਂਦੀ ਹੈ।

ਜੇ ਇਨਸਾਨ ਨੇ ਤੰਦਰੁਸਤ ਰਹਿਣਾ ਹੈ ਤਾਂ ਉਸ ਨੂੰ ਕੁਦਰਤ ਦੇ ਅਸੂਲਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਪਵੇਗਾ। ਫਾਸਟ ਫੂਡ ਅਤੇ ਹੋਰ ਮਸਾਲੇਦਾਰ ਚੀਜ਼ਾਂ ਦੀ ਥਾਂ ਧਰਤੀ 'ਤੇ ਕੁਦਰਤੀ ਤਰੀਕੇ ਨਾਲ ਉੱਗੀਆਂ ਚੀਜ਼ਾਂ ਖਾਣ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਕੁਦਰਤੀ ਤਰੀਕਿਆਂ ਨਾਲ ਪਕਾਏ ਹੋਏ ਫਲ ਅਤੇ ਸਬਜ਼ੀਆਂ ਖਾਵੇ। ਮਸਾਲੇ ਨਾਲ ਜਾਂ ਕੈਮੀਕਲ ਨਾਲ ਪਕਾਏ ਫਲਾਂ ਤੇ ਸਬਜ਼ੀਆਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਉਠਾਉਣਾ ਚਾਹੀਦਾ ਹੈ। ਮਨੁੱਖ ਨੂੰ ਆਪਣੇ ਲਾਭ ਲਈ ਕੁਦਰਤ ਨਾਲ ਅਤੇ ਕੁਦਰਤੀ ਸੋਮਿਆਂ ਨਾਲ ਛੇੜ ਛਾੜ ਨਹੀਂ ਕਰਨੀ ਚਾਹੀਦੀ ਸਗੋਂ ਕੁਦਰਤ ਦੇ ਅੰਗ ਸੰਗ ਰਹਿਣਾ ਚਾਹੀਦਾ ਹੈ।










# ਵਿਸਾਖੀ ਦੇ ਤਿਉਹਾਰ ਬਾਰੇ ਬਣੀਆਂ ਪੰਜਾਬੀ ਫ਼ਿਲਮਾਂ

**ਭੀਮ ਰਾਜ ਗਰਗ**

ਪੰਜਾਬ ਦੇ ਸੱਭਿਆਚਾਰ, ਇਤਿਹਾਸ ਅਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਵਿੱਚ ਵਿਸਾਖੀ ਦੀ ਅਹਿਮ ਥਾਂ ਹੈ। ਸ਼ੁਰੂ-ਸ਼ੁਰੂ ਵਿੱਚ ਪੰਜਾਬੀ ਫ਼ਿਲਮਾਂ ਨੂੰ ਵੀ ਤਿਉਹਾਰਾਂ ਖ਼ਾਸਕਰ ਵਿਸਾਖੀ ਦੇ ਮੌਕੇ ਰਿਲੀਜ਼ ਕਰਨ ਦਾ ਰਿਵਾਜ ਸੀ। ਪਲੇਠੀ ਪੰਜਾਬੀ ਫ਼ਿਲਮ 'ਇਸ਼ਕ ਪੰਜਾਬ' ਉਰਫ਼ 'ਮਿਰਜ਼ਾ-ਸਾਹਿਬਾਂ' ਨੂੰ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਲਾਹੌਰ ਦੇ ਨਿਰੰਜਨ ਟਾਕੀਜ਼ ਵਿਖੇ 29 ਮਾਰਚ, 1935 ਨੂੰ ਪਰਦਾਨਸ਼ੀ ਕੀਤਾ ਗਿਆ ਸੀ। ਪੰਜਾਬੀ ਦੀ ਦੂਜੀ ਫ਼ਿਲਮ 'ਸ਼ੀਲਾ' ਉਰਫ਼ 'ਪਿੰਡ ਦੀ ਕੁੜੀ' ਵੀ ਵਿਸਾਖੀ ਦੇ ਨੇੜੇ 26 ਮਾਰਚ, 1937 ਨੂੰ ਪੈਲੇਸ ਸਿਨੇਮਾ, ਲਾਹੌਰ ਵਿੱਚ ਪਰਦੇ ਉੱਤੇ ਆਈ ਸੀ।

ਇਸ ਤੋਂ ਬਾਅਦ 'ਮਤਵਾਲੀ ਮੀਰਾ' (12 ਅਪ੍ਰੈਲ 1940), ਗਵਾਂਢੀ (8 ਅਪ੍ਰੈਲ 1942), ਲੱਛੀ (8 ਅਪ੍ਰੈਲ 1949), ਮਦਾਰੀ (13 ਅਪ੍ਰੈਲ 1950), ਸ਼ਾਹਜੀ (4 ਅਪ੍ਰੈਲ 1954), ਨਿੱਕੀ (11 ਅਪ੍ਰੈਲ 1958), ਬਿੱਲੋ (13 ਅਪ੍ਰੈਲ 1961), ਵਲਾਇਤ ਪਾਸ (13 ਅਪ੍ਰੈਲ 1962), ਗੀਤ ਬਹਾਰਾਂ ਦੇ (3 ਅਪ੍ਰੈਲ 1964), ਸੱਪਣੀ (2 ਅਪ੍ਰੈਲ 1965), ਸ਼ਹਿਰ ਦੀ ਕੁੜੀ (28 ਮਾਰਚ, 1969), ਨਾਨਕ ਨਾਮ ਜਹਾਜ਼ ਹੈ (3 ਅਪ੍ਰੈਲ 1970), ਮਾਂ ਦਾ ਲਾਡਲਾ (6 ਅਪ੍ਰੈਲ 1973), ਦਾਜ (1 ਅਪ੍ਰੈਲ 1977), ਦਰਾਣੀ ਜਠਾਣੀ (13 ਅਪ੍ਰੈਲ 1979), ਸਹਿਤੀ ਮੁਰਾਦ (4 ਅਪ੍ਰੈਲ 1980), ਰੇਸ਼ਮਾ (11 ਅਪ੍ਰੈਲ 1986), ਦੂਜਾ ਵਿਆਹ ਤੇ ਜਿਗਰੀ ਯਾਰ (28 ਮਾਰਚ, 1985), ਕੀ ਬਣੂ ਦੁਨੀਆਂ ਦਾ (27 ਮਾਰਚ 1987), ਜੋਸ਼ ਜਵਾਨੀ ਦਾ (1 ਅਪ੍ਰੈਲ 1993), ਟਰੱਕ ਡਰਾਈਵਰ (28 ਮਾਰਚ 1997), ਪੁਰਜ਼ਾ ਪੁਰਜ਼ਾ ਕਟ ਮਰੇ (2 ਅਪ੍ਰੈਲ 1998), ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ (10 ਅਪ੍ਰੈਲ 1998), ਤੇਰਾ ਮੇਰਾ ਕੀ ਰਿਸ਼ਤਾ (10 ਅਪ੍ਰੈਲ 2009), ਮਿਰਜ਼ਾ: ਦਿ ਅਨਟੋਲਡ ਸਟੋਰੀ (6 ਅਪ੍ਰੈਲ 2012), ਸਾਡਾ ਹੱਕ (4 ਅਪ੍ਰੈਲ 2013) ਅਤੇ ਰੱਬ ਮਾਫ਼ ਕਰੀਂ (4 ਅਪ੍ਰੈਲ 2014) ਅਨੇਕਾਂ ਪੰਜਾਬੀ ਫ਼ਿਲਮਾਂ ਹਨ ਜਿਹੜੀਆਂ ਵਿਸਾਖੀ ਦੇ ਤਿਉਹਾਰ ਉੱਤੇ ਪਰਦਾਪੇਸ਼ ਹੋਈਆਂ ਹਨ।

ਸ਼ੁਰੂਆਤ ਤੋਂ ਹੀ ਪੰਜਾਬੀ ਫ਼ਿਲਮਾਂ ਵਿੱਚ ਵਿਸਾਖੀ ਦੇ ਤਿਉਹਾਰ ਅਤੇ ਭੰਗੜਾ ਆਦਿ ਨੂੰ ਪ੍ਰਮੁੱਖਤਾ ਨਾਲ ਸ਼ਾਮਿਲ ਕੀਤਾ ਜਾਂਦਾ




ਸੀ। ਪੰਜਾਬੀ ਫ਼ਿਲਮ ਸ਼ੀਲਾ ਉਰਫ਼ ਪਿੰਡ ਦੀ ਕੁੜੀ (1935) ਦਾ ਗੀਤ ਖ਼ਸਮਾਂ ਨੂੰ ਖਾ ਗਿਆ ਘਰ ਨੀ, ਚੱਲ ਮੇਲੇ ਚੱਲੀਏ ਇਸ ਸਿਲਸਿਲੇ ਦੀ ਸ਼ੁਰੂਆਤ ਮੰਨੀ ਜਾਂਦੀ ਹੈ।

ਫ਼ਿਲਮ ਯਮਲਾ ਜੱਟ (1940) ਦੇ ਭੰਗੜਾ ਗੀਤ ਕਣਕਾਂ ਦੀਆਂ ਫ਼ਸਲਾਂ ਪੱਕੀਆਂ ਨੇ, ਬਦਲਾਂ 'ਚੋਂ ਖ਼ੁਸ਼ੀਆਂ ਵੱਸੀਆਂ ਨੇ... ਨੂੰ ਵਿਸਾਖੀ ਦੇ ਮੌਕੇ ਉੱਤੇ ਫ਼ਿਲਮਾਇਆ ਗਿਆ ਸੀ। ਸ਼ਮਸ਼ਾਦ ਬੇਗ਼ਮ ਦੀ ਆਵਾਜ਼ ਵਿੱਚ ਇਸ ਗੀਤ ਨੇ ਸਾਰੇ ਪੰਜਾਬ ਵਿੱਚ ਧੁੰਮਾਂ ਪਾ ਦਿੱਤੀਆਂ ਸਨ। ਇਸ ਤੋਂ ਬਾਅਦ ਭੰਗੜਾ ਗੀਤ ਪੰਜਾਬੀ ਫ਼ਿਲਮਾਂ ਦੀ ਕਾਮਯਾਬੀ ਦੀ ਕੁੰਜੀ ਬਣ ਗਏ।

ਹੌਲੀ-ਹੌਲੀ ਪੰਜਾਬੀ ਫ਼ਿਲਮੀ ਗੀਤਾਂ 'ਚ ਵਿਸਾਖੀ ਸ਼ਬਦ ਜਿਵੇਂ ਆਈ ਵਿਸਾਖੀ ਓ ਜੱਟਾ ਆਈ ਵਿਸਾਖੀ... , ਬੱਲੇ ਬੱਲੇ ਕਿ ਅਜੇ ਤੇਰੇ ਬੰਦ ਨਾ ਬਣੇ....... (ਫ਼ਿਲਮ ਭਾਈਆ ਜੀ) ਦੀ ਵਰਤੋਂ ਸ਼ੁਰੂ ਹੋ ਗਈ ਸੀ।


ਸੰਨ 1951 ਵਿੱਚ ਚਿੱਤਰ-ਭੂਮੀ ਲਿਮਟਿਡ ਬੰਬੇ ਨੇ ਵਿਸਾਖੀ ਨਾਮ ਦੀ ਫ਼ਿਲਮ ਬਣਾਈ ਸੀ। ਇਹ ਫ਼ਿਲਮ ਇੱਕ ਭੰਗੜੇ ਵਾਲੇ ਗੀਤ ਨੀ ਕਿਹੜੀ ਏਂ ਤੂੰ ਹਾਕ ਮਾਰਦੀ ...... ਆਈ ਵਿਸਾਖੀ ਆਈ ਬੇਲੀਆ...... ਨਾਲ ਸ਼ੁਰੂ ਹੁੰਦੀ ਹੈ।

ਸੰਨ 1950 ਦੇ ਦਹਾਕੇ ਵਿੱਚ ਪੰਜਾਬੀ ਫ਼ਿਲਮਾਂ ਦੇ ਪ੍ਰੋਡਿਊਸਰਾਂ ਨੇ ਵਿਸਾਖੀ ਦੇ ਤਿਉਹਾਰ ਨੂੰ ਆਪਣੀ ਫ਼ਿਲਮਾਂ ਦਾ ਅਹਿਮ ਹਿੱਸਾ ਮੰਨ ਕੇ, ਵਧ ਤੋਂ ਵਧ ਭੰਗੜੇ ਵਾਲੇ ਗੀਤ ਰੱਖਣੇ ਸ਼ੁਰੂ ਕਰ ਦਿੱਤੇ ਸਨ। ਫ਼ਿਲਮ ਕੌਡੇ ਸ਼ਾਹ ਦਾ ਗੀਤ ਵਿਸਾਖੀ ਆਈ ਵਿਸਾਖੀ, ਫ਼ਸਲਾਂ ਦੀ ਮੁੱਕ ਗਈ ਰਾਖੀ...... ਵਿਸਾਖੀ ਦੇ ਤਿਉਹਾਰ ਦਾ ਪ੍ਰਤੀਕ ਬਣ ਗਿਆ ਸੀ ਅਤੇ ਅੱਜ ਵੀ ਵਿਸਾਖੀ ਦਿਹਾੜੇ ਇਹ ਗੀਤ ਖ਼ੂਬ ਵਜਾਇਆ ਅਤੇ ਸੁਣਿਆ ਜਾਂਦਾ ਹੈ।

ਪੰਜਾਬੀ ਫ਼ਿਲਮਾਂ ਵਿੱਚ ਵਿਸਾਖੀ ਦੀ ਅਹਿਮੀਅਤ ਦੇ ਮੱਦੇਨਜ਼ਰ ਗੋਲਡਨ ਮੂਵੀਜ਼ ਬੰਬੇ ਨੇ 1958 ਵਿੱਚ ਭੰਗੜਾ ਫ਼ਿਲਮ ਬਣਾਈ ਸੀ, ਜਿਸ ਦੇ ਖਾਸ ਕਰਕੇ ਭੰਗੜਾ ਦੇ ਗੀਤ ਜੱਟ ਕੁੜੀਆਂ ਤੋਂ ਡਰਦਾ ਮਾਰਾ ਮੋਢੇ ਉੱਤੇ ਡਾਂਗ ਰੱਖਦਾ...... ਨੇ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਦੇਸ਼ ਵਿੱਚ ਤੜਥਲੀਆਂ ਪਾ ਦਿੱਤੀਆਂ ਸਨ। ਸਾਲ 1950 ਨੂੰ ਰਿਲੀਜ਼ ਹੋਈ ਫ਼ਿਲਮ ਦੋ ਲੱਛੀਆਂ ਵਿੱਚ ਇੱਕ ਨਹੀਂ ਸਗੋਂ ਦੋ ਦੋ ਭੰਗੜਾ ਗੀਤ ਗੋਰਾ ਰੰਗ ਨਾ ਹੋ ਜਾਵੇ ਕਾਲਾ ਅਤੇ ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓਂ ਬਹਿੰਦੀ ਰੱਖੇ ਗਏ ਸਨ।

ਇਸੇ ਸਾਲ ਦੋ ਹੋਰ ਫ਼ਿਲਮਾਂ ਪੱਗੜੀ ਸੰਭਾਲ ਜੱਟਾ (ਗੱਲਾਂ ਗੋਰੀਆਂ ਤੇ ਹੋਂਠ ਗੁਲਾਬੀ ) ਅਤੇ ਯਮਲਾ ਜੱਟ (ਅੱਖ ਲੜੀ ਵੇ ਲੜੀ ) ਵਿੱਚ ਭੰਗੜਾ ਗੀਤ ਸ਼ਾਮਿਲ ਕੀਤੇ ਗਏ ਸਨ। ਸਾਲ 1961 ਵਿੱਚ ਵਿਸਾਖੀ ਮੌਕੇ ਦੇ ਭੰਗੜਾ ਗੀਤ ਬਿੱਲੋ (ਤੁਸੀਂ ਕਿੱਥੇ ਚੱਲੇ ), ਗੁੱਡੀ (ਲੱਕ




ਪਤਲਾ ਤੇ ਗਾਗਰ ਭਾਰੀ ) ਅਤੇ ਜੱਟੀ (ਗੁੱਤ ਤੇਰੀ ਅੰਬਰਸਰ ਦੀ ) ਰੱਖੇ ਗਏ ਸਨ। 1962 ਦੀ ਫ਼ਿਲਮ ਚੌਧਰੀ ਕਰਨੈਲ ਸਿੰਘ ਦੇ ਭੰਗੜੇ ਗੀਤ 'ਅੱਡੀ ਮਾਰ ਕੇ ਨੱਚੀ ਜਦੋਂ ਬੰਤੋ' ਨੇ ਪਿੰਡ ਦੀ ਗੱਲ ਤਾਂ ਛੱਡੋ ਸਾਰੇ ਹਿੰਦੁਸਤਾਨ/ਪਾਕਿਸਤਾਨ ਵਿੱਚ ਭੂਚਾਲ ਲਿਆ ਦਿੱਤਾ ਸੀ। ਫ਼ਿਲਮ ਪ੍ਰਦੇਸੀ ਢੋਲਾ ਵਿੱਚ ਦੋ ਭੰਗੜਾ ਗੀਤ ਤੇਰਾ ਝੁਮਕਾ ਲਵੇ ਹੁਲਾਰੇ ਅਤੇ ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ (ਵਿਸਾਖੀ ਦਾ ਮੇਲਾ) ਸ਼ਾਮਿਲ ਕੀਤੇ ਗਏ ਸਨ।

ਵਿਸਾਖੀ ਦਾ ਮੇਲਾ ਦੋ ਪ੍ਰੇਮੀਆਂ ਨੂੰ ਮਿਲਣ ਦਾ ਮੌਕਾ ਵੀ ਦਿੰਦਾ ਸੀ ਅਤੇ ਇਸ ਵਾਸਤੇ ਪੰਜਾਬੀ ਫ਼ਿਲਮਾਂ ਦੇ ਡਾਇਲਾਗ/ਗੀਤ ਵੀ ਕੁਝ ਇਸ ਤਰ੍ਹਾਂ ਲਿਖੇ ਜਾਂਦੇ ਸਨ: ਮਹੀਨਾ ਆਇਆ ਵਿਸਾਖ ਦਾ ਮਾਹੀ ਚਲੀਏ ਵਿਸਾਖੀ ਦੇ ਮੇਲੇ, ਜਲੇਬੀਆਂ ਨੂੰ ਜੀ ਕਰਦਾ (ਦੋ ਲੱਛੀਆਂ)।

ਫ਼ਿਲਮ ਲਾਜੋ ਵਿੱਚ ਹੀਰੋਇਨ ਨਿਸ਼ੀ ਆਖਦੀ ਹੈ, 'ਕੱਲ ਵਿਸਾਖੀ ਹੈ ਮੇਲਾ ਵੇਖਣ ਚੱਲਾਂਗੇ ਅਤੇ ਭੰਗੜਾ ਗੀਤ 'ਜੱਟ ਜੱਟੀ ਨੂੰ ਡਰਾਵਣ ਆਇਆ......' ਸ਼ੁਰੂ ਹੋ ਜਾਂਦਾ ਹੈ। ਫ਼ਿਲਮ ਮਾਮਾ ਜੀ ਦੇ ਭੰਗੜੇ ਦੇ ਗੀਤ 'ਰੂਪ ਨੂੰ ਹਨੇਰ ਚੜ੍ਹਿਆ' ਤੋਂ ਪਹਿਲੋਂ ਹੀਰੋਇਨ ਇੰਦਰਾ ਬਿੱਲੀ ਇਹੋ ਜਿਹਾ ਸੰਵਾਦ ਬੋਲਦੀ ਹੈ।ਫ਼ਿਲਮ ਪਿੰਡ ਦੀ ਕੁੜੀ ਦਾ ਭੰਗੜਾ 'ਜ਼ੈਲਦਾਰਾ ਪੁੱਤ ਨੂੰ ਸਮਝਾ ਲੈ' ਵੀ ਵਿਸਾਖੀ ਦੇ ਮੌਕੇ ਨੂੰ ਦਰਸਾਉਂਦਾ ਹੈ। ਫ਼ਿਲਮ ਪਰਦੇਸੀ ਢੋਲਾ ਵਿੱਚ ਮਾਂ ਹੀਰੋ ਰਵਿੰਦਰ ਕਪੂਰ ਨੂੰ ਕਹਿੰਦੀ ਹੈ. ਜਾ ਪੁੱਤਰ ਇੰਦਰਾ ਨੂੰ ਵਿਸਾਖੀ ਦਾ ਮੇਲਾ ਵਿਖਾ ਲਿਆ। ਮੇਲੇ ਵਿੱਚ ਜਾ ਕੇ ਉਹ ਦੋਵੇਂ 'ਦੁਸ਼ਮਣ ਹੋ ਜਾਵੇ ਭਾਵੇਂ ਦੁਨੀਆਂ ਸਾਰੀ' ਗੀਤ 'ਤੇ ਭੰਗੜਾ ਪਾਉਂਦੇ ਹਨ।

ਫ਼ਿਲਮ ਜੀਜਾ ਜੀ ਦਾ ਡਾਇਲਾਗ 'ਭੋਲੂ ਅੱਜ ਵਿਸਾਖੀ ਏ, ਅੱਜ ਦੇ ਦਿਨ ਵੀ ਸੋਗ' ਪੰਜਾਬੀਆਂ ਦੇ ਜੀਵਨ ਵਿੱਚ ਵਿਸਾਖੀ ਦੀ ਅਹਿਮੀਅਤ ਨੂੰ ਪ੍ਰਗਟਾਉਂਦਾ ਹੈ। ਇਹ ਗੱਲ ਸੁਣਦਿਆਂ ਹੀ ਯਤੀਮ ਅਤੇ ਮਾਸੂਮ ਹੀਰੋ 'ਹੜਿੱਪਾ ਹੜਿੱਪਾ ਨੀ ਚਿੱਟੀਏ ਕਬੂਤਰੀਏ ..' ਬੋਲਾਂ ਉੱਤੇ ਭੰਗੜਾ ਪਾਉਣ ਲੱਗਦਾ ਹੈ।

ਵਿਸਾਖੀ ਦੇ ਪਾਵਨ ਤਿਉਹਾਰ ਨੂੰ ਹੋਰ ਵੀ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿੱਚ ਭੰਗੜਾ ਗੀਤਾਂ ਦੇ ਜ਼ਰੀਏ ਅਹਿਮ ਥਾਂ ਦਿੱਤੀ ਗਈ ਹੈ। ਤਕਰੀਬਨ 1960ਵਿਆਂ ਅਤੇ 1970ਵਿਆਂ ਦੀ ਹਰ ਦੂਜੀ ਫ਼ਿਲਮ ਵਿੱਚ ਵਿਸਾਖੀ ਦੇ ਮੇਲੇ ਬਾਬਤ ਕੋਈ ਗੀਤ ਸੀ ਜਾਂ ਮੇਲੇ ਦਾ ਦ੍ਰਿਸ਼ ਕਹਾਣੀ ਦੀ ਨਾਟਕੀ ਮੋੜ ਸਾਬਤ ਹੁੰਦਾ ਸੀ। ਵਿਸਾਖੀ ਦਾ ਤਿਉਹਾਰ ਤਕਰੀਬਨ ਤਿੰਨ-ਚਾਰ ਦਹਾਕਿਆਂ ਤੱਕ ਪੰਜਾਬੀ ਫ਼ਿਲਮਾਂ ਦੀ ਸ਼ਾਨ ਬਣਿਆ ਰਿਹਾ। ਇਸ ਤੋਂ ਬਾਅਦ ਪੰਜਾਬੀ ਫ਼ਿਲਮਸਾਜ਼ਾਂ ਨੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਨਾਲ ਜੁੜੇ ਮੇਲਿਆਂ ਅਤੇ ਤਿਉਹਾਰਾਂ ਨੂੰ ਦਿਲੋਂ ਹੀ ਭੁਲਾ ਦਿੱਤਾ।

ਦਿਵਾਲੀ, ਲੋਹੜੀ, ਹੋਲੀ ਵਰਗੇ ਤਿਉਹਾਰ ਸਾਡੀਆਂ ਫ਼ਿਲਮਾਂ ਵਿੱਚੋਂ ਤਕਰੀਬਨ ਗਾਇਬ ਹੋ ਗਏ ਹਨ। ਬਸ ਹੁਣ ਕਦੀ ਕਦਾਈਂ ਵਿਸਾਖੀ ਦੇ ਢੋਲ ਦੀ ਧਮਕ ਕੰਨਾਂ ਵਿੱਚ ਪੈਂਦੀ ਹੈ ਜਿਵੇਂ 1992 ਵਿੱਚ ਡਾਇਰੈਕਟਰ ਹਰਜੀਤ ਸਿੰਘ ਨੇ 'ਵਿਸਾਖੀ' ਨਾਮ ਦੀ ਪੰਜਾਬੀ ਫ਼ਿਲਮ ਬਣਾਈ ਸੀ।

ਸੰਨ 2016 ਵਿੱਚ ਗਾਖਲ ਬ੍ਰਦਰਜ਼ ਇੰਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਨੇ 'ਵਿਸਾਖੀ ਲਿਸਟ' ਨਾਮ ਦੀ ਫ਼ਿਲਮ ਬਣਾਈ।

ਪੰਜਾਬੀ ਫ਼ਿਲਮਾਂ ਵਿੱਚ ਵਿਸਾਖੀ ਦਾ ਸੁਨਹਿਰਾ ਅਤੀਤ ਫ਼ਰੋਲਣ ਵੇਲੇ ਇਹ ਆਸ ਕੀਤੀ ਜਾ ਸਕਦੀ ਹੈ ਕਿ ਨਵੇਂ ਫ਼ਿਲਮਸਾਜ਼ ਇਸ ਸਾਂਝੀ ਵਿਰਾਸਤ ਨੂੰ ਆਪਣੀਆਂ ਫ਼ਿਲਮਾਂ ਵਿੱਚ ਸ਼ਾਮਿਲ ਕਰ ਸਕਦੇ ਹਨ। ਵਿਸਾਖੀ ਦਾ ਮੌਕਾ ਫ਼ਿਲਮ ਦੀ ਕਹਾਣੀ ਵਿੱਚ ਬਹੁਤ ਸਾਰੀਆਂ ਸੰਭਾਵਨਾਵਾਂ ਫ਼ਰੋਲਣ ਦਾ ਸਬੱਬ ਬਣਦਾ ਰਿਹਾ ਹੈ ਅਤੇ ਹੁਣ ਵੀ ਬਣ ਸਕਦਾ ਹੈ।



# ਪੰਜਾਬ ਦੀ ਖੇਤੀ ਵਿੱਚ ਪਾਣੀ ਦੀ ਬੱਚਤ ਕਿਵੇਂ ਹੋਵੇ ?

ਭਗਵਾਨ ਦਾਸ




ਕਿਸਾਨਾਂ ਦੇ ਮਿਜ਼ਾਜ ਤੇ ਰੁਝਾਨ ਤੋਂ ਲਗਦਾ ਹੈ ਕਿ ਇਸ ਸਾਲ ਵੀ 32 ਲੱਖ ਹੈਕਟੇਅਰ ਤੋਂ ਝੋਨੇ ਦੀ ਕਾਸ਼ਤ ਨਹੀਂ ਘਟੇਗੀ। ਭਾਵੇਂ ਪੰਜਾਬ ਸਰਕਾਰ ਨੇ 21 ਹਜ਼ਾਰ ਹੈਕਟੇਅਰ ਰਕਬਾ ਘਟਾਉਣ ਦਾ ਨਿਸ਼ਾਨਾ ਰੱਖਿਆ ਹੈ। ਪਿਛਲੇ ਸਾਲਾਂ ’ਚ ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਲਈ ਸਰਕਾਰ ਵਲੋਂ ਕੀਤੇ ਗਏ ਸਾਰੇ ਉਪਰਾਲੇ ਅਸਫ਼ਲ ਰਹੇ ਹਨ। ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਦੀ ਲੋੜ ਜ਼ਮੀਨ ਥੱਲੇ ਪਾਣੀ ਦੀ ਸਤਹਿ ’ਚ ਗਿਰਾਵਟ ਆਉਣ ਦੀ ਸਮੱਸਿਆ ਦੇ ਕਾਰਨ ਪੈਦਾ ਹੋਈ ਹੈ। ਪੰਜਾਬ ’ਚ ਜ਼ਮੀਨ ਥੱਲਿਓਂ ਪਾਣੀ ਕੱਢਣ ਲਈ 14 ਲੱਖ ਤੋਂ ਵੱਧ ਟਿਊਬਵੈੱਲ ਲੱਗੇ ਹੋਏ ਹਨ। ਸਬਜ਼ ਇਨਕਲਾਬ ਤੋਂ ਬਾਅਦ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧਣ ਅਤੇ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਦੇ ਵਜੂਦ ’ਚ ਆਉਣ ਨਾਲ ਪਾਣੀ ਦੀ ਲੋੜ ਬਹੁਤ ਵਧ ਗਈ। ਬਾਰਿਸ਼ਾਂ ਵੀ ਔਸਤਨ ਘਟਦੀਆਂ ਰਹੀਆਂ। ਸਿੰਜਾਈ ਦੇ ਹੋਰ ਸਾਧਨ ਜਿਵੇਂ ਕਿ ਨਹਿਰੀ ਪਾਣੀ ਆਦਿ ਵੀ ਘਟਦੇ ਗਏ ਅਤੇ ਜ਼ਮੀਨ ਥੱਲਿਓਂ ਪਾਣੀ ਦੀ ਵਰਤੋਂ ਮਤਵਾਤਰ ਵਧਦੀ ਗਈ। ਟਿਊਬਵੈੱਲਾਂ ਲਈ ਬਿਜਲੀ ਮੁਫ਼ਤ ਹੋਣ ਕਾਰਨ ਪਾਣੀ ਦੀ ਕਫ਼ਾਇਤੀ ਤੇ ਸੰਕੋਚਵੀਂ ਵਰਤੋਂ ਵੀ ਨਹੀਂ ਕੀਤੀ ਗਈ, ਕਿਉਂਕਿ ਜ਼ਮੀਨ ਥੱਲੇ ਦਾ ਪਾਣੀ ਮੁਫ਼ਤ ਸੀ। ਜਦੋਂ ਝੋਨੇ ਦੀ ਫ਼ਸਲ ’ਚ ਪਾਣੀ ਖੜ੍ਹਾ ਕਰਨ ਦੀ ਲੋੜ ਵੀ ਨਹੀਂ ਸੀ, ਉਦੋਂ ਵੀ ਕਿਸਾਨ ਪਾਣੀ ਦੀ ਵਰਤੋਂ ਖੇਤਾਂ ’ਚ ਪਾਣੀ ਖੜ੍ਹਾ ਕਰਨ ਲਈ ਕਰਦੇ ਰਹੇ। ਇਸ ਨਾਲ ਜ਼ਮੀਨ ਥੱਲੇ ਪਾਣੀ ਦਾ ਪੱਧਰ ਲਗਾਤਾਰ ਘਟਦਾ ਗਿਆ। 153 ਬਲਾਕਾਂ ’ਚੋਂ 117 ਬਲਾਕਾਂ ਦੀ ਹਾਲਤ ਤਰਸਯੋਗ ਹੋ ਗਈ। ਪਾਣੀ ਦਾ ਪੱਧਰ ਘਟਣ ਨਾਲ ਸਬਮਰਸੀਬਲ ਪੰਪ ਲੱਗਣੇ ਸ਼ੁਰੂ ਹੋ ਗਏ ਅਤੇ ਇਨ੍ਹਾਂ ਦੀ ਗਿਣਤੀ ਹਰ ਸਾਲ ਵਧਦੀ ਗਈ। ਪਿੱਛੇ ਜਿਹੇ ਬਾਸਮਤੀ ਦੀ ਕਾਸ਼ਤ ਵਧਣ ਅਤੇ ਪੰਜਾਬ ਪ੍ਰੀਜ਼ਰਵੇਸ਼ਨ ਆਫ਼ ਸਬਸੁਆਇਲ ਵਾਟਰ ਐਕਟ 2009, ਲਾਗੂ ਹੋਣ ਨਾਲ ਅਗੇਤੀ ਬਿਜਾਈ ’ਤੇ ਠੱਲ੍ਹ ਪੈਣ ਦੇ ਬਾਵਜੂਦ ਜ਼ਮੀਨ ਥੱਲੇ ਪਾਣੀ ਦਾ ਪੱਧਰ ਘਟਦਾ ਗਿਆ। ਮਾਹਿਰਾਂ ਵਲੋਂ ਦਿੱਤੇ ਗਏ ਅੰਕੜਿਆਂ ਦੇ ਆਧਾਰ ’ਤੇ ਜਿਨ੍ਹਾਂ ਬਲਾਕਾਂ ’ਚ ਹੋਰ ਕੋਈ ਟਿਊਬਵੈੱਲ ਨਹੀਂ ਲੱਗਣਾ ਚਾਹੀਦਾ ਸੀ, ਉੱਥੇ ਵੀ ਲਗਾਤਾਰ ਟਿਊਬਵੈੱਲ ਲਗਦੇ ਰਹੇ।

ਖੇਤੀ ਲਈ ਜ਼ਮੀਨ ਥੱਲੇ ਦੇ ਪਾਣੀ ਦੀ ਵਧ ਰਹੀ ਲੋੜ ਨੂੰ ਮੁੱਖ ਰੱਖਦਿਆਂ ਸ਼ਹਿਰਾਂ ’ਚ ਲਗਾਤਾਰ ਵਧ ਰਹੀ ਆਬਾਦੀ ਨਾਲ ਇਹ ਸੋਚ ਧਾਰਾ ਸ਼ੁਰੂ ਹੋ ਗਈ ਕਿ ਪਾਣੀ ਕੇਵਲ ਕਿਸਾਨਾਂ ਦੀ ਹੀ ਮਲਕੀਅਤ ਨਹੀਂ, ਸਗੋਂ ਇਸ ’ਚ ਸ਼ਹਿਰੀਆਂ ਦਾ ਵੀ ਹਿੱਸਾ ਹੈ। ਸ਼ਹਿਰਾਂ ਦੀ ਆਬਾਦੀ ਵੀ ਨਿਰੰਤਰ ਵਧਣ ਕਾਰਨ ਉੱਥੇ ਵੀ ਪਾਣੀ ਦੀ ਘਾਟ ਹੁੰਦੀ ਗਈ। ਇਸ ਵੇਲੇ ਜ਼ਮੀਨ ਥੱਲੇ ਦਾ ਜ਼ਿਆਦਾ ਮਾਤਰਾ ’ਚ ਪਾਣੀ ਕਿਸਾਨ ਖੇਤੀ ਲਈ ਵਰਤ ਰਹੇ ਹਨ। ਲਗਭਗ 70 ਪ੍ਰਤੀਸ਼ਤ ਲੋਕ ਪਿੰਡਾਂ ’ਚ ਰਹਿੰਦੇ ਹਨ ਅਤੇ ਭਾਰਤ ਦੀ ਕੁੱਲ ਆਬਾਦੀ ਦਾ 55 ਫ਼ੀਸਦੀ ਲੋਕਾਂ ਦਾ ਕਿੱਤਾ ਖੇਤੀਬਾੜੀ ਹੈ, ਜਦੋਂ ਕਿ ਦੇਸ਼ ਦੀ ਕੁੱਲ ਆਮਦਨੀ (ਜੀ.ਡੀ.ਪੀ.) ’ਚ ਖੇਤੀਬਾੜੀ ਦਾ ਯੋਗਦਾਨ ਸਿਰਫ਼ 17 ਪ੍ਰਤੀਸ਼ਤ ਹੈ। ਪਾਣੀ ਦੀ ਸਪਲਾਈ ਖੇਤੀਬਾੜੀ ਤੋਂ ਇਲਾਵਾ ਸ਼ਹਿਰਾਂ ਦੀ ਆਬਾਦੀ ਨੂੰ ਮੁਹੱਈਆ ਕਰਨ ਦੀ ਵੀ ਸਮੱਸਿਆ ਵਧਦੀ ਜਾ ਰਹੀ ਹੈ। ਸ਼ਹਿਰਾਂ ’ਚ ਵੀ ਸਬਮਰਸੀਬਲ ਪੰਪ ਲੱਗਣੇ ਸ਼ੁਰੂ ਹੋ ਗਏ, ਕਿਉਂਕਿ ਨਗਰ ਨਿਗਮਾਂ ਰਾਹੀਂ ਪਾਣੀ ਦਿਨ ’ਚ ਕੁਝ ਘੰਟਿਆਂ ਲਈ ਹੀ ਮਿਲਦਾ ਹੈ। ਸ਼ਹਿਰੀਆਂ ਨੂੰ ਪਾਣੀ ਦੀਆਂ ਸਹੂਲਤਾਂ ਬਹੁਤ ਘੱਟ ਉਪਲਬਧ ਹਨ। ਸ਼ਹਿਰਾਂ ’ਚ ਜੋ ਨਾਲਿਆਂ ਦਾ ਗੰਦਾ ਪਾਣੀ ਹੈ, ਉਸ ਨੂੰ ਵਰਤਣ ਲਈ ਪੂਰੇ ਤੌਰ ’ਤੇ ਰੀਸਾਈਕਲ ਨਹੀਂ ਕੀਤਾ ਜਾ ਰਿਹਾ। ਰੀਸਾਈਕਲਿੰਗ ਦੀਆਂ ਸਹੂਲਤਾਂ ਬਹੁਤ ਘੱਟ ਥਾਂਵਾਂ ’ਤੇ ਉਪਲਬਧ ਹਨ। ਪੰਜਾਬ ’ਚ ਜ਼ਮੀਨ ਥੱਲੇ ਦਾ ਪਾਣੀ ਵਧ ਮਾਤਰਾ ’ਚ ਵਰਤਿਆ ਜਾਂਦਾ ਹੈ। ਪਰ ਰਿਚਾਰਜ ਨਹੀਂ ਹੁੰਦਾ ਅਤੇ ਜ਼ਮੀਨ ਥੱਲਿਓਂ ਪਾਣੀ ਵੱਧ ਖਿੱਚਣ ਵਾਲੇ ਰਾਜਾਂ ’ਚੋਂ ਪੰਜਾਬ ਮੋਹਰੀ ਹੈ। ਭਾਵੇਂ ਭਾਰਤ ਸੰਸਾਰ ਦੇ ਸਭ ਦੇਸ਼ਾਂ ਨਾਲੋਂ ਜ਼ਮੀਨ ਥੱਲੇ ਦਾ ਪਾਣੀ ਵਧ ਵਰਤ ਰਿਹਾ ਹੈ। ਚੀਨ ਦੀ ਆਬਾਦੀ ਭਾਰਤ ਤੋਂ ਵੱਧ ਹੋਣ ਦੇ ਬਾਵਜੂਦ ਭਾਰਤ ’ਚ ਚੀਨ ਨਾਲੋਂ ਕਿਤੇ ਜ਼ਿਆਦਾ ਪਾਣੀ ਜ਼ਮੀਨ ਥੱਲਿਓਂ ਕੱਢਿਆ ਜਾ ਰਿਹਾ ਹੈ। ਸਹੀ ਅਰਥਾਂ ’ਚ ਪਾਣੀ ਦੀ ਯੋਗ ਵਰਤੋਂ ਨਹੀਂ ਹੋ ਰਹੀ, ਖ਼ਾਸ ਕਰਕੇ ਪੰਜਾਬ ’ਚ ਝੋਨੇ ਦੀ ਕਾਸ਼ਤ ਥੱਲੇ ਰਕਬਾ ਉਪਰਾਲਿਆਂ ਦੇ ਬਾਵਜੂਦ ਵੀ ਨਹੀਂ ਘਟ ਰਿਹਾ।

ਦੇਸ਼ ਦੇ ਕੇਂਦਰੀ ਭੰਡਾਰ ’ਚ ਕਈ ਦੂਜੇ ਰਾਜਾਂ ਨਾਲੋਂ ਕਣਕ ਤੇ ਚੌਲਾਂ ਦਾ ਵੱਧ ਯੋਗਦਾਨ ਪਾਉਣ ਕਾਰਨ ਪੰਜਾਬ ਅੱਜ ਪਾਣੀ ਦੀ ਘਾਟ ਨਾਲ ਜੂਝ ਰਿਹਾ ਹੈ। ਰਾਜ ਦੇ ਕਾਫ਼ੀ ਵੱਡੇ ਰਕਬੇ ’ਚ ਜ਼ਮੀਨ ਹੇਠਲਾ ਪਾਣੀ ਮਾੜਾ ਹੈ, ਜੋ ਸਿੰਜਾਈ ਦੇ ਯੋਗ ਨਹੀਂ। ਸਬਮਰਸੀਬਲ ਪੰਪਾਂ ਨਾਲ ਡੂੰਘੀ ਸਤਹਿ ਤੋਂ ਪਾਣੀ ਕੱਢ ਕੇ ਜੋ ਸਿੰਜਾਈ ਕੀਤੀ ਜਾ ਰਹੀ ਹੈ, ਇਹ ਭਵਿੱਖ ’ਚ ਜ਼ਮੀਨਾਂ ਨੂੰ ਕਲਰਾਠੀਆਂ ਬਣਾ ਦੇਵੇਗੀ। ਜਿਸ ਦਾ ਫ਼ੇਰ ਕੋਈ ਹੱਲ ਸੰਭਵ ਨਹੀਂ ਹੋਵੇਗਾ। ਜਦੋਂ ਪਾਣੀ ਹੀ ਕੱਲਰ ਵਾਲਾ ਨਿਕਲ ਆਇਆ ਤਾਂ ਜ਼ਮੀਨ ਬੰਜਰ ਹੋ ਕੇ ਰਹਿ ਜਾਵੇਗੀ, ਜੇ ਹਾਲਾਤ ਇਹੀ ਰਹੇ ਤਾਂ ਖੇਤੀ ਤਾਂ ਦੂਰ ਰਹੀ ਪੰਜਾਬ ਪੀਣ ਦੇ ਪਾਣੀ ਲਈ ਵੀ ਤਰਸੇਗਾ। ਬਾਰਿਸ਼ ਦੇ ਜ਼ਾਇਆ ਜਾ ਰਹੇ ਪਾਣੀ ਨੂੰ ਰਿਚਾਰਜ ਕਰਨ ਦੀ ਸਖ਼ਤ ਲੋੜ ਹੈ। ਨਾਲੇ, ਨਾਲੀਆਂ ਵਿਚਲੇ ਪਾਣੀ ਨੂੰ ਰੀਸਾਈਂਕਲ ਕਰ ਕੇ ਪਾਣੀ ਦੀ ਯੋਗ ਵਰਤੋਂ ਕਰਨ ਵੱਲ ਸਖ਼ਤ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸਰਕਾਰ ਨੂੰ ਅਜਿਹੀ ਨੀਤੀ ਤੇ ਸਾਧਨ ਵਰਤਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪਾਣੀ ਦੀ ਬੱਚਤ ਹੋਵੇ ਅਤੇ ਪਾਣੀ ਦੀ ਘੱਟ ਲੋੜ ਵਾਲੀਆਂ ਫ਼ਸਲਾਂ ਨੂੰ ਅਹਿਮੀਅਤ ਮਿਲੇ।

ਬਾਸਮਤੀ ਦੀ ਕਾਸ਼ਤ ਥੱਲੇ ਰਕਬੇ ਦਾ ਘਟਣਾ ਕਿਸੇ ਤਰ੍ਹਾਂ ਵੀ ਯੋਗ ਨਹੀਂ, ਕਿਉਂਕਿ ਇਸ ਦੀ ਪਾਣੀ ਦੀ ਲੋੜ ਝੋਨੇ ਦੇ ਮੁਕਾਬਲੇ ਬਹੁਤ ਘੱਟ ਹੈ ਅਤੇ ਬਾਸਮਤੀ ਥੱਲੇ ਝੋਨੇ ’ਚੋਂ ਨਿਕਲ ਕੇ ਹੀ ਤਾਂ ਰਕਬਾ ਆਉਂਦਾ ਹੈ, ਪ੍ਰੰਤੂ ਪਿਛਲੇ ਸਾਲ ਕਿਸਾਨਾਂ ਨੂੰ ਬਾਸਮਤੀ ਦੀ ਯੋਗ ਕੀਮਤ ਨਾ ਮਿਲਣ ਕਾਰਨ ਜੋ ਕਿਸਾਨ ਬਾਸਮਤੀ ਦੀ ਥਾਂ ਝੋਨਾ ਲਗਾਉਣ ਸੰਬੰਧੀ ਸੋਚਣ ਲੱਗ ਪਏ, ਉਸ ਤੋਂ ਮੋੜ ਪਾਉਣ ਦੀ ਲੋੜ ਹੈ। ਬਾਸਮਤੀ ਦੀ ਕਾਸ਼ਤ ਥੱਲੇ ਰਕਬਾ ਵਧਣ ਦੀ ਵੀ ਗੁੰਜਾਇਸ਼ ਹੈ। ਸਰਕਾਰ ਨੂੰ ਕੇਂਦਰ ’ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਬਾਸਮਤੀ ਦੀ ਐੱਮ.ਐੱਸ.ਪੀ. ਮੁਕਰਰ ਕਰਕੇ ਕਿਸਾਨਾਂ ਦਾ ਉਤਸ਼ਾਹ ਬਾਸਮਤੀ ਦੀ ਕਾਸ਼ਤ ਵੱਲ ਵਧਾਵੇ ਜਾਂ ਬਾਸਮਤੀ ਦਾ ਲਾਹੇਵੰਦ ਮੰਡੀਕਰਨ ਯਕੀਨੀ ਬਣਾਵੇ। ਇਸ ਤਰ੍ਹਾਂ ਹੀ ਪਾਣੀ ਦੀ ਘਾਟ ਦੇ ਸੰਕਟ ਤੋਂ ਬਚਿਆ ਜਾ ਸਕਦਾ ਹੈ। ਜ਼ਮੀਨ ਥੱਲੇ ਪਾਣੀ ਦੀ ਸਤਹਿ ਦੀ ਗਿਰਾਵਟ ਨੂੰ ਰੋਕਣ ਲਈ ਖੇਤਾਂ ਨੂੰ ਲੇਜ਼ਰ ਕਰਾਹੇ ਨਾਲ ਪੱਧਰ ਕਰਨਾ ਅਤੇ ਜ਼ਮੀਨ ਥੱਲੇ ਪਾਈਪ ਪਾਉਣਾ ਵੀ ਜ਼ਰੂਰੀ ਹੈ। ਮਾਈਕਰੋ ਸਿੰਜਾਈ ਦੀਆਂ ਸਹੂਲਤਾਂ ਨੂੰ ਵਧਾਇਆ ਜਾਏ। ਇਸ ਨਾਲ ਪਾਣੀ ਦੀ ਖਪਤ ਘਟੇਗੀ ਅਤੇ ਉਤਪਾਦਕਤਾ ਵਧੇਗੀ। ਸਰਕਾਰ ਨੂੰ ਲੇਜ਼ਰ ਕਰਾਹੇ ਲਈ ਵੱਡੇ-ਵੱਡੇ ਕਿਸਾਨਾਂ ਤੇ ਵਪਾਰੀਆਂ ਨੂੰ ਸਬਸਿਡੀ ਦੇਣ ਦੀ ਬਜਾਏ ਛੋਟੇ-ਛੋਟੇ ਕਿਸਾਨਾਂ ਨੂੰ ਮਾਲੀ ਸਹਾਇਤਾ ਦੇ ਕੇ ਆਪਣੀ ਨੀਤੀ ’ਚ ਸੋਧ ਕੀਤੀ ਜਾਣੀ ਜ਼ਰੂਰੀ ਹੈ। ਇਸ ਨਾਲ ਕਿਸਾਨਾਂ ਦੀ ਬਹੁਮਤ ਲੇਜ਼ਰ ਕਰਾਹੇ ਦੀ ਵਰਤੋਂ ਕਰ ਕੇ ਜ਼ਮੀਨ ਥੱਲੇ ਪਾਣੀ ਦੀ ਬੱਚਤ ਕਰ ਸਕੇਗੀ। ਬਾਸਮਤੀ ਦੀਆਂ ਥੋੜ੍ਹੇ ਸਮੇਂ ’ਚ ਪੱਕਣ ਵਾਲੀਆਂ ਸਫ਼ਲ ਪੀ.ਬੀ.-1509, ਪੀ.ਬੀ.-1692 ਅਤੇ ਪੀ.ਬੀ.-1985 ਜਿਹੀਆਂ ਕਿਸਮਾਂ ਦੀ ਕਾਸ਼ਤ ਲਈ ਪੰਜਾਬ ਸਰਕਾਰ ਯੋਗ ਨੀਤੀ ਬਣਾ ਕੇ ਕਿਸਾਨਾਂ ਨੂੰ ਇਹ ਕਿਸਮਾਂ ਬੀਜਣ ਲਈ ਉਤਸ਼ਾਹਿਤ ਕਰੇ। ਇਨ੍ਹਾਂ ਕਿਸਮਾਂ ਦੀ ਪਾਣੀ ਦੀ ਲੋੜ ਘੱਟ ਹੈ ਅਤੇ ਸਮੇਂ ਸਿਰ ਬੀਜਿਆਂ ਇਹ ਇਕ ਅੱਧੀ ਸਿੰਜਾਈ ਲੈ ਕੇ ਵੀ ਬਾਰਿਸ਼ ਦੇ ਪਾਣੀ ਨਾਲ ਪੱਕ ਜਾਂਦੀਆਂ ਹਨ। ਇਸ ਨਾਲ ਵੀ ਪਾਣੀ ਦੀ ਬੱਚਤ ਹੋਵੇਗੀ।





ਲਾਡੀ ਜਗਤਾਰ
9463603091

# ਜੇ ਦਿਲ ਖੋਲ੍ਹਿਆ ਹੁੰਦਾ ਯਾਰਾਂ ਨਾਲ . . .



ਬੋਲਣਾ ਰੱਬੀ ਰਹਿਮਤ ਹੈ, ਬੋਲੀ ਦੇ ਸਾਰੇ ਰੂਪਾਂ ਤੋਂ ਉੱਪਰ ਹੈ। ਜੇ ਮਨੁੱਖ ਬੋਲਦਾ ਸੀ, ਤਾਂ ਹੀ ਕਿੰਨਾ ਕੁਝ ਸਿਰਜਿਆ ਗਿਆ। ਸਭ ਤੋਂ ਪਹਿਲਾਂ ਭਾਸ਼ਾ ਸਿਰਜੀ ਗਈ। ਲਿਪੀ ਸਿਰਜੀ ਗਈ। ਸ਼ਬਦ, ਕਵਿਤਾ, ਗੀਤ, ਕਹਾਣੀਆਂ ਤੇ ਹੋਰ ਕਿੰਨੀ ਹੀ ਮਨੁੱਖੀ ਤਰੱਕੀ ਹੋਈ। ਕੁਦਰਤ ਨੇ ਕੁੱਲ ਜੀਵਾਂ ਨੂੰ ਬੋਲਣ ਦੀ ਰਹਿਮਤ ਬਖ਼ਸ਼ੀ ਹੈ। ਕੋਈ ਪੰਛੀ, ਜਾਨਵਰ ਦੇਖ ਲਈਏ ਤਾਂ ਹਰ ਇੱਕ ਜੀ ਜਨੌਰ ਗੱਲ ਸਮਝਣ ਲਈ ਆਪਣੀ ਬੋਲੀ ਦਾ ਪ੍ਰਯੋਗ ਕਰਦਾ ਹੈ।

ਬੋਲਣਾ ਜਾ ਗੱਲਬਾਤ ਕਰਨਾ ਮਨੁੱਖੀ ਜਾਂ ਕਿਸੇ ਵੀ ਜੀ ਜਨੌਰ ਦਾ ਖੁਸ਼ੀ, ਦੁੱਖ ਸਾਂਝਾ ਕਰਨ ਦਾ ਮਾਧਿਅਮ ਹੈ। ਪੰਛੀ ਖੁਸ਼ ਹੋਣ ਜਾਂ ਦੁਖੀ ਆਪਣੀਆਂ ਆਵਾਜ਼ਾਂ ਨਾਲ ਪ੍ਰਗਟ ਕਰਦੇ ਨੇ। ਇਸੇ ਤਰ੍ਹਾਂ ਮਨੁੱਖ ਖੁਸ਼ੀ, ਗਮੀ ਨੂੰ ਵਿਅਕਤ ਕਰਦਾ ਹੈ। ਬੱਚੇ ਅਟਕ ਅਟਕ ਜਾ ਤੋਤਲੇ ਬੋਲ ਬੋਲਦੇ ਬਹੁਤ ਵਧੀਆ ਲੱਗਦੇ ਹਨ। ਇੰਝ ਲੱਗਦਾ ਹੈ, ਉਹਨਾਂ ਦੀਆਂ ਗੱਲਾਂ ਸੁਣੀ ਜਾਈਏ। ਉਹ ਬੋਲ ਕੇ ਹੀ ਆਪਣੀ ਗੱਲ ਦੱਸਦੇ ਹਨ। ਅੱਜ ਕੱਲ੍ਹ ਬੋਲਣਾ ਸਲੀਕੇ ਤੇ ਸ਼ਿਸ਼ਟਾਚਾਰ ਦੇ ਅਧੀਨ ਆ ਗਿਆ ਹੈ। ਬਹੁਤਾ ਬੋਲਣ ਵਾਲੇ ਨੂੰ ਗਵਾਰ ਸਮਝਿਆ ਜਾਂਦਾ ਹੈ। ਕਈ ਬਹੁਤ ਬੋਲਦੇ ਹੁੰਦੇ ਹਨ। ਉਹ ਹਰੇਕ ਥਾਂ ਧਿਆਨ ਖਿੱਚਦੇ ਹਨ। ਅੱਜ-ਕੱਲ੍ਹ ਬੱਸਾਂ ਵਿੱਚ ਜਾ ਪਬਲਿਕ ਥਾਂਵਾਂ 'ਤੇ ਪੁਰਾਣੇ ਬਜ਼ੁਰਗਾਂ ਵਾਂਗ ਲੋਕ ਖੁੱਲ ਕੇ ਗੱਲਾਂ ਬਾਤਾਂ ਨਹੀਂ ਕਰਦੇ, ਚੁੱਪਚਾਪ ਹੀ ਲੰਬੇ ਸਫ਼ਰ ਵੀ ਤਹਿ ਕਰ ਦਿੰਦੇ ਹਨ। ਦੋ ਪੈੱਗ ਲਾ ਕੇ ਵੀ ਲੋਕ ਦਿਲ ਦੇ ਭੇਤ ਖੋਲ੍ਹ ਲੈਂਦੇ ਹਨ, ਮਤਲਬ ਸ਼ਰਾਬੀ ਜ਼ਿਆਦਾ ਬੋਲਣ ਲੱਗ ਜਾਂਦੇ ਹਨ। ਪਿਛਲੀ ਪੀੜ੍ਹੀ ਗੱਲਾਂ ਗੱਲਾਂ ਵਿੱਚ ਸਕੀਰੀਆਂ ਕੱਢ ਲੈਂਦੀ ਸੀ। ਦਾਦੀਆਂ ਦਾਦੇ ਦੂਰ ਨੇੜਲਿਆ ਨਾਲ ਵੀ ਦਿਲ ਦੀਆਂ ਗੱਲਾਂ ਕਰ ਲੈਂਦੇ ਸੀ। ਲੋਕਾਂ ਵਿੱਚ ਵਿਸ਼ਵਾਸ ਵੀ ਸੀ। ਜਿਸ ਉੱਤੇ ਵਿਸ਼ਵਾਸ ਹੋਵੇ ਉਸੇ ਨਾਲ ਹੀ ਅਗਲਾ ਗੱਲ ਕਰਦਾ ਹੈ ਪਰ ਹੁਣ ਜ਼ਮਾਨਾ ਉਹ ਨਹੀਂ ਰਿਹਾ। ਹੁਣ ਦੂਰ ਦਾ ਨਾਲ ਗੱਲ ਕਰਨੀ ਦੂਰ ਦੀ ਗੱਲ ਹੈ,ਜੋ ਕੋਲ ਨੇ ਉਹ ਵੀ ਆਪਸੀ ਗੱਲਬਾਤ ਨਹੀਂ ਕਰਦੇ।

ਪਰ ਜੇਕਰ ਦੇਖਿਆ ਜਾਵੇ ਤਾਂ ਬੋਲਣ ਨੇ ਸਾਨੂੰ ਕਿੰਨਾ ਕੁਝ ਬਖ਼ਸ਼ ਦਿੱਤਾ ਹੈ। ਸਾਡੇ ਸਾਹਿਤਕ ਕਾਰਜ ਬੋਲੀਆਂ, ਗੀਤਾਂ, ਬਾਤਾਂ ਸਭ ਇਸ ਬੋਲਚਾਲ ਤੇ ਅਧਾਰਿਤ ਹਨ।

ਭੈਣ ਭਾਈ, ਸਹੁਰਾ ਜਵਾਈ, ਦਿਉਰ ਭਰਜਾਈ ਹੋਰ ਅਣਗਿਣਤ ਰਿਸ਼ਤਿਆਂ ਵਿੱਚ ਕਿੰਨੇ ਹੀ ਗੀਤ, ਦੋਹੇ ਤੇ ਗੱਲਬਾਤ ਦੇ ਪੱਧਰ ਸਿਰਜੇ ਗਏ।

ਸ਼ਾਇਦ ਕੁਰਖਤ ਬੋਲਣ ਵਾਲੇ ਨੂੰ ਹੀ ਇਹ ਮਿਹਣਾ ਹੈ ਕਿ

ਕਦੇ ਤਾਂ ਹੱਸ ਬੋਲ ਵੇ ?.......
ਨਾ ਜਿੰਦ ਸਾਡੀ ਰੋਲ ਵੇ।

ਮਾਹੀਆ ਜਦ ਦੋ ਪਿਆਰ ਦੀਆਂ ਗੱਲਾਂ ਕਰਨਾ ਚਾਹੁੰਦਾ ਹੋਵੇ ਆਪ ਮੁਹਾਰੇ ਗੱਲਾਂ ਵਿੱਚ ਕਿਹਾ ਜਾਂਦਾ ਹੈ;

ਨੀ ਦੋ ਗੱਲਾਂ ਕਰੀਏ ਬਹਿ ਜਾ........

ਕਿਸੇ ਨੂੰ ਨੇੜੇ ਹੋ ਕੇ ਗੱਲ ਸੁਣਾਉਣੀ ਹੋਵੇ

ਮੇਰੀ ਨੇੜੇ ਹੋ ਕੇ ਸੁਣ ਲੈ ਤੂੰ ਗੱਲ ਨੀ.......

ਇਸ ਤੋਂ ਇਲਾਵਾ ਹੋਰ ਵੀ ਅਣਗਿਣਤ ਗੀਤ ਗੱਲਬਾਤ ਬੋਲਚਾਲ ਦੀ ਗੱਲ ਕਰਦੇ ਨੇ। ਕਿਹਾ ਜਾਂਦਾ ਹੈ ਕਿ ਔਰਤ ਜਾ ਬੰਦਾ ਜਿੰਨਾ ਮਰਜ਼ੀ ਸੋਹਣਾ ਹੋਵੇ, ਜੇਕਰ ਉਹ ਸੋਹਣੀ ਗੱਲਬਾਤ ਨਹੀਂ ਕਰਦਾ,ਜਾਂ ਮੁੱਖੋਂ ਨੀ ਬੋਲਦਾ , ਤਾਂ ਕਦੇ ਵੀ ਸਾਡੇ ਮਨ ਨੂੰ ਨਹੀਂ ਭਾਉਂਦਾ। ਕਈ ਬੜੀ ਮਿੱਠੀ ਗੱਲਬਾਤ ਕਰਦੇ ਹੁੰਦੇ ਨੇ ,ਉਹਨਾਂ ਨਾਲ ਗੱਲਾਂ ਕਰਦੇ ਰਹਿਣ ਨੂੰ ਬੜਾ ਜੀ ਕਰਦਾ ਹੈ ਭਾਵੇਂ ਉਂਝ ਕਿਹਾ ਜਾਂਦਾ ਹੈ ਕਿ;

ਮਤਲਬ ਕੱਢ ਲੈਂਦੇ ਮਿੱਠੀਆਂ ਜੁਬਾਨਾਂ ਵਾਲੇ।

ਬੰਦਿਆਂ ਦੀ ਗੱਲਬਾਤ ਛੋਟੀ ਤੇ ਔਰਤਾਂ ਦੀ ਗੱਲਬਾਤ ਵੱਡੀ ਹੁੰਦੀ ਹੈ। ਬੱਚਿਆਂ ਦੀ ਗੱਲਾਂ ਛੋਟੀਆਂ ਛੋਟੀਆਂ ਹੁੰਦੀਆਂ ਹਨ। ਬਹੁਤੇ ਵਾਰੀ ਅੱਜ ਕੱਲ੍ਹ ਦੇ ਸਮਿਆਂ ਵਿੱਚ ਬੋਲਚਾਲ ਹਾਲ ਚਾਲ ਪੁੱਛਣ ਤੱਕ ਹੀ ਸੀਮਿਤ ਰਹਿ ਗਈ ਹੈ। ਘਰ ਆਏ ਰਿਸ਼ਤੇਦਾਰ ਨਾਲ ਕੋਈ ਗੱਲਬਾਤ ਨੀ ਕਰਦਾ। ਚਾਰ ਬੰਦੇ ਇਕੱਠੇ ਹੋ ਜਾਣ ਉਹ ਗੱਲਬਾਤ ਨਹੀਂ ਕਰਦੇ। ਹੈਲੋ ਹਾਏ ਕਹਿ ਸਭ ਮੋਬਾਇਲ ਵਿੱਚ ਵੜ ਜਾਂਦੇ ਹਨ। ਵੈਸੇ ਇਹ ਕਹਿੰਦੇ ਨੇ ਵੀ ਜਿਹੋ ਜਿਹਾ ਭਾਂਡਾ ਉਹੋ ਜਿਹੀ ਅਵਾਜ਼। ਬੰਦੇ ਦੀ ਸ਼ਖਸੀਅਤ ਵੀ ਉਸ ਦੇ ਬੋਲਣ ਤੋ ਹੀ ਪਰਖੀ ਜਾਂਦੀ ਹੈ। ਬੰਦਾ ਕਿੱਡੀ ਕੁਝ ਸ਼ਖ਼ਸੀਅਤ ਦਾ ਮਾਲਕ ਹੈ

ਜਿਵੇਂ;
ਪੁੱਛਣਾ ਤਾਂ ਬਹੁਤ ਕੁਝ ਸੀ
ਪਰ ਤੇਰੇ ਪਹਿਲੇ ਹੀ ਬੋਲ ਨਾਲ
ਪਹਿਚਾਣਿਆ ਗਿਆ
ਤੇਰੀ ਸ਼ਖਸੀਅਤ ਦਾ ਕੱਦ
ਬੱਸ ਹੋਰ ਪਰਖਣ ਦੀ ਲੋੜ ਹੀ ਨਾ ਰਹੀ।



ਬਹੁਤੇ ਉੱਘ ਦੀਆਂ ਪਤਾਲ ਮਾਰਦੇ ਰਹਿੰਦੇ ਨੇ। ਨੇਤਾ ਦੇ ਭਾਸਣ ਵੱਡੇ ਪਰ ਕਰਨ ਕਰਾਉਣ ਨੂੰ ਕੁਝ ਨਹੀਂ ਹੁੰਦਾ। ਪਰ ਕਈ ਘੱਟ ਬੋਲਦੇ, ਪਰ ਬੋਲਦੇ ਮਤਲਬ ਦਾ ਹਨ। ਸੱਜਣਾਂ, ਮਿੱਤਰ ਪਿਆਰਿਆਂ ਨਾਲ ਕੀਤੀ ਗੱਲਬਾਤ ਮਨ ਨੂੰ ਸਕੂਨ ਦਿੰਦੀ ਹੈ। ਇਸ਼ਕ ਵਿੱਚ ਗੱਲਬਾਤ ਘੰਟਿਆਂ ਬੱਧੀ ਚੱਲਦੀ ਹੈ। ਪਰ ਲੱਗਦਾ ਹੈ ਸਮਾਂ ਬਹੁਤ ਘੱਟ ਹੋਇਆ ਹੈ। ਸੱਜਣਾਂ ਦੀ ਚੁੱਪ ਦੁੱਖ ਦਿੰਦੀ ਏ। ਸੱਜਣਾਂ ਦੇ ਮੂੰਹੋਂ ਹਮੇਸ਼ਾ ਕੁਝ ਨਾ ਕੁਝ ਸੁਣਦੇ ਰਹਿਣ ਨੂੰ ਚਿੱਤ ਕਰਦਾ ਹੈ।

ਜਿਵੇਂ ਕਿ ਕਿਸੇ ਬਹੁਤ ਸੋਹਣਾ ਲਿਖਿਆ;

ਮੈਂ ਉਸ ਵੇਲੇ ਓਨੀ ਉਦਾਸ ਨਹੀਂ ਹੁੰਦੀ ਜਦੋਂ ਤੂੰ ਮੈਥੋਂ ਦੂਰ ਹੁੰਦਾ ਏ

ਬਲਕਿ ਉਸ ਵੇਲੇ ਵੱਧ ਉਦਾਸ ਹੁੰਦੀ ਆਂ ਜਦੋਂ ਤੂੰ ਕੋਲ ਵੀ ਹੁੰਦਾ ਤੇ ਬੋਲਦਾ ਵੀ ਨਹੀਂ।

ਵੈਸੇ ਵੀ ਗੱਲਬਾਤ ਕਰ ਲੈਣ ਦਾ ਸੁੱਖ ਹੀ ਹੁੰਦਾ ਹੈ। ਭਾਵੇਂ ਇਹ ਕਿਹਾ ਜਾਂਦਾ ਹੈ ਚੁੱਪ ਵਿੱਚ ਭਲਾ ਜਾਂ ਫਿਰ ਜਿਥੇ ਬੋਲਣ ਹਾਰੀਏ ਤਿੱਥੇ ਚੰਗੀ ਚੁੱਪ। ਪਰ ਗੱਲਬਾਤ ਨਾ ਕਰਨ ਕਰਕੇ,ਅੱਜ-ਕੱਲ੍ਹ ਲੋਕ ਡਿਪ੍ਰੈਸ਼ਨ ਵਿੱਚ ਜਾ ਰਹੇ ਨੇ। ਲੋਕ ਆਪਣੇ ਦਿਲ ਦੇ ਦੁੱਖ ਸੁੱਖ ਸਾਂਝੇ ਨੀ ਕਰਦੇ। ਲੋਕ ਬਿਮਾਰੀਆਂ ਦੇ ਸ਼ਿਕਾਰ ਹੋ ਹਸਪਤਾਲਾਂ ਵਿੱਚ ਜਾ ਰਹੇ ਨੇ।

ਲੋਕਾਂ ਕੋਲ ਪੈਸਾ ਕੋਠੀਆਂ ਮਕਾਨ ਵਾਧੂ ਪਿਆ ਹੈ। ਪਰ ਉਹ ਘਰ ਨਹੀਂ ਬਣਾ ਰਹੇ। ਉਹਨਾਂ ਨਾਲ ਗੱਲਬਾਤ ਕਰਨ ਵਾਲਾ ਕੋਈ ਨਹੀਂ। ਕਹਿੰਦੇ ਨੇ ਪੈਸੇ ਦੀ ਮਦਦ ਨਾਲ਼ੋਂ ਵੀ ਕਿਸੇ ਦਾ ਦੁੱਖ ਸੁੱਖ ਸੁਣ ਵੱਡੀ ਗੱਲ ਹੁੰਦੀ ਹੈ। ਬੋਲ ਤੁਹਾਡੇ ਦੂਜਿਆਂ ਦੇ ਦਰਦ ਵੰਡਾਉਣ ਵਾਲੇ ਹੋਣੇ ਚਾਹੀਦੇ ਹਨ। ਨਾ ਕਿ ਬੋਲ ਕਬੋਲ। ਮੋਬਾਇਲ ਨੇ ਇਸ ਕਲਾ ਨੂੰ ਵੱਡੀ ਸੱਟ ਮਾਰੀ ਹੈ।

ਲੋਕ ਇਸ ਵਿੱਚ ਹੀ ਉਲਝੇ ਰਹਿੰਦੇ ਹਨ। ਬੱਚੇ ਮਾਂ ਪਿਉ ਨਾਲ ਨੀ ਬੋਲਦੇ। ਅੱਜ-ਕੱਲ੍ਹ ਹਰੇਕ ਘਰ ਵਿੱਚ ਵੱਖਰੇ ਕਮਰੇ ਹਨ,ਹਰ ਕੋਈ ਆਪਣੀ ਦੁਨੀਆਂ ਤੱਕ ਸੀਮਤ ਹੈ। ਪਹਿਲਾਂ ਪਰਿਵਾਰਕ ਮਹੌਲ ਹੋਰ ਹੁੰਦੇ ਸੀ। ਇਕੱਠੇ ਬਹਿੰਦੇ ਸੀ। ਗੱਲਬਾਤ ਹੁੰਦੀ ਸੀ। ਦੁੱਖ ਦਰਦ ਘੱਟ ਮਹਿਸੂਸ ਹੁੰਦੇ ਸੀ। ਕਹਿਰ ਦੀ ਮੌਤ ਵਿੱਚ ਵੀ ਸਾਰਾ ਸ਼ਰੀਕਾਂ ਕਬੀਲਾ ਦੁੱਖ ਵੰਡਾ ਲੈਂਦਾ ਸੀ। ਹੁਣ ਇਕੱਲਿਆਂ ਨੂੰ ਪੁੱਛਣ ਵਾਲਾ ਕੋਈ ਨਹੀਂ। ਤਾਂਹੀਓਂ ਦਿਮਾਗ਼ੀ ਬੋਝ ਪਾਕੇ ਲੋਕ ਅਟੈਕ ਨਾਲ ਮਰ ਰਹੇ ਹਨ। ਜੇਕਰ ਸਮੇਂ ਰਹਿੰਦੇ ਕੋਈ ਦਰਦ ਵੰਡ ਲਵੇ ਤਾਂ ਬਹੁਤ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਇੱਕ ਹਸਪਤਾਲ ਦੇ ਅਪਰੇਸ਼ਨ ਥੀਏਟਰ ਬਾਹਰ ਬਹੁਤ ਵਧੀਆ ਲਿਖਿਆ ਸੀ ਕਿ

**ਜੇਕਰ ਖੋਲ੍ਹਿਆ ਹੁੰਦਾ ਦਿਲ ਯਾਰਾਂ ਦੇ ਨਾਲ**

ਅੱਜ ਖੋਲ੍ਹਣਾ ਨਾ ਪੈਂਦਾ ਔਜ਼ਾਰਾਂ ਦੇ ਨਾਲ।

ਸੁਣਿਆ ਲਾਤਵੀਆ ਦੇਸ਼ ਦੇ ਲੋਕ ਸਭ ਤੋਂ ਘੱਟ ਬੋਲਦੇ ਨੇ ਉਹਨਾਂ ਦਾ ਸ਼ਿਸ਼ਟਾਚਾਰ ਹੈ ਪਰ ਉਥੇ ਵੀ ਬਹੁਤੇ ਲੋਕ ਇਸ ਗੱਲ ਦਾ ਵਿਰੋਧ ਕਰਦੇ ਹਨ। ਸਾਡੇ ਬਜ਼ੁਰਗ ਗੱਲਬਾਤ ਖੁੱਲ੍ਹ ਕੇ ਕਰਦੇ ਸਨ ਤੇ ਖੁੱਲ੍ਹ ਕੇ ਹੱਸਦੇ ਸਨ ਤੇ ਮਾਨਸਿਕ ਤਣਾਅ ਤੋਂ ਰਹਿਤ ਜਿੰਦਗੀ ਜਿਉਂਦੇ ਸਨ। ਆਓ ਅਸੀਂ ਵੀ ਸ਼ੁਰੂਆਤ ਕਰੀਏ। ਕਿਤੇ ਇਹ ਨਾ ਹੋਵੇ ਕਿ ਸਾਡੀ ਆਉਣ ਵਾਲੀ ਪੀੜ੍ਹੀ ਗੱਲਬਾਤ ਦਾ ਸ਼ਿਸ਼ਟਾਚਾਰ ਹੀ ਭੁੱਲ ਜਾਵੇ। ਆਓ ਯਾਰਾਂ ਮਿੱਤਰਾਂ, ਮਾਪਿਆਂ ਨਾਲ, ਰਿਸ਼ਤੇਦਾਰਾਂ ਨਾਲ ਗੱਲਾਂ ਬਾਤਾਂ ਕਰੀਏ ਰੱਜ ਕੇ ਜ਼ਿੰਦਗੀ ਜੀਵੀਏ।

# ਜਦੋਂ ਫੁੱਫੜ ਦੀ ਗੱਲ ਪੱਥਰ 'ਤੇ ਲਕੀਰ ਹੁੰਦੀ ਸੀ . . .



ਚਾਨਣਦੀਪ ਸਿੰਘ ਔਲਖ
ਪਿੰਡ ਗੁਰਨੇ ਖ਼ੁਰਦ (ਮਾਨਸਾ)

ਪੰਜਾਬੀ ਸੱਭਿਆਚਾਰ ਵਿੱਚ ਰਿਸ਼ਤਿਆਂ ਦਾ ਇੱਕ ਖਾਸ ਮਹੱਤਵ ਹੈ ਅਤੇ ਹਰ ਰਿਸ਼ਤੇ ਦੀ ਆਪਣੀ ਇੱਕ ਵਿਲੱਖਣ ਥਾਂ ਹੁੰਦੀ ਹੈ। ਇਹਨਾਂ ਰਿਸ਼ਤਿਆਂ ਵਿੱਚੋਂ ਇੱਕ ਹੈ ਫੁੱਫੜ ਦਾ ਰਿਸ਼ਤਾ, ਭਾਵ ਘਰ ਦੇ ਪ੍ਰਾਹੁਣੇ ਦਾ ਰਿਸ਼ਤਾ। ਪੁਰਾਣੇ ਸਮਿਆਂ ਵਿੱਚ ਫੁੱਫੜ ਦਾ ਰੁਤਬਾ ਅਤੇ ਧੌਂਸ ਕਿਸੇ ਤੋਂ ਲੁਕੀ ਹੋਈ ਨਹੀਂ ਸੀ। ਉਨ੍ਹਾਂ ਨੂੰ ਇੱਕ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਸੀ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਦੀ ਗੱਲ ਨੂੰ ਪੱਥਰ 'ਤੇ ਲਕੀਰ ਮੰਨਿਆ ਜਾਂਦਾ ਸੀ। ਪਰ ਜਿਵੇਂ-ਜਿਵੇਂ ਸਮਾਂ ਬਦਲਿਆ ਹੈ, ਇਸ ਰਿਸ਼ਤੇ ਦੀ ਗਤੀਸ਼ੀਲਤਾ ਵਿੱਚ ਵੀ ਕਾਫ਼ੀ ਪਰਿਵਰਤਨ ਆਇਆ ਹੈ।

ਜੇਕਰ ਅਸੀਂ ਪੁਰਾਣੇ ਸਮੇਂ ਦੀ ਗੱਲ ਕਰੀਏ ਤਾਂ ਫੁੱਫੜ ਦਾ ਘਰ ਵਿੱਚ ਆਉਣਾ ਕਿਸੇ ਤਿਉਹਾਰ ਤੋਂ ਘੱਟ ਨਹੀਂ ਹੁੰਦਾ ਸੀ। ਉਨ੍ਹਾਂ ਦੀ ਆਓ-ਭਗਤ ਵਿੱਚ ਕੋਈ ਕਸਰ ਨਹੀਂ ਛੱਡੀ ਜਾਂਦੀ ਸੀ। ਉਨ੍ਹਾਂ ਲਈ ਵਧੀਆ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਿਆ ਜਾਂਦਾ ਸੀ। ਫੁੱਫੜ ਸਿਰਫ਼ ਇੱਕ ਰਿਸ਼ਤੇਦਾਰ ਹੀ ਨਹੀਂ ਹੁੰਦੇ ਸਨ, ਸਗੋਂ ਉਹ ਪਰਿਵਾਰਕ ਮਾਮਲਿਆਂ ਵਿੱਚ ਆਪਣੀ ਰਾਇ ਵੀ ਰੱਖਦੇ ਸਨ ਅਤੇ ਕਈ ਵਾਰ ਤਾਂ ਉਨ੍ਹਾਂ ਦਾ ਫੈਸਲਾ ਅੰਤਿਮ ਮੰਨਿਆ ਜਾਂਦਾ ਸੀ। ਖਾਸ ਕਰਕੇ ਜਦੋਂ ਕੋਈ ਵੱਡਾ ਫੈਸਲਾ ਲੈਣਾ ਹੁੰਦਾ ਸੀ, ਜਿਵੇਂ ਕਿ ਵਿਆਹ-ਸ਼ਾਦੀ ਜਾਂ ਜ਼ਮੀਨ-ਜਾਇਦਾਦ ਨਾਲ ਜੁੜਿਆ ਕੋਈ ਮਾਮਲਾ, ਤਾਂ ਫੁੱਫੜ ਦੀ ਸਲਾਹ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਧੌਂਸ ਇਸ ਗੱਲ ਤੋਂ ਵੀ ਪਤਾ ਚੱਲਦੀ ਸੀ ਕਿ ਕਈ ਵਾਰ ਉਹ ਬਿਨਾਂ ਕਿਸੇ ਝਿਜਕ ਦੇ ਆਪਣੀ ਮਰਜ਼ੀ ਚਲਾਉਂਦੇ ਸਨ ਅਤੇ ਪਰਿਵਾਰ ਦੇ ਹੋਰ ਮੈਂਬਰ ਉਨ੍ਹਾਂ ਦੀ ਗੱਲ ਨੂੰ ਟਾਲਣ ਦੀ ਹਿੰਮਤ ਨਹੀਂ ਕਰਦੇ ਸਨ।

ਇਸਦੇ ਕਈ ਕਾਰਨ ਸਨ, ਪਹਿਲਾ ਤਾਂ ਇਹ ਕਿ ਪੁਰਾਣੇ ਸਮਿਆਂ ਵਿੱਚ ਪਰਿਵਾਰ ਸਾਂਝੇ ਹੁੰਦੇ ਸਨ ਅਤੇ ਹਰ ਵੱਡੇ-ਬਜ਼ੁਰਗ ਦਾ ਸਨਮਾਨ ਕੀਤਾ ਜਾਂਦਾ ਸੀ। ਫੁੱਫੜ ਕਿਉਂਕਿ ਘਰ ਦੀ ਕੁੜੀ ਦੇ ਪਤੀ ਹੁੰਦੇ ਸਨ, ਇਸ ਲਈ ਉਨ੍ਹਾਂ ਨੂੰ ਇੱਕ ਬਾਹਰੀ ਪਰ ਮਹੱਤਵਪੂਰਨ ਮੈਂਬਰ ਵਜੋਂ ਦੇਖਿਆ ਜਾਂਦਾ ਸੀ ਜਿਸਦਾ ਪਰਿਵਾਰ ਨਾਲ ਇੱਕ ਖਾਸ ਸਨੇਹ ਹੁੰਦਾ ਸੀ। ਦੂਜਾ ਕਾਰਨ ਇਹ ਹੋ ਸਕਦਾ ਹੈ ਕਿ ਉਸ ਸਮੇਂ ਔਰਤਾਂ ਦੀ ਸਮਾਜ ਵਿੱਚ ਇੰਨੀ ਜ਼ਿਆਦਾ ਸੁਣਵਾਈ ਨਹੀਂ ਸੀ ਹੁੰਦੀ, ਇਸ ਲਈ ਉਨ੍ਹਾਂ ਦੇ ਪਤੀ ਹੋਣ ਦੇ ਨਾਤੇ ਫੁੱਫੜ ਦੀ ਗੱਲ ਨੂੰ ਜ਼ਿਆਦਾ ਤਵੱਜੋ ਮਿਲਦੀ ਸੀ। ਤੀਜਾ ਕਾਰਨ ਆਰਥਿਕ ਵੀ ਹੋ ਸਕਦਾ ਹੈ। ਕਈ ਵਾਰ ਫੁੱਫੜ ਆਰਥਿਕ ਤੌਰ 'ਤੇ ਮਜ਼ਬੂਤ ਹੁੰਦੇ ਸਨ ਅਤੇ ਪਰਿਵਾਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਮਦਦ ਦੀ ਲੋੜ ਹੁੰਦੀ ਸੀ, ਜਿਸ ਕਰਕੇ ਉਨ੍ਹਾਂ ਦਾ ਪ੍ਰਭਾਵ ਜ਼ਿਆਦਾ ਹੁੰਦਾ ਸੀ।

ਪਰ ਅੱਜਕੱਲ੍ਹ ਸਮਾਂ ਬਦਲ ਗਿਆ ਹੈ। ਹੁਣ ਜ਼ਿਆਦਾਤਰ ਪਰਿਵਾਰ ਛੋਟੇ ਹੋ ਗਏ ਹਨ ਅਤੇ ਲੋਕ ਆਪਣੀ ਜ਼ਿੰਦਗੀ ਵਿੱਚ ਜ਼ਿਆਦਾ ਆਜ਼ਾਦ ਹਨ। ਔਰਤਾਂ ਹੁਣ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਹਨ ਅਤੇ ਉਨ੍ਹਾਂ ਦੀ ਰਾਏ ਨੂੰ ਵੀ ਉਨਾਂ ਹੀ ਮਹੱਤਵ ਦਿੱਤਾ ਜਾਂਦਾ ਹੈ। ਆਰਥਿਕ ਤੌਰ 'ਤੇ ਵੀ ਲੋਕ ਪਹਿਲਾਂ ਨਾਲੋਂ ਜ਼ਿਆਦਾ ਸੁਤੰਤਰ ਹਨ। ਇਸ ਬਦਲੇ ਹੋਏ ਸਮੇਂ ਵਿੱਚ ਫੁੱਫੜ ਦੇ ਰਿਸ਼ਤੇ ਦੀ ਗਤੀਸ਼ੀਲਤਾ ਵਿੱਚ ਵੀ ਕਾਫ਼ੀ ਬਦਲਾਅ ਆਇਆ ਹੈ।

ਅੱਜਕੱਲ੍ਹ ਫੁੱਫੜ ਦੀ ਪਹਿਲਾਂ ਵਾਂਗ ਕੋਈ ਖਾਸ ਧੌਂਸ ਜਾਂ ਰੋਅਬ ਵੇਖਣ ਨੂੰ ਨਹੀਂ ਮਿਲਦਾ। ਉਨ੍ਹਾਂ ਦਾ ਸਨਮਾਨ ਜ਼ਰੂਰ ਕੀਤਾ ਜਾਂਦਾ ਹੈ, ਪਰ ਉਨ੍ਹਾਂ ਦੀ ਗੱਲ ਨੂੰ ਅੰਤਿਮ ਨਹੀਂ ਮੰਨਿਆ ਜਾਂਦਾ। ਪਰਿਵਾਰਕ ਮਾਮਲਿਆਂ ਵਿੱਚ ਸਾਰਿਆਂ ਦੀ ਰਾਏ ਲਈ ਜਾਂਦੀ ਹੈ ਅਤੇ ਫੈਸਲੇ ਸਾਂਝੇ ਤੌਰ 'ਤੇ ਲਏ ਜਾਂਦੇ ਹਨ। ਫੁੱਫੜ ਹੁਣ ਸਿਰਫ਼ ਇੱਕ ਸਲਾਹਕਾਰ ਦੀ ਭੂਮਿਕਾ ਵਿੱਚ ਜ਼ਿਆਦਾ ਨਜ਼ਰ ਆਉਂਦੇ ਹਨ, ਨਾ ਕਿ ਕਿਸੇ ਹੁਕਮ ਚਲਾਉਣ ਵਾਲੇ ਦੇ ਰੂਪ ਵਿੱਚ।

ਇਸ ਬਦਲਾਅ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਤਾਂ ਸਮਾਜਿਕ ਤਬਦੀਲੀ ਹੈ। ਲੋਕ ਹੁਣ ਜ਼ਿਆਦਾ ਵਿਅਕਤੀਵਾਦੀ ਹੋ ਗਏ ਹਨ ਅਤੇ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਉਣਾ ਪਸੰਦ ਕਰਦੇ ਹਨ। ਦੂਜਾ ਕਾਰਨ ਸਿੱਖਿਆ ਦਾ ਪ੍ਰਸਾਰ ਹੈ। ਹੁਣ ਲੋਕ ਜ਼ਿਆਦਾ ਪੜ੍ਹੇ-ਲਿਖੇ ਹਨ ਅਤੇ ਆਪਣੇ ਹੱਕਾਂ ਅਤੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਤੀਜਾ ਕਾਰਨ ਮੀਡੀਆ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਹੈ, ਜਿਸਨੇ ਲੋਕਾਂ ਦੀ ਸੋਚ ਨੂੰ ਕਾਫ਼ੀ ਬਦਲ ਦਿੱਤਾ ਹੈ।

ਹਾਲਾਂਕਿ ਫੁੱਫੜ ਦੀ ਧੌਂਸ ਵਿੱਚ ਕਮੀ ਆਈ ਹੈ, ਪਰ ਇਸਦਾ ਇਹ ਮਤਲਬ ਨਹੀਂ ਕਿ ਇਸ ਰਿਸ਼ਤੇ ਦਾ ਮਹੱਤਵ ਘੱਟ ਗਿਆ ਹੈ। ਅੱਜ ਵੀ ਫੁੱਫੜ ਪਰਿਵਾਰ ਦਾ ਇੱਕ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦਾ ਪਿਆਰ ਅਤੇ ਸਹਿਯੋਗ ਪਰਿਵਾਰ ਲਈ ਬਹੁਤ ਮਾਇਨੇ ਰੱਖਦਾ ਹੈ। ਬਦਲਦੇ ਸਮੇਂ ਦੇ ਨਾਲ ਰਿਸ਼ਤਿਆਂ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ ਅਤੇ ਫੁੱਫੜ ਦੇ ਰਿਸ਼ਤੇ ਵਿੱਚ ਆਇਆ ਇਹ ਬਦਲਾਅ ਵੀ ਇਸੇ ਪ੍ਰਕਿਰਿਆ ਦਾ ਇੱਕ ਹਿੱਸਾ ਹੈ। ਹੁਣ ਇਹ ਰਿਸ਼ਤਾ ਜ਼ਿਆਦਾ ਬਰਾਬਰੀ ਅਤੇ ਆਪਸੀ ਸਨਮਾਨ 'ਤੇ ਆਧਾਰਿਤ ਹੋ ਗਿਆ ਹੈ, ਜੋ ਕਿ ਇੱਕ ਸਿਹਤਮੰਦ ਸਮਾਜ ਦੀ ਨਿਸ਼ਾਨੀ ਹੈ।

# ਜਿੰਦ ਜਾਵੇ, ਮੁਕਲਾਵਾ ਚੇਤ ਦਾ...

ਜੱਗਾ ਸਿੰਘ ਆਦਮਕੇ





ਚੇਤ ਮਹੀਨਾ ਸੰਮਤ ਅਤੇ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਮਹੀਨਾ ਹੈ ਅਤੇ ਇਸ ਮਹੀਨੇ ਨਾਲ ਸੰਮਤ ਅਤੇ ਨਾਨਕਸ਼ਾਹੀ ਕੈਲੰਡਰ ਦੇ ਸਾਲ ਦੀ ਸ਼ੁਰੂਆਤ ਹੁੰਦੀ ਹੈ। ਅਜਿਹਾ ਹੋਣ ਕਾਰਨ ਇਸ ਮਹੀਨੇ ਦਾ ਵਿਸ਼ੇਸ਼ ਮਹੱਤਵ ਹੋਣਾ ਲਾਜ਼ਮੀ ਹੈ। ਅਜਿਹਾ ਹੋਣ ਕਾਰਨ ਇਸ ਮਹੀਨੇ ਦਾ ਆਰੰਭ, ਭਾਵ ਨਵੇਂ ਸਾਲ ਦਾ ਆਰੰਭ ਪੂਰੇ ਜੋਸ਼ੋ ਖਰੋਸ਼ ਨਾਲ ਹੁੰਦਾ ਰਿਹਾ ਹੈ। ਇਸ ਮਹੀਨੇ ਦਾ ਨਾਂ ਚੇਤ ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਚੰਦਰਮਾ ਦੇ ਚਿੱਤਰਾ ਨਛੱਤਰ ਵਿੱਚ ਪ੍ਰਵੇਸ਼ ਕਰਨ ਕਰਕੇ ਹੈ। ਇਸ ਕਰਕੇ ਇਸ ਮਹੀਨੇ ਦਾ ਨਾਂ ਚੇਤਰ ਪੈ ਗਿਆ। ਸਮੇਂ ਨਾਲ ਇਸ ਮਹੀਨੇ ਨੂੰ ਚੇਤ ਕਿਹਾ ਜਾਣ ਲੱਗਿਆ।

ਪੰਜਾਬ ਦੇ ਕੁਝ ਹਿੱਸਿਆਂ ਵਿੱਚ ਹਾਲੇ ਵੀ ਇਸ ਨੂੰ 'ਚੇਤਰ' ਹੀ ਕਿਹਾ ਜਾਂਦਾ ਹੈ। ਇਸ ਮਹੀਨੇ ਸਰਦੀ ਵਿਦਾ ਹੋ ਜਾਂਦੀ ਹੈ ਅਤੇ ਮੌਸਮ ਸੁਹਾਵਣਾ ਹੋ ਜਾਂਦਾ ਹੈ। ਰਾਤਾਂ ਕੁਝ ਠੰਡੀਆਂ ਤੇ ਦਿਨ ਗਰਮ ਹੋਣੇ ਸ਼ੁਰੂ ਹੋ ਜਾਂਦੇ ਹਨ। ਮਹੀਨੇ ਦੇ ਅਖੀਰ ਤੱਕ ਕੁਝ ਕੁਝ ਗਰਮੀ ਦਾ ਅਹਿਸਾਸ ਹੋਣ ਲੱਗਦਾ ਹੈ। ਬਸੰਤ ਰੁੱਤ ਦੀ ਫੱਗਣ ਨਾਲ ਸ਼ੁਰੂਆਤ ਅਤੇ ਚੇਤ ਮਹੀਨੇ ਨਾਲ ਅੰਤ ਮੰਨਿਆ ਜਾਂਦਾ ਹੈ। ਇਸ ਮਹੀਨੇ ਦੇ ਅੰਤ ਨਾਲ ਗਰਮੀ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਮੋਟੇ ਤੇ ਰੰਗੀਨ ਕੱਪੜਿਆਂ ਦੀ ਥਾਂ ਪਤਲੇ ਤੇ ਹਲਕੇ ਰੰਗਾਂ ਦੇ ਕੱਪੜੇ ਲੋਕਾਂ ਦੇ ਤਨ ਦਾ ਹਿੱਸਾ ਬਣ ਜਾਂਦੇ ਹਨ। ਪਿਛਲੇ ਮਹੀਨੇ ਆਈ ਬਹਾਰ ਇਸ ਮਹੀਨੇ ਦੇ ਆਰੰਭ ਵਿੱਚ ਵੀ ਚਾਰੇ ਪਾਸੇ ਆਪਣਾ ਰੰਗ ਅਤੇ ਖੁਸ਼ਬੋਆਂ ਬਿਖੇਰ ਰਹੀ ਹੁੰਦੀ ਹੈ। ਰੁੱਖਾਂ, ਪੌਦਿਆਂ ਉੱਤੇ ਨਵੇਂ ਪੱਤੇ, ਕਰੂੰਬਲਾਂ ਅਤੇ ਰੰਗ ਬਿਰੰਗੇ ਫੁੱਲ ਖਿੜੇ ਹੋਏ ਹੁੰਦੇ ਹਨ।

ਚੇਤ ਮਹੀਨਾ ਫੱਗਣ ਮਹੀਨੇ ਤੋਂ ਬਾਅਦ ਆਉਂਦਾ ਹੈ। ਫੱਗਣ ਦੇਸੀ ਸਾਲ ਦਾ ਅਖੀਰਲਾ ਅਤੇ ਚੇਤ ਮਹੀਨਾ ਸਾਲ ਦਾ ਪਹਿਲਾ ਮਹੀਨਾ ਹੁੰਦਾ ਹੈ। ਇਸ ਮਹੀਨੇ ਦੇ ਅਜਿਹੇ ਪੱਖ ਸਬੰਧੀ ਜ਼ਿਕਰ ਟੱਪਿਆਂ ਅਤੇ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ;

ਫੱਗਣ ਆਖੇ ਚੇਤ ਨੂੰ, ਸੁਣ ਤੂੰ ਮੇਰੇ ਭਾਈ।
ਮੈਂ ਗਿਆ, ਤੂੰ ਆਇਆ, ਆ ਭਾਗ ਲਾਈਂ।

ਚੇਤ ਮਹੀਨਾ ਜਿੱਥੇ ਦੇਸੀ ਸਾਲ ਦਾ ਪਹਿਲਾ ਮਹੀਨਾ ਹੁੰਦਾ ਹੈ, ਉੱਥੇ ਇਸ ਮਹੀਨੇ ਵੀ ਬਹਾਰਾਂ ਆਪਣੇ ਰੰਗ ਬਿਖੇਰ ਰਹੀਆਂ ਹੁੰਦੀਆਂ ਹਨ। ਅਜਿਹਾ ਹੋਣ ਕਾਰਨ ਇਸ ਦਾ ਪ੍ਰਭਾਵ ਵੀ ਵਿਖਾਈ ਦਿੰਦਾ ਹੈ। ਇਸ ਸਮੇਂ ਆਪਣੇ ਪ੍ਰੀਤਮ ਦੇ ਨਜ਼ਦੀਕ ਹੋਣ ਦੀ ਲੋੜ ਮਹਿਸੂਸ ਹੁੰਦੀ ਹੈ;

ਚੜ੍ਹਿਆ ਮਹੀਨਾ ਚੇਤ, ਦਿਲਾਂ ਦੇ ਭੇਤ
ਕੋਈ ਨਹੀਂ ਜਾਣਦਾ।
ਵੇਖ ਮੇਰੇ ਲੇਖ, ਉਹ ਗਿਆ ਪਰਦੇਸ
ਜੋ ਮੇਰੇ ਹਾਣ ਦਾ।

ਬਹਾਰਾਂ ਦੀ ਰੁੱਤ ਬਸੰਤ ਦੇ ਖਿੜੇ ਫੁੱਲ ਚੇਤ ਮਹੀਨੇ ਵੀ ਆਪਣੀ ਸੁੰਦਰਤਾ ਦੇ ਰੰਗ ਬਿਖੇਰਨ ਦੇ ਨਾਲ ਖੁਸ਼ਬੋਆਂ ਵੰਡਣਾਂ ਜਾਰੀ ਰੱਖਦੇ ਹਨ। ਸਰਦੀ ਕਾਰਨ ਪਤਝੜ ਤੋਂ ਬਾਅਦ ਰੁੱਖਾਂ 'ਤੇ ਆਈ ਬਹਾਰ ਅਤੇ ਫੁੱਟੀਆਂ ਕਰੂੰਬਲਾਂ ਤੇ ਬਹੁਤ ਸਾਰੇ ਰੁੱਖਾਂ 'ਤੇ ਬੂਰ ਆਉਂਦਾ ਹੈ ਅਤੇ ਫ਼ਲ ਬਣਨ ਲੱਗਦਾ ਹੈ। ਪੰਛੀਆਂ ਦੀ ਚਹਿਚਹਾਟ ਕੰਨਾਂ ਵਿੱਚ ਮਿਠਾਸ ਘੋਲਦੀ ਹੈ।

ਵੱਖ- ਵੱਖ ਰੁੱਤਾਂ ਦਾ ਬਨਸਪਤੀ ਅਤੇ ਜਨ ਜੀਵਨ 'ਤੇ ਆਪਣਾ ਆਪਣਾ ਪ੍ਰਭਾਵ ਸਪੱਸ਼ਟ ਵਿਖਾਈ ਦਿੰਦਾ ਹੈ। ਚੇਤ ਮਹੀਨੇ ਚੜ੍ਹਦੇ ਹੀ ਰੁੱਤ ਵਿੱਚ ਤਬਦੀਲੀ ਸਪੱਸ਼ਟ ਵਿਖਾਈ ਦਿੰਦੀ ਹੈ। ਜਿੱਥੇ ਫ਼ਸਲਾਂ ਵਿੱਚ ਤਬਦੀਲੀ ਵਿਖਾਈ ਦਿੰਦੀ ਹੈ ਅਤੇ ਉਹ ਪੱਕਣ ਵੱਲ ਨੂੰ ਵਧਦੀਆਂ ਹਨ, ਉੱਥੇ ਰੁੱਖਾਂ 'ਤੇ ਜੋਬਨ ਆਉਂਦਾ ਵਿਖਾਈ ਦਿੰਦਾ ਹੈ;

ਮਹੀਨਾ ਚੇਤਰ ਚੜ੍ਹਿਆ
ਫੁੱਟੀਆਂ ਰੁੱਖੀਂ ਕਰੂੰਬਲਾਂ

ਚੇਤ ਮਹੀਨਾ ਚੜ੍ਹਦਿਆਂ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਕਣਕ ਆਪਣਾ ਰੰਗ ਵਟਾਉਣ ਲੱਗਦੀ ਹੈ ਅਤੇ ਸੁਨਹਿਰੀ ਭਾਅ ਮਾਰਨ ਲੱਗਦੀ ਹੈ। ਬਸੰਤ ਰੁੱਤ ਵਿੱਚ ਬਸੰਤੀ ਰੰਗ ਬਿਖੇਰਨ ਵਾਲੀ ਸਰ੍ਹੋਂ ਦੇ ਫੁੱਲ ਫਲੀਆਂ ਦੇ ਰੂਪ ਵਿੱਚ ਅਤੇ ਫਲੀਆਂ ਵਿੱਚ ਸਰ੍ਹੋਂ ਦੇ ਬਾਰੀਕ ਦਾਣੇ ਕਟਾਈ ਅਤੇ ਕਢਾਈ ਲਈ ਤਿਆਰ ਹੋ ਜਾਂਦੇ ਹਨ। ਅਜਿਹੇ ਪੱਖ ਦਾ ਜ਼ਿਕਰ ਕੁਝ ਇਸ ਤਰ੍ਹਾਂ ਮਿਲਦਾ ਹੈ;

ਜਦੋਂ ਆਇਆ ਮਹੀਨਾ ਚੇਤ।
ਕਣਕਾਂ ਰੰਗ ਵਟਾਇਆ ਖੇਤ।
ਲੱਗੇ ਜਿਵੇਂ ਸੋਨਾ ਵਿਛਾਇਆ।
ਬੱਲੀ ਦਾ ਦਾਣਾ ਪੱਕਣ 'ਤੇ ਆਇਆ।

ਚੇਤ ਮਹੀਨੇ ਕਣਕਾਂ ਰੰਗ ਵਟਾ ਹਰੇ ਤੋਂ ਸੁਨਹਿਰੀ ਹੋ ਜਾਂਦੀਆਂ ਹਨ। ਮਹੀਨੇ ਦੇ ਅਖੀਰ ਤੱਕ ਵਾਢੀ ਪੂਰੇ ਜ਼ੋਰ 'ਤੇ ਹੁੰਦੀ ਹੈ। ਇਸ ਮਹੀਨੇ ਦੇ ਅਜਿਹੇ ਪੱਖ ਰਾਹੀਂ ਕੋਈ ਵਿਜੋਗਣ ਆਪਣੇ ਪਰਦੇਸ ਗਏ ਪ੍ਰੀਤਮ ਨੂੰ ਕੁਝ ਇਸ ਤਰ੍ਹਾਂ ਯਾਦ ਕਰਦੀ ਹੈ;

ਚੜ੍ਹਿਆ ਚੇਤ, ਕਣਕਾਂ ਖੇਤ, ਕੀਤੀ ਵਾਢੀ ਦੀ ਤਿਆਰੀ।
ਪ੍ਰੀਤਮ ਵਸੇ ਦੂਰ, ਕੀ ਕਸੂਰ, ਮਾੜੀਆਂ ਕਿਸਮਤਾਂ ਮਾਰੀ।
ਲਿਖ ਲਿਖ ਪਾਏ ਖ਼ਤ ਵੱਲ ਤੇਰੇ
ਵੇ ਕੀ ਦੱਸਾਂ ਤੈਨੂੰ ਵਧੇਰੇ।
ਪਰ ਤੂੰ ਨਾ ਦਿੱਤਾ ਕੋਈ ਜਵਾਬ
ਨਾ ਵੇ ਮੈਂ ਚਿੱਤ ਚੇਤੇ ਤੇਰੇ।

ਚੇਤ ਮਹੀਨੇ ਬਦਲੇ ਮੌਸਮ, ਹਾੜ੍ਹੀ ਦੀਆਂ ਫ਼ਸਲਾਂ ਦੇ ਕੰਮਾਂ ਕਾਰਾਂ ਦੇ ਰੁਝੇਵਿਆਂ ਕਾਰਨ ਵਿਆਹ ਵਰਗੇ ਸਮਾਗਮ ਘੱਟ ਹੀ ਹੁੰਦੇ ਹਨ। ਫਿਰ ਵੀ ਕਿਸੇ ਦੇ ਵਿਆਹ ਮੁਕਲਾਵੇ ਵਰਗੇ ਮੌਕੇ ਬਣਦੇ ਰਹਿੰਦੇ ਹਨ;

ਮੁਟਿਆਰ ਕੁੜੀ ਘੜੇ ਦੋ ਦੋ ਚੁੱਕਦੀ
ਤੇ ਗੜਵਾ ਚੁੱਕਦੀ ਰੇਤ ਦਾ।
ਜਿੰਦ ਜਾਵੇ, ਮੁਕਲਾਵਾ ਚੇਤ ਦਾ।

ਬਾਰਾਮਾਹ ਕਾਵਿ ਰੂਪ ਦੀ ਰਚਨਾ ਮਹੀਨਿਆਂ ਦੇ ਨਾਵਾਂ ਅਨੁਸਾਰ ਕੀਤੀ ਜਾਂਦੀ ਹੈ। ਇਸ ਦੇ ਹਰ ਕਾਵਿ ਪੈਰੇ ਦੇ ਆਰੰਭ ਵਿੱਚ ਮਹੀਨੇ ਦਾ ਨਾਂ ਆਉਂਦਾ ਹੈ ਅਤੇ ਇਸ ਰਾਹੀਂ ਕਵੀ ਆਪਣੇ ਵਿਚਾਰ ਪੇਸ਼ ਕਰਦਾ ਹੈ। ਇਹ ਕਾਵਿ ਪਰੰਪਰਾ ਕਾਫ਼ੀ ਪੁਰਾਤਨ ਹੈ ਅਤੇ ਇਸ ਕਾਵਿ ਰੂਪ ਵਿੱਚ ਵੱਡੀ ਗਿਣਤੀ ਵਿੱਚ ਕਵੀਆਂ ਨੇ ਰਚਨਾ ਕੀਤੀ ਹੈ। ਚੇਤ ਦੇਸੀ ਸਾਲ ਦਾ ਪਹਿਲਾ ਮਹੀਨਾ ਹੋਣ ਕਾਰਨ ਇਸ ਕਾਵਿ ਰੂਪ ਦੀ ਸ਼ੁਰੂਆਤ ਚੇਤ ਨਾਲ ਹੁੰਦੀ ਹੈ। ਬਾਰਾਮਾਹ ਜ਼ੁਲੈਖਾਂ ਵਿੱਚ ਚੇਤ ਮਹੀਨੇ ਸਬੰਧੀ ਵਰਣਨ ਕੁਝ ਇਸ ਤਰ੍ਹਾਂ ਹੈ;

ਚੜ੍ਹਿਆ ਚੇਤ ਚਿਤਾਰਾਂ ਦਿਲਬਰ
ਮੈਨੂੰ ਨਜ਼ਰ ਨਾ ਆਵੇ।
ਦਿਲ ਵਿੱਚ ਹਰਦਮ ਉਹ ਵਸਦਾ
ਨਾ ਵਿੱਚ ਚਸ਼ਮ ਸਮਾਵੇ।

ਭਗਵਾਨ ਸਿੰਘ ਨੇ ਆਪਣੇ ਕਿੱਸਾ 'ਹੀਰ' ਵਿੱਚ ਬਾਰਾਮਾਹ ਵਿੱਚ ਚੇਤ ਸਬੰਧੀ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ;

ਚੇਤ ਦੇ ਮਹੀਨੇ ਸਾਥੋਂ ਲੱਦ ਗਏ ਨਗੀਨੇ ਯਾਰ।
ਕਦੋਂ ਹੁਣ ਮਿਲਾਂ ਮੈਂ ਔਸੀਆਂ ਹਾਂ ਪਾਉਂਦੀ।
ਹੋਈ ਹਾਂ ਉਦਾਸ ਬਾਝ ਚੂਚਕ ਦੇ ਚਾਕ ਪਿੱਛੇ।

ਹੋਰਨਾਂ ਮਹੀਨਿਆਂ ਵਾਂਗ ਚੇਤ ਮਹੀਨੇ ਸਬੰਧੀ ਵੀ ਲੋਕ ਵਿਸ਼ਵਾਸ ਪ੍ਰਚੱਲਿਤ ਹਨ। ਭਾਵੇਂ ਇਸ ਮਹੀਨੇ ਕੁਝ ਕੁ ਗਰਮੀ ਹੋ ਜਾਂਦੀ ਹੈ, ਪਰ ਇਸ ਦੇ ਬਾਵਜੂਦ ਇਸ ਮਹੀਨੇ ਬਾਹਰ ਪੈਣਾ ਸ਼ੁਰੂ ਨਹੀਂ ਕਰਦੇ। ਇਸ ਸਬੰਧੀ ਕਿਹਾ ਜਾਂਦਾ ਹੈ ਕਿ ਚੇਤ ਮਹੀਨੇ ਬਾਹਰ ਪੈਣ ਨਾਲ ਚੇਤ ਦਾ ਢਿੱਡ ਪਾਟਦਾ ਹੈ। ਅਜਿਹੇ ਲੋਕ ਵਿਸ਼ਵਾਸ ਕਾਰਨ ਲੋਕ ਫੱਗਣ ਮਹੀਨੇ ਹੀ ਇੱਕ ਰਾਤ ਲਈ ਬਾਹਰ ਖੁੱਲ੍ਹੇ ਅਸਮਾਨ ਹੇਠ ਪੈਂਦੇ ਸਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸੇ ਮਹੀਨੇ ਬ੍ਰਹਮਾ ਨੇ ਸ੍ਰਿਸ਼ਟੀ ਦੀ ਰਚਨਾ ਸ਼ੁਰੂ ਕੀਤੀ ਸੀ। ਅਜਿਹਾ ਹੋਣ ਕਾਰਨ ਇਸ ਮਹੀਨੇ ਨਵਾਂ ਕੰਮ ਸ਼ੁਰੂ ਕਰਨਾ ਸ਼ੁਭ ਮੰਨਿਆ ਜਾਂਦਾ ਹੈ। ਪੁਰਾਣਾਂ ਵਿੱਚ ਸਤਯੁੱਗ ਦੀ ਸ਼ੁਰੂਆਤ ਵੀ ਚੇਤ ਮਹੀਨੇ ਮੰਨੀ ਜਾਂਦੀ ਹੈ। ਪੁੰਨ ਦਾਨ ਦਾ ਵੀ ਇਸ ਮਹੀਨੇ ਵਿਸ਼ੇਸ਼ ਮਹੱਤਵ ਮੰਨਿਆ ਜਾਂਦਾ ਹੈ। ਇਸ ਮਹੀਨੇ ਪੌਦਿਆਂ ਨੂੰ ਲਗਾਤਾਰ ਪਾਣੀ ਦੇਣਾ ਵੀ ਚੰਗਾ ਮੰਨਿਆ ਜਾਂਦਾ ਹੈ। ਇਸ ਦੇ ਪਿੱਛੇ ਸ਼ਾਇਦ ਗਰਮੀ ਅਤੇ ਖੁਸ਼ਕੀ ਕਾਰਨ ਪੌਦਿਆਂ ਦੀ ਪਾਣੀ ਦੀ ਵਧੀ ਜ਼ਰੂਰਤ ਕੰਮ ਕਰਦੀ ਹੋਵੇ।

ਚੇਤ ਮਹੀਨੇ ਜਨਮੇ ਲੋਕਾਂ ਦਾ ਨਾਂ ਇਸ ਮਹੀਨੇ ਦੇ ਨਾਂ 'ਤੇ ਚੇਤ ਸਿੰਘ, ਚੇਤ ਰਾਮ ਅਤੇ ਹਰਚੇਤ ਆਦਿ ਰੱਖੇ ਜਾਂਦੇ ਰਹੇ ਹਨ। ਇਸ ਸਮੇਂ ਉੱਤਰੀ ਭਾਰਤ ਦੀ ਪ੍ਰਮੁੱਖ ਫ਼ਸਲ ਕਣਕ ਦੀ ਕਟਾਈ ਨੇੜੇ ਆਉਣ ਕਾਰਨ ਇਸ ਨਾਲ ਸਬੰਧਤ ਹਿਲ-ਜੁਲ ਸ਼ੁਰੂ ਹੋ ਜਾਂਦੀ ਹੈ। ਜਦੋਂ ਕਟਾਈ ਹੱਥੀਂ ਕੀਤੀ ਜਾਂਦੀ ਸੀ, ਤਦ ਇਸ ਮਹੀਨੇ ਦੇ ਆਰੰਭ ਵਿੱਚ ਹੀ ਸਬੰਧਤ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਹਾੜ੍ਹੀ ਦੀ ਵਾਢੀ, ਕਢਾਈ ਲਈ ਮਿਸਤਰੀਆਂ ਤੋਂ ਤੰਗਲੀਆਂ, ਜੱਫੇ ਆਦਿ ਬਣਵਾਏ ਜਾਂਦੇ ਅਤੇ ਦਾਤੀਆਂ ਦੇ ਦੰਦੇ ਕਢਵਾਏ ਜਾਂਦੇ ਸਨ। ਰੱਸਿਆਂ ਨੂੰ ਵੱਟਿਆ ਜਾਂਦਾ ਸੀ। ਇਸ ਤਰ੍ਹਾਂ ਕਣਕ ਤੋਂ ਪਹਿਲਾਂ ਸਰ੍ਹੋਂ, ਛੋਲਿਆਂ, ਤਾਰੇਮੀਰੇ ਵਰਗੀਆਂ ਫ਼ਸਲਾਂ ਦੀ ਵੀ ਕਟਾਈ ਅਤੇ ਕਢਾਈ ਕਰ ਲਈ ਜਾਂਦੀ ਸੀ।

ਕਿਸੇ ਖਿੱਤੇ ਦੀ ਆਰਥਿਕਤਾ, ਆਰਥਿਕ ਸਾਧਨਾਂ, ਕੰਮਾਂ ਕਾਰਾਂ ਦਾ ਜਨ ਜੀਵਨ, ਸੱਭਿਆਚਾਰ 'ਤੇ ਸਪੱਸ਼ਟ ਪ੍ਰਭਾਵ ਵਿਖਾਈ ਦਿੰਦਾ ਹੈ। ਕੁਝ ਇਸ ਤਰ੍ਹਾਂ ਹੀ ਹਾੜ੍ਹੀ ਦੀ ਫ਼ਸਲ ਆਉਣ ਦੇ ਰੁਝੇਵਿਆਂ ਤੋਂ ਪਹਿਲਾਂ, ਬਦਲੀ ਰੁੱਤ ਦੇ ਪ੍ਰਭਾਵ ਅਤੇ ਗਰਮੀ ਸ਼ੁਰੂ ਹੋਣ ਤੋਂ ਪਹਿਲਾਂ ਇਸ ਖਿੱਤੇ ਵਿੱਚ ਵੱਖ ਵੱਖ ਪੱਧਰ ਦੇ ਮੇਲੇ ਲੱਗਦੇ ਹਨ। ਸਥਾਨਕ ਪੀਰਾਂ ਫ਼ਕੀਰਾਂ ਨਾਲ ਸਬੰਧਤ ਵੱਖ ਵੱਖ ਖੇਤਰਾਂ ਵਿੱਚ ਛੋਟੇ ਵੱਡੇ ਮੇਲੇ ਲੱਗਦੇ ਹਨ। ਦੇਵੀਆਂ ਦੀ ਪੂਜਾ ਹੁੰਦੀ ਹੈ, ਬਾਸੜੀਏ ਦੇ ਪਕਵਾਨ ਖਾਣ ਨੂੰ ਮਿਲਦੇ ਹਨ।

ਜਦੋਂ ਹਾੜ੍ਹੀ ਹੱਥੀਂ ਵੱਢੀ ਜਾਂਦੀ ਸੀ, ਤਦ ਚੇਤ ਮਹੀਨੇ ਦੇ ਲਗਭਗ ਅੱਧ ਤੋਂ ਬਾਅਦ ਕਣਕਾਂ ਦੀ ਵਾਢੀ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਜਾਂਦੀ ਸੀ। ਅਜਿਹਾ ਹੋਣ ਕਾਰਨ ਪੰਜਾਬ ਦਾ ਪੇਂਡੂ ਖਿੱਤਾ ਵਾਢੀ ਦੇ ਇਸ ਕੰਮ ਵਿੱਚ ਰੁੱਝ ਜਾਂਦਾ ਸੀ। ਲੋਕਾਂ ਕੋਲ ਸਿਰ ਖੁਰਕਣ ਦੀ ਵਿਹਲ ਨਹੀਂ ਸੀ ਹੁੰਦੀ। ਵਾਢੀ ਦੇ ਇਨ੍ਹਾਂ ਦਿਨਾਂ ਵਿੱਚ ਦਿਨੇ ਪਿੰਡ ਸੁੰਨ ਪਏ ਹੁੰਦੇ ਸਨ। ਚੇਤ ਮਹੀਨੇ ਵਿਆਹ ਵਰਗੇ ਸਮਾਗਮ ਨਾ ਦੇ ਬਰਾਬਰ ਰੱਖੇ ਜਾਂਦੇ, ਪ੍ਰੰਤੂ ਹੁਣ ਮਸ਼ੀਨੀਕਰਨ ਕਾਰਨ ਕਾਫੀ ਤਬਦੀਲੀ ਆਈ ਹੈ।

# ਘਰ ਦੀਆਂ ਬਣੀਆਂ ਦੇਸੀ ਘਿਉ ਦੀਆਂ ਪਿੰਨੀਆਂ ਦਾ ਸੁਆਦ ਵੱਖਰਾ

ਸੰਜੀਵ ਸਿੰਘ ਸੈਣੀ

ਸਿਆਲ ਦਾ ਮਹੀਨਾ ਸ਼ੁਰੂ ਹੁੰਦੇ ਹੀ ਤਕਰੀਬਨ ਘਰਾਂ 'ਚ ਗਰਮ ਚੀਜ਼ਾਂ ਖਾਣ ਲਈ ਬਣਾ ਲਈ ਜਾਂਦੀਆਂ ਹਨ। ਪੰਜਾਬੀਆਂ ਬਾਰੇ ਤਾਂ ਮਸ਼ਹੂਰ ਹੈ ਕਿ ਇਹ ਖਾਣ-ਪੀਣ ਦੇ ਸ਼ੌਕੀਨ ਮੁੱਢ ਤੋਂ ਹੀ ਹਨ। ਸਰਦੀਆਂ ਵਿੱਚ ਅਕਸਰ ਜਦੋਂ ਨਵੰਬਰ ਦਾ ਮਹੀਨਾ ਸ਼ੁਰੂ ਹੋਣਾ ਹਰ ਘਰ ਵਿੱਚ ਪੰਜੀਰੀ, ਪਿੰਨੀਆਂ, ਗਜਰੇਲਾ ਆਮ ਹੁੰਦਾ ਸੀ ਅਤੇ ਹੁਣ ਵੀ ਬਣਦੇ ਹਨ। ਪਹਿਲਾਂ ਚੁੱਲ੍ਹੇ 'ਤੇ ਇਹ ਚੀਜ਼ਾਂ ਬਣਾਈਆਂ ਜਾਂਦੀਆਂ ਸਨ ਕਿਉਂਕਿ ਹਰ ਘਰ ਪਸ਼ੂ ਰੱਖੇ ਹੁੰਦੇ ਸਨ ਤੇ ਘਰਾਂ 'ਚ ਪਾਥੀਆਂ, ਗੋਹੇ ਆਮ ਹੁੰਦੇ ਸਨ। ਪਸ਼ੂਆਂ ਦਾ ਦੁੱਧ ਵੇਚਿਆ ਨਹੀਂ ਜਾਂਦਾ ਸੀ। ਘਰ ਦਾ ਹੀ ਘਿਉ ਬਣਾ ਲਿਆ ਜਾਂਦਾ ਸੀ।

ਪੰਜਾਬੀ ਲੋਕ ਘਰ ਦੀ ਬਣੀਆਂ ਦੇਸੀ ਘਿਉ ਦੀਆਂ ਪਿੰਨੀਆਂ, ਪੰਜੀਰੀ, ਗਜਰੇਲਾ ਖਾਣ ਨੂੰ ਬਹੁਤ ਪਸੰਦ ਕਰਦੇ ਹਨ। ਪਿੰਨੀਆਂ ਕਈ ਪ੍ਰਕਾਰ ਦੀਆਂ ਤਿਆਰ ਹੁੰਦੀਆਂ ਹਨ। ਘਰ ਦੀਆਂ ਸੁਆਣੀਆਂ ਇਨ੍ਹਾਂ ਨੂੰ ਤਿਆਰ ਕਰਨ ਵਿਚ ਮਾਹਿਰ ਹੁੰਦੀਆਂ ਹਨ। ਪੁਰਾਣੇ ਸਮੇਂ ਵਿੱਚ ਹਾਜ਼ਮਾ ਵੀ ਲੋਕਾਂ ਦਾ ਠੀਕ ਰਹਿੰਦਾ ਸੀ। ਕੜਾਹੀ ਵਿੱਚ ਦੁੱਧ ਪਾ ਕੇ ਖੋਆ ਮਾਰ ਲਿਆ ਜਾਂਦਾ ਸੀ। ਜਦੋਂ ਘਰਾਂ ਵਿੱਚ ਚੁੱਲ੍ਹੇ ਤੇ ਪੰਜੀਰੀ ਬਣਾਈ ਜਾਂਦੀ ਸੀ, ਆਪਸ ਵਿੱਚ ਗਲੀ-ਗੁਆਂਢ ਸ਼ਰੀਕੇ ਵਿੱਚ ਦੇ ਵੀ ਦਿੱਤੀ ਜਾਂਦੀ ਸੀ।



ਖੇਤਾਂ ਵਿੱਚ ਕੰਮ ਕਰਨ ਕਰ ਕੇ ਉਦੋਂ ਇਹ ਪੰਜੀਰੀ, ਪਿੰਨੀਆਂ ਲੋਕਾਂ ਨੂੰ ਸਹਿਜੇ ਹੀ ਹਜ਼ਮ ਹੋ ਜਾਂਦੇ ਸਨ, ਕਿਸੇ ਨੂੰ ਕੋਈ ਬਿਮਾਰੀ ਵੀ ਨਹੀਂ ਸੀ ਲੱਗਦੀ। ਜਦੋਂ ਘਰ ਵਿੱਚ ਬੱਚਾ ਪੈਦਾ ਹੁੰਦਾ ਸੀ ਤਾਂ ਮਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਜਾਂਦੀ ਸੀ। ਇਸ ਵਿੱਚ ਬਦਾਮ, ਕਾਜੂ, ਕਿਸਮਿਸ਼, ਹਰੜ, ਕਮਰ ਕਸ, ਮਗ਼ਜ਼, ਮੇਵੇ, ਪਤਾ ਨਹੀਂ ਹੋਰ ਕਿੰਨੀਆਂ ਹੀ ਚੀਜ਼ਾਂ ਪਾ ਕੇ ਬਣਾਈ ਜਾਂਦੀ ਸੀ, ਤਾਂ ਜੋ ਮਾਂ ਜਲਦੀ ਸਿਹਤਮੰਦ ਹੋਵੇ। ਠੀਕ ਇਸੇ ਤਰ੍ਹਾਂ ਖੋਆ ਕੱਢ ਕੇ, ਗਾਜਰਾਂ ਕੱਦੂਕਸ਼ ਕਰ ਕੇ ਗਜਰੇਲਾ ਬਣਾ ਲਿਆ ਜਾਂਦਾ ਸੀ। ਉਸ ਵਿੱਚ ਵੀ ਮੇਵੇ ਪਾ ਲਏ ਜਾਂਦੇ ਸਨ।

ਜੇਕਰ ਪਿੰਨੀਆਂ ਬਣਾਉਣੀ ਹੁੰਦੀਆਂ ਸਨ, ਕੜਾਹੀ ਵਿੱਚ ਆਟਾ ਭੁੰਨ ਲਿਆ ਜਾਂਦਾ ਸੀ, ਖੋਆ ਪਾ ਲਿਆ ਜਾਂਦਾ ਸੀ। ਕਹਿਣ ਦਾ ਮਤਲਬ ਹੈ ਕਿ ਘਰ ਦੀ ਹਰ ਚੀਜ਼ ਨੂੰ ਤਰਜੀਹ ਦਿੱਤੀ ਜਾਂਦੀ ਸੀ। ਸਭ ਕੁਝ ਅੱਖਾਂ ਸਾਹਮਣੇ ਬਣਾਇਆ ਜਾਂਦਾ ਸੀ। ਅੱਜ ਸਮਾਂ ਬਦਲਿਆ। ਪੰਜੀਰੀਆਂ, ਪਿੰਨੀਆਂ ਬਣਾਉਣੀਆਂ ਕਈ ਲੋਕ ਛੱਡ ਰਹੇ ਹਨ। ਪਹਿਲੀ ਗੱਲ ਤਾਂ ਨਵੀਂ ਪੀੜ੍ਹੀ ਦੀਆਂ ਕਈ ਸੁਆਣੀਆਂ ਨੂੰ ਪੰਜੀਰੀ ਬਣਾਉਣੀ ਹੀ ਨਹੀਂ ਆਉਂਦੀ। ਹੁਣ ਸਮਾਂ ਹੀ ਨਹੀਂ ਹੈ ਕਿਸੇ ਕੋਲ। ਸਾਰਾ ਕੁਝ ਬਾਜ਼ਾਰ ਵਿੱਚੋਂ ਮਿਲ ਜਾਂਦਾ ਹੈ। ਅਕਸਰ ਆਮ ਗੱਲਾਂ ਕਰਦੇ ਹਨ ਕਿ ਸਿਹਤ ਨਹੀਂ ਠੀਕ ਰਹਿੰਦੀ, ਹਾਜ਼ਮਾ ਸਹੀ ਨਹੀਂ ਰਹਿੰਦਾ ਇਹ ਚੀਜ਼ਾਂ ਖਾ ਕੇ। ਕਾਰਨ ਇਹ ਹੈ ਕਿ ਬਾਜ਼ਾਰ 'ਚ ਕੁਝ ਵੀ ਸ਼ੁੱਧ ਨਹੀਂ ਮਿਲਦਾ।



ਵਿਚਾਰ ਕਰਨ ਵਾਲੀ ਗੱਲ ਹੈ ਕਿ ਪਤਾ ਕਿਹੋ ਜਿਹੇ ਘਿਉ ਨਾਲ ਬਾਜ਼ਾਰੀ ਪਿੰਨੀਆਂ ਬਣਾਈ ਜਾਂਦੀਆਂ ਹਨ ? ਜਾਂ ਕਿਹੋ ਜਿਹੀਆਂ ਖੋਆ ਵਰਤਿਆ ਜਾਂਦਾ ਹੈ। ਅਕਸਰ ਅਸੀਂ ਸੁਣਦੇ ਹੀ ਹਾਂ ਕਿ ਤਿਉਹਾਰਾਂ ਦੇ ਸੀਜ਼ਨ ਵਿੱਚ ਸਿਹਤ ਮੰਤਰਾਲਾ ਨਕਲੀ ਦੁੱਧ, ਖੋਆ, ਕੁਇੰਟਲਾਂ ਦੇ ਹਿਸਾਬ ਨਾਲ ਫੜਦਾ ਹੈ। ਹੁਣ ਵੀ ਪਿੱਛੇ ਜੇ ਯੂਪੀ, ਬਿਹਾਰ ਵਿੱਚ ਦੋ ਤਿੰਨ ਫੈਕਟਰੀਆਂ ਨਕਲੀ ਦੁੱਧ, ਖੋਆ, ਘਿਉ ਤਿਆਰ ਕਰਦੀਆਂ ਸਨ, ਜਿਨ੍ਹਾਂ 'ਤੇ ਸਿਹਤ ਵਿਭਾਗ ਵੱਲੋਂ ਕਾਰਵਾਈ ਕੀਤੀ ਗਈ। ਸੋ ਸਾਨੂੰ ਬਾਜ਼ਾਰ ਦੀ ਥਾਂ ਘਰ ਦੀ ਬਣੀ ਪੰਜੀਰੀ, ਪਿੰਨੀ ਹੀ ਖਾਣੀ ਚਾਹੀਦੀ। ਘਰੇਲੂ ਖਾਣ-ਪੀਣ ਸਰੀਰ ਨੂੰ ਹਮੇਸ਼ਾ ਫ਼ਾਇਦਾ ਦਿੰਦਾ ਹੈ। ਇਸ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ।

## ਵਿਸਾਖੀ ਦਿਵਸ 'ਤੇ ਵਿਸ਼ੇਸ਼

# ਖ਼ਾਲਸਾ ਸਾਜਨਾ ਦਿਵਸ ਦਾ ਇਤਿਹਾਸਕ ਮਹੱਤਵ



ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਐੱਸ.ਜੀ.ਪੀ.ਸੀ.,
ਸ੍ਰੀ ਅੰਮ੍ਰਿਤਸਰ



ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਦਿਨ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਉਘੜਵੇਂ ਰੂਪ ਵਿੱਚ ਦਰਜ ਹੈ। ਇਸ ਦਿਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਕ੍ਰਾਂਤੀਕਾਰੀ ਅਧਿਆਇ ਸਿਰਜਿਆ। ਇਸ ਸਾਲ ਸਿੱਖ ਖ਼ਾਲਸਾ ਸਾਜਨਾ ਦਾ 325ਵਾਂ ਦਿਹਾੜਾ ਜਾਹੋ-ਜਲਾਲ ਨਾਲ ਮਨਾ ਰਹੇ ਹਨ।

ਖ਼ਾਲਸਾ ਸਾਜਨਾ ਦਾ ਇਤਿਹਾਸ ਸਿੱਖ ਕੌਮ ਲਈ ਗੌਰਵਮਈ ਗਾਥਾ ਹੈ ਜਿਸ ਨਾਲ ਹਰ ਸਿੱਖ ਅੰਦਰ ਵਿਲੱਖਣ ਅਤੇ ਨਿਰਾਲੀ ਹੋਂਦ ਹਸਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਖ਼ਾਲਸਾ ਆਦਰਸ਼ਕ ਮਨੁੱਖ ਹੈ ਜਿਸ ਦਾ ਜੀਵਨ ਸਮਾਜ ਲਈ ਪ੍ਰੇਰਨਾਮਈ ਹੋਣ ਦੇ ਨਾਲ-ਨਾਲ ਹੱਕ ਸੱਚ ਦੀ ਰਾਖੀ ਲਈ ਵੀ ਮਿਸਾਲੀ ਹੈ। ਖ਼ਾਲਸੇ ਦੀ ਘਾੜਤ ਵਿੱਚ ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਸ਼ਾਮਲ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ਾਲਸਾ ਰੂਪੀ ਆਦਰਸ਼ਕ ਮਨੁੱਖ ਲਈ ਪਹਿਲੀ ਸ਼ਰਤ ਇਹ ਨਿਸ਼ਚਤ ਕੀਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਧਰਮ ਖੇਤਰ ਅੰਦਰ ਪ੍ਰਵਾਨ ਚੜ੍ਹਨ ਵਾਲਿਆਂ ਲਈ ਆਦਰਸ਼ ਹਨ। ਇਸ ਵਿੱਚ ਆਪਾ ਨਿਛਾਵਰ ਕਰਨ ਦੀ ਜੁਗਤ ਅਤੇ ਪ੍ਰੇਰਨਾ ਦਰਜ ਹੈ। ਪਹਿਲੇ ਪਾਤਸ਼ਾਹ ਤੋਂ ਬਾਅਦ ਵਿਚ ਬਾਕੀ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਨੂੰ ਇਹੋ ਪਾਠ ਦ੍ਰਿੜ ਕਰਵਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਦੇ ਦਿਹਾੜੇ 'ਤੇ ਖ਼ਾਲਸੇ ਦੀ ਸਿਰਜਣਾ ਕਰ ਕੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਅਰਥ ਦਿੱਤੇ। ਦਸਵੇਂ ਪਾਤਸ਼ਾਹ ਜੀ ਦੇ ਇਸ ਅਦੁੱਤੀ ਕਾਰਨਾਮੇ ਨੇ ਸਦੀਆਂ ਤੋਂ ਲਤਾੜੇ, ਗ਼ੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ-ਵਿਸ਼ਵਾਸੀ ਬਣਾ ਕੇ ਅਰਸ਼ 'ਤੇ ਪਹੁੰਚਾ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਇਹ ਦਿਨ ਜਬਰ, ਜ਼ੁਲਮ, ਬੇਇਨਸਾਫੀ, ਵਿਤਕਰੇ, ਝੂਠ, ਪਾਖੰਡ, ਅਨਿਆਂ ਆਦਿ ਵਿਰੁੱਧ ਸੰਘਰਸ਼ ਦਾ ਬਿਗਲ ਬਣਿਆ। ਇਹ ਦਿਹਾੜਾ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਵੀ ਹੈ ਕਿਉਂਕਿ ਇਸ ਦਿਨ ਜਿਥੇ ਇੱਕ ਪਾਸੇ ਗੁਰੂ ਜੀ ਵੱਲੋਂ ਸਾਜੇ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਏ, ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਵੀ ਖ਼ਾਲਸੇ ਪਾਸੋਂ ਆਪ ਅੰਮ੍ਰਿਤਪਾਨ ਕਰ ਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਨਿਵੇਕਲੀ ਮਿਸਾਲ ਕਾਇਮ ਕੀਤੀ। ਇਸ ਨਾਲ ਗੁਰੂ ਤੇ ਚੇਲੇ ਦਾ ਅਜਿਹਾ ਨਵਾਂ ਰੂਪ ਸਾਹਮਣੇ ਆਇਆ ਜਿਸ ਵਿੱਚ ਗੁਰੂ-ਚੇਲੇ ਵਿੱਚ ਕੋਈ ਭਿੰਨ-ਭੇਦ ਨਹੀਂ ਹੈ। ਭਾਈ ਗੁਰਦਾਸ ਜੀ (ਦੋ) ਇਸ ਦ੍ਰਿਸ਼ ਨੂੰ ਵਾਹ-ਵਾਹ ਕਹਿ ਕੇ ਵਡਿਆਉਂਦੇਹਨ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖ਼ਾਲਸਾ ਹਰ ਕਿਸਮ ਦੀ ਸ਼ਖ਼ਸੀ ਗ਼ੁਲਾਮੀ ਤੋਂ ਆਜ਼ਾਦ ਹੋ ਕੇ ਅਕਾਲ ਪੁਰਖ ਨਾਲ ਸਿੱਧੇ ਰੂਪ ਵਿੱਚ ਸਬੰਧਿਤ ਹੈ:

ਖ਼ਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।

ਖ਼ਾਲਸੇ ਦਾ ਅਰਥ ਸ਼ੁੱਧ, ਨਿਰਮਲ ਅਤੇ ਬਿਨਾਂ ਮਿਲਾਵਟ ਤੋਂ ਹੈ। ਖ਼ਾਲਸਾ ਝੂਠ, ਬੇਈਮਾਨੀ, ਵਲ਼-ਫ਼ਰੇਬ ਤੋਂ ਦੂਰ ਮਨੁੱਖਤਾ ਦਾ ਸੱਚਾ ਹਮਦਰਦ ਹੈ। ਇਹ ਇੱਕ ਅਕਾਲ ਪੁਰਖ ਦਾ ਪੁਜਾਰੀ ਹੈ। ਖ਼ਾਲਸਾ ਪੰਜ ਕਕਾਰੀ ਰਹਿਣੀ ਦਾ ਧਾਰਨੀ ਹੈ। ਸੱਚਾ ਤੇ ਧਰਮੀ ਜੀਵਨ ਜਿਊਣਾ ਖ਼ਾਲਸੇ ਦਾ ਨੇਮ ਹੈ। ਧਰਮ ਅਤੇ ਸਦਾਚਾਰ ਦੇ ਸੁਮੇਲ ਖ਼ਾਲਸੇ ਦੀ ਆਵਾਜ਼ ਹਮੇਸ਼ਾ ਹੀ ਹੱਕ ਤੇ ਸੱਚ ਲਈ ਉਠਦੀ ਹੈ। ਜਬਰ ਤੇ ਜ਼ੁਲਮ ਵਿਰੁੱਧ ਡਟਣਾ ਖ਼ਾਲਸੇ ਦਾ ਪਰਮ ਧਰਮ ਕਰਤੱਵ ਹੈ। ਉੱਚੀ-ਸੁੱਚੀ ਜੀਵਨ-ਜਾਚ ਇਸ ਦੀ ਲਖਾਇਕ ਹੈ। ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਸਿਰਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ-ਸਿਧਾਂਤ ਦਿੱਤਾ ਜਿਹੜਾ ਹੁਣ ਤੱਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖਰਾਂ ਛੋਹ ਰਿਹਾ ਹੈ।

ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ, ਸਿੱਖ ਰਹਿਤ ਦੀ ਪਰਪੱਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਖ਼ਾਲਸਈ ਜੀਵਨ ਦਾ ਅਹਿਮ ਵਿਧਾਨ ਹੈ। ਇਸੇ ਰੌਸ਼ਨੀ ਵਿਚ ਜੀਵਨ ਜਿਊਣਾ ਹਰ ਸਿੱਖ ਦਾ ਫ਼ਰਜ਼ ਹੈ। ਖ਼ਾਲਸਾ ਸਾਜਨਾ ਦਿਵਸ ਦੇ ਇਤਿਹਾਸਕ ਮੌਕੇ 'ਤੇ ਮੈਂ ਸੰਗਤ ਨੂੰ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਆਓ! ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਖ਼ਾਲਸਈ ਰਹਿਣੀ ਦੇ ਧਾਰਨੀ ਬਣੀਏ ਕਿਉਂਕਿ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਟੁੱਟ ਕੇ ਕੋਈ ਵੀ ਆਪਣੀ ਪਛਾਣ ਨਾਲ ਅੱਗੇ ਨਹੀਂ ਵਧ ਸਕਦਾ। ਸੰਸਾਰ ਵਿੱਚ ਵਿਚਰਦਿਆਂ ਆਪਣੇ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਅਗਵਾਈ ਹੀ ਮਨੁੱਖ ਨੂੰ ਆਪਣੇ ਵਿਸ਼ੇਸ਼ ਹੋਣ ਦਾ ਮਾਣ ਦਿਵਾ ਸਕਦੀ ਹੈ।

ਸਿੱਖਾਂ ਦੇ ਇਤਿਹਾਸਕ, ਸਿਧਾਂਤਕ ਅਤੇ ਵਿਰਾਸਤੀ ਗੁਣਾਂ ਦੀ ਅਮੀਰੀ ਦਾ ਮਾਣ ਹਰ ਸਿੱਖ ਨੂੰ ਸਵੈਮਾਣ ਅਤੇ ਇੱਜ਼ਤ ਨਾਲ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਵੱਖ-ਵੱਖ ਸਮਿਆਂ ਵਿੱਚ ਆਈਆਂ ਮੁਸੀਬਤਾਂ ਸਮੇਂ ਸਿੱਖਾਂ ਨੇ ਪੀੜਤ ਮਾਨਵਤਾ ਨਾਲ ਖੜ੍ਹ ਕੇ ਇਹ ਸਿੱਧ ਕੀਤਾ ਹੈ ਕਿ ਮਨੁੱਖੀ ਬਰਾਬਰੀ ਅਤੇ ਇਕਸਾਰਤਾ ਦਾ ਜੋ ਪਾਠ ਖ਼ਾਲਸੇ ਨੂੰ ਗੁਰੂ ਸਾਹਿਬ ਨੇ ਪੜ੍ਹਾਇਆ, ਉਹ ਸੰਸਾਰ ਦੇ ਧਰਮ ਇਤਿਹਾਸ ਵਿਚ ਮੋਹਰੀ ਹੈ, ਵਿਲੱਖਣ ਹੈ। ਅੱਜ ਸਿੱਖ ਨੌਜੁਆਨੀ ਨੂੰ ਆਪਣੇ ਇਸ ਖ਼ਾਲਸਈ ਵਿਰਸੇ ਪ੍ਰਤੀ ਜਾਗਰੂਕ ਅਤੇ ਸੁਚੇਤ ਕਰਦੇ ਰਹਿਣਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ ਕਿਉਂਕਿ ਤਕਨੀਕ ਅਤੇ ਸੰਚਾਰ ਸਾਧਨਾਂ ਦੀ ਤੇਜ਼ੀ ਮਨੁੱਖ ਨੂੰ ਨੈਤਿਕਤਾ ਨਾਲੋਂ ਤੋੜਨ ਵਾਲੇ ਪਾਸੇ ਲਿਜਾ ਰਹੀ ਹੈ। ਸਿੱਖੀ ਦੇ ਵਿਲੱਖਣ ਸਿਧਾਂਤ ਅਤੇ ਮਾਨਵ ਹਿੱਤਕਾਰੀ ਫਲਸਫਾ ਅਜੋਕੀਆਂ ਮਨੁੱਖੀ ਚਿੰਤਾਵਾਂ ਦੇ ਖ਼ਾਤਮੇ ਦਾ ਸਫਲ ਮਾਰਗ ਦਰਸ਼ਕ ਹਨ। ਲੋੜ ਇਸ ਗੱਲ ਹੈ ਕਿ ਅਸੀਂ ਖ਼ਾਲਸਈ ਵਿਚਾਰਧਾਰਾ ਨੂੰ ਅੱਗੇ ਵਧਾਈਏ।

# ਖ਼ਾਲਸਾ ਸਿਰਜਣ ਦੀ ਲੋੜ ਕਿਉਂ ਪਈ ?

ਡਾ. ਅਮਨਦੀਪ ਸਿੰਘ ਟੱਲੇਵਾਲੀਆ



ਖ਼ਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਸ਼ੁੱਧ' ਭਾਵ ਮਿਲਾਵਟ ਤੋਂ ਬਿਨਾਂ ਅਤੇ ਜਾਂ ਉਹ ਜ਼ਮੀਨ ਜੋ ਬਾਦਸ਼ਾਹ ਦੀ ਨਿੱਜੀ ਮਲਕੀਅਤ ਹੋਵੇ ਭਾਵ 'ਖੁਦਮੁਖਤਿਆਰ'। ਮੈਕਾਲਿਫ ਅਨੁਸਾਰ 'ਖ਼ਾਲਸਾ' ਸ਼ਬਦ ਅਰਬੀ ਭਾਸ਼ਾ ਦੇ ਸ਼ਬਦ 'ਖ਼ਾਲਿਸ' ਅਰਥਾਤ 'ਸ਼ੁੱਧ' ਵਿੱਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਸਿੱਖਾਂ ਲਈ ਇਹ ਸ਼ਬਦ ਵਰਤਿਆ ਹੈ। ਜਿਨ੍ਹਾਂ ਖੰਡੇ ਦੀ ਪਾਹੁਲ ਛਕ ਲਈ ਭਾਵ ਸ਼ੁੱਧ ਹੋ ਗਏ ਅਤੇ ਸਿੱਧੇ ਤੌਰ 'ਤੇ ਅਕਾਲ ਪੁਰਖ ਨਾਲ ਜੁੜ ਗਏ ਜੋ ਕਿ 'ਖੁਦਮੁਖਤਿਆਰ' ਹੈ। 'ਖ਼ਾਲਸਾ' ਮਜ਼ਲੂਮਾਂ ਲਈ ਢਾਲ ਹੈ ਅਤੇ ਦੁਸ਼ਮਣ ਲਈ ਤਲਵਾਰ ਹੈ, 'ਖ਼ਾਲਸੇ' ਦਾ ਜ਼ੁਲਮ ਨਾਲ ਵੈਰ ਹੈ। 'ਖ਼ਾਲਸਾ' ਕਿਸੇ ਬੇਕਸੂਰ ਤੇ ਹੋ ਰਹੇ ਜ਼ੁਲਮਾਂ ਨੂੰ ਨਹੀਂ ਸਹਿ ਸਕਦਾ ਭਾਵੇਂ ਇਸ ਨੂੰ ਆਪਣਾ ਆਪ ਕੁਰਬਾਨ ਕਰਨਾ ਪੈ ਜਾਵੇ।

'ਸੱਟ ਕਿਸੇ ਮਜ਼ਲੂਮ ਦੇ ਲਗਦੀ ਹੈ, ਹੰਝੂ ਖ਼ਾਲਸੇ ਦੀਆਂ ਅੱਖਾਂ ਵਿੱਚ ਆ ਜਾਂਦੇ। ਰਾਖੇ ਕੌਮ ਦੇ ਪੁੱਤਰ ਦਸ਼ਮੇਸ਼ ਜੀ ਦੇ, ਜਾਨਾਂ ਵਾਰ ਕੇ ਅਣਖ ਬਚਾ ਜਾਂਦੇ।'

'ਖ਼ਾਲਸਾ' "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥" (ਮ:9/1427) ਦੇ ਸੁਨਹਿਰੀ ਅਸੂਲਾਂ ਦਾ ਧਾਰਨੀ ਹੁੰਦਾ ਹੈ। 'ਖ਼ਾਲਸਾ' ਸਦਾ ਚੜ੍ਹਦੀਆਂ ਕਲਾਂ ਵਿੱਚ ਰਹਿੰਦਾ ਹੈ, ਇਹ ਕਦੀ ਢਹਿੰਦੀਆਂ ਕਲਾਂ ਵਿੱਚ ਨਹੀਂ ਗਿਆ ਭਾਵੇਂ ਇਸ ਦੇ ਸਿਰ 'ਤੇ ਆਰਾ ਕਿਉਂ ਨਾ ਚੱਲਦਾ ਹੋਵੇ। 'ਖ਼ਾਲਸਾ' ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪ੍ਰਭਾਵ ਤੋਂ ਪਰੇ ਅਤੇ ਕਥਨੀ ਕਰਨੀ ਦਾ ਪੂਰਾ ਉਹ ਸ਼ੁੱਧ ਇਨਸਾਨ ਹੈ ਜਿਸ ਦੀ ਸਾਜਨਾ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ 'ਚੋਂ ਕੀਤੀ।

ਖ਼ਾਲਸੇ ਦੀ ਸਿਰਜਣਾ, ਗੁਰੂ ਸਾਹਿਬ ਵੱਲੋਂ ਲਿਆ ਗਿਆ ਫੌਰਨ ਫੈਸਲਾ ਨਹੀਂ ਸੀ ਸਗੋਂ ਇਸ ਪਿੱਛੇ ਲੋਕਾਂ ਦਾ ਸਦੀਆਂ ਪੁਰਾਣਾ ਦਰਦ ਛੁਪਿਆ ਹੋਇਆ ਸੀ ਜਿਸ ਦੀਆਂ ਕਰੁਣਾਮਈ ਚੀਸਾਂ ਗੁਰੂ ਜੀ ਨੇ ਅਨੁਭਵ ਕੀਤੀਆਂ, ਇਹ ਚੀਸਾਂ ਸਨ ਨੀਵੀਆਂ ਜਾਤਾਂ 'ਤੇ ਹੋ ਰਹੇ ਜ਼ੁਲਮ ਦੀਆਂ, ਬੇਕਸੂਰ ਲੋਕਾਂ ਦੇ ਅੱਲ੍ਹੇ ਜ਼ਖਮਾਂ ਦੀਆਂ ਅਤੇ ਇਹਨਾਂ ਹੋ ਚੁੱਕੇ ਜ਼ਖਮਾਂ 'ਤੇ ਮੱਲਮ ਲਾਉਣਾ ਅਤੇ ਅੱਗੇ ਤੋਂ ਅਜਿਹੇ ਜ਼ਖਮਾਂ ਨੂੰ ਹੋਣ ਤੋਂ ਰੋਕਣਾ ਹੀ ਖ਼ਾਲਸਾ ਸਾਜਣਾ ਦਾ ਮੁੱਖ ਉਦੇਸ਼ ਸੀ। ਖਾਲਸਾ ਪੰਥ ਦੀ ਸਾਜਨਾ ਇੱਕ ਨਵਾਂ ਇਨਕਲਾਬ ਸੀ ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਊਚ-ਨੀਚ, ਜਾਤ-ਪਾਤ ਦੀ ਕੰਧ ਨੂੰ ਤੋੜ ਦਿੱਤਾ ਅਤੇ "ਸਭੇ ਸਾਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" (ਮ:5/97) ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ। ਖ਼ਾਲਸੇ ਦੀ ਸਿਰਜਣਾ ਕਰਕੇ ਗੁਰੂ ਸਾਹਿਬ ਜੀ, ਅਜਿਹੇ ਰਾਜ ਭਾਗ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਤਾਂ ਜੋ ਦੱਬੇ ਕੁਚਲੇ ਅਤੇ ਲਿਤਾੜੇ ਜਾ ਰਹੇ ਲੋਕਾਂ ਨੂੰ ਅਣਖ ਨਾਲ ਜਿਉਣ ਦਾ ਸੁਨਹਿਰੀ ਮੌਕਾ ਮਿਲ ਸਕੇ ਤੇ ਉਹ ਆਪਣੀ ਰਾਖੀ ਆਪ ਹੀ ਕਰ ਸਕਣ।

ਖ਼ਾਲਸਾ ਪੰਥ ਦੀ ਸਾਜਨਾ ਦਾ ਇੱਕ ਹੋਰ ਇਤਿਹਾਸਕ ਕਾਰਨ ਇਹ ਵੀ ਸੀ ਕਿ ਪਹਿਲੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਮਸੰਦਾਂ ਦੀ ਸਥਾਪਨਾ ਕੀਤੀ ਤਾਂ ਕਿ ਉਹ ਸਿੱਖੀ ਦਾ ਪ੍ਰਚਾਰ ਕਰਨ ਅਤੇ ਨਾਲ ਹੀ ਜੇ ਕਿਸੇ ਇਲਾਕੇ ਦੀ ਸੰਗਤ ਵੱਲੋਂ ਗੁਰੂ ਸਾਹਿਬ ਨੂੰ ਕੁੱਝ ਭੇਟਾ ਕਰਨਾ ਹੁੰਦਾ ਤਾਂ ਉਹ ਇਹਨਾਂ ਮਸੰਦਾਂ ਰਾਹੀਂ ਪੁੱਜਦਾ ਕਰ ਦਿੱਤਾ ਜਾਂਦਾ ਸੀ ਪਰ ਮਸੰਦਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਦੇ ਉਲਟ ਗੁਰੂ ਘਰ ਦੀਆਂ ਜਾਇਦਾਦਾਂ ਨੂੰ ਹੀ ਨਿੱਜੀ ਜਾਇਦਾਦਾਂ ਸਮਝ ਕੇ ਹੜੱਪਣਾ ਸ਼ੁਰੂ ਕਰ ਦਿੱਤਾ ਇਸ ਪ੍ਰਕਾਰ ਉਹ ਸਿੱਖੀ ਦੇ ਮੁੱਖ ਰਸਤੇ (ਸਿਧਾਂਤ) ਤੋਂ ਭਟਕ ਗਏ। ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਤੇ ਆਪਣੀ ਸੰਗਤ ਵਿੱਚ ਸਿੱਧਾ ਸੰਪਰਕ ਸਥਾਪਿਤ ਕੀਤਾ ਅਤੇ ਕਿਹਾ, "ਖ਼ਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌਂ ਕਰੌਂ ਨਿਵਾਸ ॥" ਅਤੇ ਆਪਣੇ ਹੁਕਮਨਾਮਿਆਂ ਵਿੱਚ ਵੀ ਵਾਰ ਵਾਰ ਇਹ ਦੁਹਰਾਇਆ ਗਿਆ ਗੁਰੂ ਸੰਗਤ ਹੀ ਮੇਰਾ ਅਸਲੀ ਖਾਲਸਾ ਹੈ (ਡਾ. ਅਨੂਪ ਸਿੰਘ ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ)।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਕੋਈ ਨਵਾਂ ਪੰਥ ਹੋਂਦ ਵਿੱਚ ਨਹੀਂ ਲਿਆਂਦਾ ਸੀ ਸਗੋਂ ਬਾਬੇ ਨਾਨਕ ਜੀ ਦੇ ਲਾਏ ਸਿੱਖੀ ਦੇ ਬੂਟੇ ਨੂੰ ਹੀ ਹੋਰ ਪ੍ਰਫੁੱਲਿਤ ਕੀਤਾ ਸੀ ਕਿਉਂਕਿ ਖ਼ਾਲਸੇ ਨੂੰ ਦਿੱਤੀਆਂ ਗਈਆਂ ਹਦਾਇਤਾਂ ਲਗਭਗ ਉਹੀ ਸਨ ਜੋ ਪਹਿਲੇ ਗੁਰੂ ਸਾਹਿਬਾਨਾਂ ਨੇ ਸਿੱਖਾਂ ਨੂੰ ਦਿੱਤੀਆਂ ਸਨ। ਫ਼ਰਕ ਸਿਰਫ਼ ਇਹ ਸੀ ਕਿ ਗੁਰੂ ਜੀ ਨੇ ਭਗਤੀ ਦੇ ਨਾਲ ਸ਼ਕਤੀ ਅਤੇ ਸ਼ਸਤਰਾਂ ਦੇ ਨਾਲ ਸ਼ਾਸਤ੍ਰਾਂ ਦਾ ਸੁਮੇਲ ਕਰਕੇ ਇੱਕ ਨਵੀਂ ਸਪਿਰਟ (ਜੋ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਆਰੰਭ ਕੀਤੀ ਸੀ, ਨੂੰ ਹੋਰ ਵਧਾ ਕੇ) ਸਿੱਖਾਂ ਅੰਦਰ ਭਰ ਦਿੱਤੀ ਅਤੇ ਖ਼ਾਲਸੇ ਦਾ ਪਹਿਰਾਵਾ ਸਭ ਤੋਂ ਵੱਖਰੀ ਕਿਸਮ ਦਾ ਬਣਾਉਣਾ, ਸਮੇਂ ਦੀ ਮੁੱਖ ਲੋੜ ਬਣ ਚੁੱਕਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਸਾਹਮਣੇ ਬਚਨ ਕਰਦਿਆਂ ਕਿਹਾ ਕਿ ਮੈਂ ਇੱਕ ਅਜਿਹਾ ਸਿੱਖ (ਖ਼ਾਲਸਾ) ਪ੍ਰਗਟ ਕਰਾਂਗਾ ਜੋ ਹਜ਼ਾਰਾਂ 'ਚੋਂ ਨਹੀਂ ਬਲਕਿ ਲੱਖਾਂ 'ਚੋਂ ਪਛਾਣਿਆ ਜਾ ਸਕੇਗਾ, ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਸੰਸਾਰ ਵਿੱਚ ਨਿਆਰੇ ਅਤੇ ਨਿਵੇਕਲੇ ਰੂਪ ਦਾ ਧਾਰਨੀ ਹੋਵੇਗਾ। ਜਦੋਂ ਵੀ ਲੱਖਾਂ ਲੋਕਾਂ ਵਿੱਚ ਇੱਕ ਸਿੱਖ ਸ਼ਾਮਲ ਹੋਇਆ ਕਰੇਗਾ ਉਹ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ ਅਤੇ ਸਭ ਤੋਂ ਵੱਖਰਾ ਤੇ ਵਿਲੱਖਣ ਦਿਸੇਗਾ। ਬਗਲਿਆਂ ਦੀ ਡਾਰ ਵਿੱਚ ਜਿਵੇਂ ਕੋਈ ਹੰਸ ਛੁਪਿਆ ਨਹੀਂ ਰਹਿ ਸਕਦਾ, ਗਿਰਝਾਂ ਦੇ ਝੁੰਡ ਵਿੱਚ ਜਿਵੇਂ ਕੋਈ ਮੋਰ ਲਿਸ਼ਕਦਾ ਹੈ, ਖੋਤਿਆਂ ਦੀ ਭੀੜ ਵਿੱਚ ਜਿਵੇਂ ਕੋਈ ਘੋੜਾ ਅਤੇ ਹਿਰਨਾਂ ਦੀ ਡਾਰ ਵਿੱਚ ਜਿਵੇਂ ਕੋਈ ਸ਼ੇਰ ਝੱਟ ਪਛਾਣਿਆ ਜਾਂਦਾ ਹੈ ਤਿਵੇਂ ਹੀ ਮੇਰਾ ਸਿੱਖ ਵੱਖ-ਵੱਖ ਮੱਤਾਂ ਦੇ ਲੋਕਾਂ ਵਿੱਚ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ। ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਆਪਣੇ ਲਫਜ਼ਾਂ ਵਿੱਚ ਕੀਤਾ ਹੈ:

'ਸ੍ਰੀ ਗੁਰੂ ਗੋਬਿੰਦ ਸਿੰਘ ਸੁਨਿ ਕਰਿ ਐਸੇ ॥ ਗਰਜਤਿ ਬੋਲੇ ਜਲਧਰ ਜੈਸੇ। ਇਸ ਬਿਧਿ ਕੋ ਅਬਿ ਪੰਥ ਬਨਾਵੌਂ ॥ ਸਕਲ ਜਗਤ ਮਹਿਂ ਬਹੁਤ ਬਿਦਤਾਵੌਂ ॥ ਲਾਖਹੁ ਜਗ ਕੇ ਨਰ ਇੱਕ ਥਾਇਂ ॥ ਤਿਨ ਮਹਿਂ ਮਿਲੇ ਏਕ ਸਿਖ ਜਾਇ ॥ ਸਭ ਮਹਿਂ ਪ੍ਰਥਕ ਪਛਾਨਯੋ ਪਰੈ ॥ ਚਲੈ ਨ ਕਾਯੋ ਹੂੰ ਕੈਸਿਹੁਂ ਕਰੈ ॥ ਜਥਾ ਬਕਨ ਮਹਿਂ ਹੰਸ ਨ ਛਪੈ ॥ ਗ੍ਰਿੱਝਨਿ ਬਿਖੈਹ ਮੋਹ ਜਿਮ ਦਿਪੈ ॥ ਜਯੋਂ ਖਰ ਗਨ ਮਹਿਂ ਬਲੀ ਤੁਰੰਗ ॥ ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥ ਤਿਮ ਨਾਨਾ ਭੇਖਨ ਕੇ ਮਾਂਹਿ ॥ ਮਮ ਸਿਖ ਕੋ ਸਗਲੇ ਪਰਖਾਹਿਂ ॥'

ਇਸ ਪ੍ਰਕਾਰ ਵਿਸਾਖੀ ਵਾਲੇ ਦਿਨ 30 ਮਾਰਚ, 1699 ਈ. ਨੂੰ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਜੋ ਕੁੱਝ ਵਾਪਰਿਆ ਉਹ ਲਾ-ਮਿਸਾਲ ਸੀ ਜਿਸ ਦੀ ਉਦਾਹਰਣ ਦੁਨੀਆਂ ਦੇ ਕਿਸੇ ਵੀ ਖੇਤਰ ਵਿੱਚੋਂ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਭਰੇ ਪੰਡਾਲ ਵਿੱਚ ਗਰਜਵੀਂ ਆਵਾਜ਼ ਵਿੱਚ ਕਿਹਾ ਕਿ 'ਹੈ ਕੋਈ ਗੁਰੂ ਦਾ ਸਿੱਖ ਜੋ ਆਪਣੇ ਗੁਰੂ ਲਈ ਸੀਸ ਭੇਂਟ ਕਰ ਸਕਦਾ ਹੋਵੇ?' ਦਿਵਾਨ ਵਿੱਚ ਸੰਨਾਟਾ ਛਾ ਗਿਆ, ਜਦੋਂ ਗੁਰੂ ਜੀ ਨੇ ਤੀਜੀ ਵਾਰ ਲਲਕਾਰਿਆ ਤਾਂ ਲਾਹੌਰ ਦਾ ਵਾਸੀ ਦਇਆ ਰਾਮ ਉੱਠ ਖਲੋਇਆ ਅਤੇ ਗੁਰੂ ਜੀ ਦੇ ਸਨਮੁੱਖ ਹੋ ਕੇ ਬੋਲਿਆ, 'ਮੈਂ ਹਾਜ਼ਿਰ ਹਾਂ।' ਗੁਰੂ ਸਾਹਿਬ ਉਸ ਨੂੰ ਅਲੱਗ ਤੰਬੂ ਵਿੱਚ ਲੈ ਗਏ ਅਤੇ ਦੁਬਾਰਾ ਇੱਕ ਹੋਰ ਸੀਸ ਦੀ ਮੰਗ ਕੀਤੀ, ਇਸੇ ਤਰ੍ਹਾਂ ਵਾਰ ਵਾਰ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦੂਜੀ ਵਾਰ ਭਾਈ ਧਰਮ ਦਾਸ, ਫਿਰ ਹਿੰਮਤ ਰਾਏ, ਮੁਹਕਮ ਚੰਦ ਅਤੇ ਸਾਹਿਬ ਚੰਦ ਨੇ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ॥" (ਮ:3/918), ਦੇ ਪਵਿੱਤਰ ਵਾਕ 'ਤੇ ਸ਼ਰਧਾ ਦੇ ਫੁਲ ਚੜ੍ਹਾਉਂਦਿਆਂ ਆਪਣੇ ਆਪ ਨੂੰ ਗੁਰੂ ਜੀ ਦੇ ਹਵਾਲੇ ਕੀਤਾ। (ਬਾਕੀ ਸਫ਼ਾ 31 'ਤੇ)

ਡਾ. ਪ੍ਰਭਜੀਤ ਕੌਰ

# ਵਿਸਾਖੀ ਦਾ ਵਿਲੱਖਣ ਸੰਦੇਸ਼

ਵਿਸਾਖੀ ਸੋਨੇ ਰੰਗੀਆਂ ਫ਼ਸਲਾਂ ਵੱਢਣ ਤੇ ਸਾਂਭਣ ਮਗਰੋਂ ਖ਼ੁਸ਼ੀਆਂ-ਉਮੰਗਾਂ ਤੇ ਚਾਵਾਂ-ਮਲ੍ਹਾਰਾਂ ਨਾਲ ਦਰਿਆਵਾਂ ਕੰਢੇ ਮੇਲੇ ਲਾਉਣ, ਨੱਚਣ-ਗਾਉਣ, ਲੁੱਡੀਆਂ ਪਾਉਣ, ਵੰਨ-ਸੁਵੰਨੇ ਖਾਣੇ ਖਾਣ ਤੇ ਤੀਰਥ ਨ੍ਹਾਉਣ ਦਾ ਨਾਂ ਹੈ। ਕਣਕ ਨੂੰ ਸੰਸਕ੍ਰਿਤ ਵਿੱਚ ਸੋਨਾ ਵੀ ਆਖਦੇ ਹਨ ਤੇ ਵਿਸਾਖੀ ਨੂੰ ਸੋਨੇ ਦੀ ਵਾਢੀ ਦਾ ਤਿਉਹਾਰ। ਵਿਸਾਖ ਮਹੀਨੇ ਦੀ ਪਹਿਲੀ ਤਾਰੀਖ ਭਾਵ ਸੰਗਰਾਂਦ ਨੂੰ ਮਨਾਏ ਜਾਣ ਵਾਲੇ ਇਸ ਤਿਉਹਾਰ ਦਾ ਸਬੰਧ ਨਾ ਸਿਰਫ਼ ਫ਼ਸਲੀ ਤੇ ਮੌਸਮੀ ਚੱਕਰ ਬਦਲਣ ਨਾਲ ਹੈ ਸਗੋਂ ਇਹ ਦਿਨ ਵਿਸ਼ੇਸ਼ ਇਤਿਹਾਸਕ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਮਹੱਤਵ ਵਾਲਾ ਵੀ ਹੈ। 13 ਅਪਰੈਲ 1919 ਨੂੰ ਜੱਲ੍ਹਿਆਂਵਾਲੇ ਬਾਗ਼ ਵਿੱਚ ਵਾਪਰੇ ਦੁਖਾਂਤਕ ਇਤਿਹਾਸ ਨੂੰ ਕੌਣ ਭੁੱਲ ਸਕਦਾ ਹੈ?

ਉਂਝ ਭਾਵੇਂ ਵਿਸਾਖੀ ਵਾਲੇ ਦਿਨ ਮੇਲੇ ਲਾਉਣ ਅਤੇ ਤੀਰਥ ਇਸ਼ਨਾਨ ਕਰਨ ਦਾ ਸਦੀਆਂ ਤੋਂ ਧਾਰਮਿਕ ਮਹੱਤਵ ਰਿਹਾ ਹੈ ਪਰ 1567 ਈਸਵੀ ਦੀ ਵਿਸਾਖੀ ਵਾਲੇ ਦਿਨ ਪਹਿਲੀ ਵਾਰ ਗੁਰੂ ਅਮਰਦਾਸ ਜੀ ਨੇ ਵੱਡੇ ਪੱਧਰ 'ਤੇ ਸਿੱਖਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਜੋੜ ਮੇਲਾ ਲਾਉਣ ਦਾ ਆਦੇਸ਼ ਦਿੱਤਾ ਅਤੇ ਮਗਰੋਂ ਹਰ ਸਾਲ ਵਿਸਾਖੀ ਨੂੰ ਸਿੱਖਾਂ ਦੇ ਕੌਮੀ ਤਿਉਹਾਰ ਵਜੋਂ ਮਨਾਇਆ ਜਾਣ ਲੱਗਿਆ।

1738 ਦੀ ਵਿਸਾਖੀ ਦਾ ਪੁਰਬ ਮਨਾਉਣ ਲਈ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਇੱਕਤਰ ਹੋਣ ਦਾ ਸੱਦਾ ਦਿੱਤਾ ਅਤੇ ਇਸ ਧਾਰਮਿਕ ਸੁਤੰਤਰਤਾ ਬਦਲੇ ਜ਼ਕਰੀਆ ਖ਼ਾਨ ਵੱਲੋਂ ਲਾਏ ਗਏ 5000 ਰੁਪਏ ਦੇ ਕਰ ਨੂੰ ਦੇਣਾ ਸਵੀਕਾਰ ਕਰ ਲਿਆ ਪਰ ਮੁਗ਼ਲ ਸੈਨਿਕਾਂ ਵੱਲੋਂ ਦਰਬਾਰ ਸਾਹਿਬ ਆਉਂਦੇ ਸਿੱਖਾਂ ਨੂੰ ਰਾਹ ਵਿੱਚ ਹੀ ਰੋਕ ਲਏ ਜਾਣ ਕਾਰਨ ਦਰਬਾਰ ਸਾਹਿਬ ਵਿੱਚ ਨਾ ਤਾਂ ਸਿੱਖਾਂ ਦੀ ਇਕੱਤਰਤਾ ਹੋ ਸਕੀ ਤੇ ਨਾ ਹੀ ਮਾਇਆ ਦੀ। ਇਸ ਕਾਰਨ ਭਾਈ ਮਨੀ ਸਿੰਘ ਮੁਗ਼ਲਾਂ ਨੂੰ ਕਰ ਦੇ ਸਕਣ ਵਿੱਚ ਅਸਮਰੱਥ ਰਹੇ ਅਤੇ ਉਨ੍ਹਾਂ ਨੂੰ ਆਪਣੀ ਸਿੱਖੀ ਦੀ ਰੱਖਿਆ ਕਰਦਿਆਂ ਆਪਣਾ ਬੰਦ-ਬੰਦ ਕਟਾ ਕੇ ਸ਼ਹੀਦ ਹੋਣਾ ਪਿਆ।



ਇਸ ਪਵਿੱਤਰ ਧਰਤੀ 'ਤੇ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦਾ ਜਨਮ ਹੋਇਆ ਸੀ ਜਿਸ ਨੇ ਨਾ ਸਿਰਫ਼ ਸਦੀਆਂ ਤੋਂ ਗ਼ੁਲਾਮੀ ਦੀ ਲਤਾੜੀ ਹੋਈ ਨਿਤਾਣੀ ਤੇ ਨਿਮਾਣੀ ਕੌਮ ਨੂੰ ਅੰਮ੍ਰਿਤ ਛਕਾ ਕੇ ਸ਼ੁੱਧ ਖਾਲਸ ਰੂਹ ਦਾ ਸੰਚਾਰ ਕੀਤਾ ਸੀ ਸਗੋਂ ਇਸੇ ਦਿਨ ਪੰਜ ਰਹਿਤਵਾਨ ਸਿੰਘਾਂ ਨੂੰ ਅੱਗੋਂ ਅੰਮ੍ਰਿਤ ਛਕਾ ਕੇ ਨਵੇਂ ਸਿੰਘ ਸਜਾਉਣ ਦਾ ਹੱਕ ਵੀ ਪ੍ਰਾਪਤ ਹੋਇਆ ਸੀ। 'ਅੰਮ੍ਰਿਤ' ਦਾ ਅਰਥ ਹੀ ਅ-ਮ੍ਰਿਤ ਹੈ ਭਾਵ ਇਸ ਨੂੰ ਪੀ ਕੇ ਜੋ ਕਦੇ ਨਾ ਮਰੇ ਤੇ ਅਮਰ ਹੋ ਕੇ ਮਜ਼ਲੂਮਾਂ ਲਈ ਢਾਲ ਬਣੇ। ਗੁਰੂ ਸਾਹਿਬ ਆਪ ਵੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਖਾਲਸੇ ਵਿੱਚ ਅਭੇਦ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦ੍ਰਿਸ਼ਟੀ ਰੱਖਦਿਆਂ ਖਾਲਸੇ ਨੂੰ ਪੰਜ ਕਕਾਰ ਧਾਰਨ ਕਰਵਾ ਕੇ 'ਸਿੰਘ' ਭਾਵ ਸ਼ੇਰ ਤੇ 'ਕੌਰ' ਭਾਵ ਸ਼ਹਿਜ਼ਾਦੀ ਦੀ ਇੱਕ ਵਿਲੱਖਣ ਪਛਾਣ ਦਿੱਤੀ। ਕੇਸਾਂ ਦੀ ਰਹਿਤ ਰੱਖ ਕੇ ਕੋਈ ਨਵੀਂ ਰੀਤ ਨਹੀਂ ਸੀ ਤੋਰੀ ਗਈ ਸਗੋਂ ਕੇਸ ਕਟਵਾਉਣ ਵਾਲਿਆਂ ਨੇ ਕੁਦਰਤ ਵੱਲੋਂ ਮਨੁੱਖ ਨੂੰ ਦਿੱਤੀ ਪਛਾਣ ਨਾਲ ਛੇੜ-ਛਾੜ ਕਰਨ ਦੀ ਰੀਤ ਤੋਰੀ ਹੋਈ ਸੀ। ਕਦੇ ਦੇਖਿਆ ਹੈ ਕਿ ਮਨੁੱਖਾਂ ਤੋਂ ਇਲਾਵਾ ਕਿਸੇ ਹੋਰ ਜੀਵ ਨੇ ਆਪਣੇ ਕੁਦਰਤੀ ਰੂਪ ਨਾਲ ਛੇੜ-ਛਾੜ ਕੀਤੀ ਹੋਵੇ ? ਗੁਰੂ ਸਾਹਿਬ ਨੇ ਤਾਂ ਕੇਸਾਂ ਦੀ ਰਹਿਤ ਦੇ ਕੇ ਮਨੁੱਖ ਨੂੰ ਆਪਣੇ ਅਸਲ ਕੁਦਰਤੀ ਰੂਪ ਨਾਲ ਰੂ-ਬ-ਰੂ ਕਰਵਾਇਆ। ਨਾਲ ਹੀ ਇਨ੍ਹਾਂ ਕੇਸਾਂ ਨੂੰ ਕੰਘੇ ਨਾਲ ਸਵਾਰ ਕੇ ਦਸਤਾਰ ਧਾਰਨ ਕਰਨ ਦਾ ਹੁਕਮ ਦਿੱਤਾ।

ਵੱਖਰੇ ਵੱਖਰੇ ਕਰਮਕਾਂਡਾਂ ਤੇ ਵਹਿਮਾਂ-ਭਰਮਾਂ ਵਿੱਚ ਉਲਝੇ ਦੇਸ਼ ਵਾਸੀਆਂ ਲਈ ਗੁਰੂ ਨਾਨਕ ਦਾ 'ਨਿਰਮਲ ਪੰਥ' 'ਨਾ ਕੋ ਹਿੰਦੂ ਨਾ ਮੁਸਲਮਾਨ' ਅਰਥਾਤ ਮਾਨਵ ਦਾ ਮੂਲ ਨਾ ਹਿੰਦੂ ਹੈ ਨਾ ਮੁਸਲਮਾਨ ਸਗੋਂ ਦੋਹਾਂ ਦਾ ਮੂਲ ਕੇਵਲ ਇੱਕੋ ਕਰਤਾ ਪੁਰਖ ਹੈ, ਦਾ ਸੁਨੇਹਾ ਲੈ ਕੇ ਆਇਆ ਸੀ। ਲਗਭਗ ਦੋ ਸਦੀਆਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੇਲੇ ਉਹੀ ਸੁਨੇਹਾ 'ਖਾਲਸਾ ਪੰਥ' ਦਾ ਰੂਪ ਧਾਰਨ ਕਰ ਗਿਆ ਤੇ ਵਰਣ ਭੇਦ ਮਿਟਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀਆਂ ਨੀਵੀਆਂ ਅਤੇ ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ ਨੂੰ ਬਰਾਬਰ ਦਰਜਾ ਦਿੰਦਿਆਂ ਮਾਨਵਤਾ ਦੇ ਇੱਕੋ ਨਿਆਰੇ ਸੂਤਰ ਵਿੱਚ ਪਰੋ ਦਿੱਤਾ। ਇਸ ਨਾਲ ਉਨ੍ਹਾਂ ਨੇ ਅੰਧ-ਵਿਸ਼ਵਾਸ, ਕਰਮ-ਕਾਂਡ, ਜਾਦੂ-ਟੂਣੇ, ਮੂਰਤੀ-ਪੂਜਾ ਆਦਿ ਵਹਿਮਾਂ-ਭਰਮਾਂ ਦਾ ਜੂਲਾ ਲਾਹ ਕੇ ਆਪਣੀ ਸੋਚ ਨੂੰ ਆਜ਼ਾਦ ਕਰ ਲਿਆ। ਵਿਸਾਖੀ ਵਾਲੇ ਦਿਨ ਦੀ ਇਹ ਇਤਿਹਾਸਕ ਸੱਚਾਈ ਹੈ ਕਿ ਖਾਲਸਾ ਪੰਥ ਦੀ ਸਾਜਨਾ ਅਜਿਹਾ ਇਨਕਲਾਬ ਸੀ ਜਿਸ ਨੇ ਗ਼ੁਲਾਮੀ ਦੀ ਘੂਕ ਨੀਂਦਰੇ ਸੁੱਤੀ ਕੌਮ ਨੂੰ ਜਗਾਇਆ। ਉਸ ਦਿਨ ਤੋਂ ਤਿਆਰ-ਬਰ-ਤਿਆਰ ਖਾਲਸਾ ਸੱਚ, ਅਣਖ ਤੇ ਆਜ਼ਾਦੀ ਦਾ ਐਸਾ ਪਹਿਰੇਦਾਰ ਬਣਿਆ ਕਿ ਊਚ ਨੀਚ, ਜਾਤ-ਪਾਤ ਦਾ ਭੇਦ-ਭਾਵ ਮਿਟਾ ਕੇ ਮਜ਼ਲੂਮਾਂ ਤੇ ਨਿਆਸਰਿਆਂ ਦਾ ਸਹਾਰਾ ਬਣ ਗਿਆ।

# ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਕਿਉਂ ਸੌਂਪੀ ?

ਪ੍ਰਿੰਸੀਪਲ ਕੰਵਲਪ੍ਰੀਤ ਕੌਰ
ਨਿਊਜ਼ੀਲੈਂਡ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਪ੍ਰਗਟ ਕੀਤਾ। ਵਿਦਵਾਨਾਂ, ਇਤਿਹਾਸਕਾਰਾਂ ਮੁਤਾਬਿਕ ਖ਼ਾਲਸੇ ਦੀ ਸਾਜਨਾ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਘਟਨਾ ਹੈ। ਹੋਰ ਕਿਧਰੇ ਵੀ ਇਹ ਮਿਸਾਲ ਨਹੀਂ ਲੱਭਦੀ ਕਿ ਕਿਸੇ ਗੁਰੂ ਨੇ, ਕਿਸੇ ਪੀਰ ਨੇ, ਕਿਸੇ ਰਹਿਬਰ ਨੇ ਆਪਣੇ ਚੇਲਿਆਂ ਨੂੰ ਆਪਣੇ ਬਰਾਬਰ ਦਾ ਦਰਜਾ ਦਿੱਤਾ ਹੋਵੇ। ਇਹ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾ ਕੇ ਕੀਤੀ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ, ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਜੋ ਸਿੱਖੀ ਦਾ ਬੂਟਾ ਲਾਇਆ, ਉਸ ਨੂੰ ਹੀ ਪ੍ਰਫੁਲਿਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ।

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਸ਼ੁੱਧ।' 1699 ਦੀ ਵਿਸਾਖੀ ਵਾਲੇ ਦਿਨ, ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਕੋਲੋਂ ਸੀਸ ਭੇਟ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ। ਇਨ੍ਹਾਂ ਵਿੱਚ ਲਾਹੌਰ ਤੋਂ ਦਯਾ ਰਾਮ, ਦਿੱਲੀ ਤੋਂ ਧਰਮ ਚੰਦ, ਦਵਾਰਕਾ ਤੋਂ ਮੁਹਕਮ ਚੰਦ, ਜਗਨਨਾਥਪੁਰੀ ਤੋਂ ਹਿੰਮਤ ਰਾਏ ਅਤੇ ਬਿਦਰ ਤੋਂ ਸਾਹਿਬ ਚੰਦ ਸ਼ਾਮਿਲ ਹਨ। ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ 'ਸਿੰਘ' ਯਾਨਿ ਸ਼ੇਰ ਦੀ ਉਪਾਧੀ ਬਖਸ਼ੀ। ਇਸ ਤਰ੍ਹਾਂ ਗੁਰੂ ਸਾਹਿਬ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਵਿਚਾਰਧਾਰਾ ਅਧੀਨ ਜਾਤ-ਪਾਤ ਅਤੇ ਊਚ-ਨੀਚ ਦਾ ਭੇਦ-ਭਾਵ ਖਤਮ ਕੀਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਇਨ੍ਹਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਆਪ ਵੀ 'ਸਿੰਘ' ਦਾ ਖਿਤਾਬ ਪ੍ਰਾਪਤ ਕੀਤਾ। 'ਆਪੇ ਗੁਰ ਚੇਲਾ' ਦੀ ਇਹ ਮਿਸਾਲ ਦੁਨੀਆਂ ਵਿਚ ਹੋਰ ਕਿਧਰੇ ਨਹੀਂ ਲੱਭਦੀ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਾਰੇ ਲਿਖਣ ਲਈ ਸਾਰੇ ਲਫਜ਼ ਛੋਟੇ ਪੈ ਜਾਂਦੇ ਹਨ ਅਤੇ ਨਾ ਹੀ ਇੰਨੀ ਸੋਝੀ ਹੈ ਕਿ ਕੁਝ ਲਿਖਿਆ ਜਾਵੇ। ਗੁਰੂ ਸਾਹਿਬ ਕਿਧਰੇ ਜੰਗ ਦੇ ਮੈਦਾਨ ਵਿਚ ਮਹਾਨ ਯੋਧੇ ਵਿਖਾਈ ਦਿੰਦੇ ਹਨ ਤੇ ਕਿਧਰੇ ਇੰਨੇ ਦਯਾਵਾਨ ਕਿ ਭਾਈ ਘਨ੍ਹਈਆ ਨੂੰ ਮੱਲ੍ਹਮ-ਪੱਟੀ ਦੇ ਰਹੇ ਹਨ। ਜਿਸ ਗੁਰੂ ਨੇ ਦਾਤਾ ਬਣ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ, ਉਹੀ ਗੁਰੂ ਜਾਚਕ ਬਣ ਕੇ ਖ਼ਾਲਸੇ ਤੋਂ ਅੰਮ੍ਰਿਤ ਦੀ ਦਾਤ ਮੰਗ ਰਹੇ ਹਨ। ਇਹ ਵਿਲੱਖਣਤਾ ਸਿਰਫ਼ ਖ਼ਾਲਸਾ ਪੰਥ ਦੇ ਹਿੱਸੇ ਆਈ ਹੈ। ਅਸੀਂ ਗੁਰੂ ਸਾਹਿਬ ਨੂੰ ਸਰਬੰਸਦਾਨੀ, ਸੰਤ-ਸਿਪਾਹੀ, ਦਰਵੇਸ਼, ਮਹਾਨ ਯੋਧੇ, ਮਹਾਨ ਗੁਰੂ, ਵਿਦਵਾਨ ਅਤੇ ਮਹਾਨ-ਕਵੀ ਕਹਿੰਦੇ ਹਾਂ।

ਪੰਜ ਪਿਆਰਿਆਂ ਦੀ ਮਹੱਤਤਾ: ਪੰਜਾਂ ਪਿਆਰਿਆਂ ਨੂੰ ਗੁਰੂ ਸਾਹਿਬ ਵੱਲੋਂ ਬਖਸਿਆ ਮਾਣ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਦਾ ਖ਼ਾਲਸੇ ਪ੍ਰਤੀ ਕਿੰਨਾ ਪਿਆਰ, ਕਿੰਨਾ ਸਨਮਾਨ ਅਤੇ ਕਿੰਨੀ ਨਿਮਰਤਾ ਹੈ।

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ

ਨਹੀਂ ਮੋਸੇ ਗਰੀਬ ਕਰੋਰ ਪਰੇ॥

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਦੀ ਅਗਵਾਈ ਕਰਨ ਦੀ ਜਿੰਮੇਵਾਰੀ ਸੌਂਪੀ। ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਨੇ ਇਹ ਸਮਝਾਇਆ ਕਿ ਪੰਜ ਪਿਆਰਿਆਂ ਦੀ ਅਗਵਾਈ ਗੁਰੂ 'ਤੇ ਵੀ ਲਾਗੂ ਹੁੰਦੀ ਹੈ। ਜਦੋਂ ਚਮਕੌਰ ਸਾਹਿਬ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦਿਆਂ ਸਮੇਤ ਕਈ ਸਿੰਘ ਸ਼ਹੀਦ ਹੋ ਗਏ ਤਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਵਾਸਤੇ ਕਿਹਾ। ਇਸ 'ਤੇ ਗੁਰੂ ਸਾਹਿਬ ਨੇ ਜਦੋਂ ਇਨਕਾਰ ਕਰ ਦਿੱਤਾ ਤਾਂ ਪੰਜ ਸਿੱਖਾਂ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਇਸ ਹੁਕਮ ਨੂੰ ਮੰਨਿਆ। ਜਦੋਂ ਗੁਰੂ ਸਾਹਿਬ ਨੇ ਬਾਬਾ ਬੰਦਾ ਬਹਾਦਰ ਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਪੰਜਾਬ ਭੇਜਿਆ ਤਾਂ ਵੀ ਪੰਜ ਸਿੰਘਾਂ ਦਾ ਜਥਾ ਨਾਲ ਭੇਜਿਆ ਅਤੇ ਇਹ ਵੀ ਕਿਹਾ ਕਿ ਇਨ੍ਹਾਂ ਪੰਜ ਸਿੱਖਾਂ ਦੀ ਸਲਾਹ ਨਾਲ ਹੀ ਸਾਰੇ ਫੈਸਲੇ ਲੈਣੇ ਹਨ।

ਭਾਈ ਕਾਹਨ ਸਿੰਘ ਮੁਤਾਬਿਕ ਸਿੱਖ ਇਤਿਹਾਸ ਵਿੱਚ ਪੰਜ ਸਿੱਖਾਂ ਤੋਂ ਸਲਾਹ ਲੈਣ ਦਾ ਜਿਕਰ ਇਸ ਤੋਂ ਪਹਿਲੇ ਵੀ ਆਉਂਦਾ ਹੈ, ਪਰ ਇਹ ਸਾਰੇ ਨਾਮ ਸਾਂਭੇ ਨਹੀਂ ਗਏ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਵੇਲੇ ਵੀ ਪੰਜ ਸਿੱਖ ਸਲਾਹਕਾਰਾਂ ਦਾ ਨਾਮ ਆਉਂਦਾ ਹੈ, ਜਿਸ ਵਿੱਚ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਣਾ, ਭਾਈ ਲੰਗਾਹ ਅਤੇ ਭਾਈ ਪੈੜਾ ਜੀ ਹਨ। ਇਸੇ ਤਰ੍ਹਾਂ ਨੌਂਵੀਂ ਪਾਤਸ਼ਾਹੀ ਵੇਲੇ ਵੀ ਪੰਜ ਸਿੱਖ-ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਊਦਾ ਅਤੇ ਭਾਈ ਗੁਰਦਿੱਤਾ ਜੀ ਦਾ ਨਾਮ ਆਉਂਦਾ ਹੈ।

ਸਿੱਖਾਂ ਨੇ ਪੰਜ ਪਿਆਰਿਆਂ ਦੇ ਫੈਸਲੇ ਨੂੰ ਹਮੇਸ਼ਾ ਅਹਿਮ ਮੰਨਿਆ ਅਤੇ ਸਤਿਕਾਰ ਦਿੱਤਾ। ਜਦੋਂ ਜ਼ਕਰੀਆ ਖਾਨ ਨੇ ਸਿੱਖਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ ਤਾਂ ਵੀ ਫੈਸਲਾ ਪੰਜ ਪਿਆਰਿਆਂ ਵਲੋਂ ਹੀ ਲਿਆ ਗਿਆ ਸੀ। ਜਦੋਂ ਪੰਜ ਪਿਆਰਿਆਂ ਨੇ ਘੋੜਿਆਂ ਦੀ ਸੇਵਾ ਕਰ ਰਹੇ ਸਰਦਾਰ ਕਪੂਰ ਸਿੰਘ ਨੂੰ ਨਵਾਬੀ ਲਈ ਚੁਣਿਆ ਤਾਂ ਸਰਦਾਰ ਕਪੂਰ ਸਿੰਘ ਨੇ ਕਿਹਾ ਕਿ ਨਵਾਬੀ ਪੰਜ ਪਿਆਰਿਆਂ ਦੇ ਚਰਨਾਂ ਨੂੰ ਛੁਹਾ ਕੇ ਦਿੱਤੀ ਜਾਵੇ। ਇਸ ਤਰ੍ਹਾਂ ਪੰਜ ਪਿਆਰਿਆਂ ਦਾ ਰੁਤਬਾ ਬਹੁਤ ਉਚਾ ਹੈ।

ਖਾਲਸਾ ਪੰਥ: ਇਤਿਹਾਸ ਦੇ ਪੰਨੇ ਫਰੋਲਣ 'ਤੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ ਉਸ ਦੌਰ ਵਿੱਚ ਹੋਇਆ, ਜਦੋਂ ਸਾਰਾ ਦੇਸ਼ ਬਹੁਤ ਤਪਸ਼ ਵਿਚੋਂ ਲੰਘ ਰਿਹਾ ਸੀ। ਦੇਸ਼ ਸਮਾਜਿਕ ਤਲ 'ਤੇ ਕਲੇਸ਼ ਵਿੱਚ ਸੀ, ਧਾਰਮਿਕ ਤਲ 'ਤੇ ਪਾਖੰਡ ਵਿੱਚ ਅਤੇ ਸਿਆਸੀ ਤਲ 'ਤੇ ਗੁਲਾਮੀ ਦੀਆਂ ਜ਼ੰਜੀਰਾਂ ਦੀ ਜਕੜ ਵਿੱਚ ਸੀ। ਗੁਰੂ ਸਾਹਿਬ ਨੇ ਕਈ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਕੁਰੀਤੀਆਂ ਅਤੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਚੁੱਕੀ। ਗੁਰੂ ਸਾਹਿਬ ਦੁਆਰਾ ਔਰਤਾਂ ਦੀ ਬਰਾਬਰੀ ਦੀ ਗੱਲ ਆਖਣਾ ਇੱਕ ਨਵਾਂ ਇਨਕਲਾਬ ਸ਼ੁਰੂ ਕਰਨਾ ਸੀ। ਇਸ ਦੌਰ ਤੋਂ ਖ਼ਾਲਸੇ ਦੀ ਸਾਜਨਾ ਤੱਕ ਕਰੀਬ 250 ਸਾਲ ਦਾ ਸਮਾਂ ਲੱਗਾ। ਸਿੰਘ ਦੀ ਉਪਾਧੀ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਅਣਖ ਨਾਲ ਜਿਊਣਾ ਸਿਖਾਇਆ। ਖ਼ਾਲਸੇ ਦੇ ਪ੍ਰਗਟ ਹੋਣ ਨੂੰ ਗੁਰੂ ਸਾਹਿਬ ਨੇ ਪਰਮਾਤਮਾ ਦਾ ਹੁਕਮ ਦੱਸਿਆ।

ਖਾਲਸਾ ਅਕਾਲ ਪੁਰਖ ਕੀ ਫੌਜ॥<br>ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਖ਼ਾਲਸਾ ਗੁਰੂ ਹੈ ਅਤੇ ਗੁਰੂ ਖ਼ਾਲਸਾ ਹੈ, ਇਸ ਕਰਕੇ ਕੋਈ ਵੀ ਇਨ੍ਹਾਂ ਵਿੱਚ ਫਰਕ ਨਾ ਸਮਝੇ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਆਪਣਾ ਪਰਿਵਾਰ, ਆਪਣੀ ਜਿੰਦ-ਜਾਨ ਅਤੇ ਰੂਹ ਵਿੱਚ ਸਮੋਂਦਿਆਂ ਸਨਮਾਨ ਬਖਸਿਆ। ਗੁਰੂ ਸਾਹਿਬ ਦਾ ਫੁਰਮਾਨ ਹੈ,

ਖ਼ਾਲਸਾ ਮੇਰੋ ਰੂਪ ਹੈ ਖਾਸ॥<br>ਖ਼ਾਲਸੇ ਮਿਹ ਹੌ ਕਰੌ ਨਿਵਾਸ॥<br>ਖ਼ਾਲਸਾ ਮੇਰੋ ਪਿੰਡ ਪਰਾਨ॥<br>ਖ਼ਾਲਸਾ ਮੇਰੀ ਜਾਨ ਕੀ ਜਾਨ॥<br>ਖ਼ਾਲਸਾ ਮੇਰੋ ਸਤਿਗੁਰ ਪੂਰਾ॥<br>ਖ਼ਾਲਸਾ ਮੇਰੋ ਸੱਜਨ ਸੂਰਾ॥<br>ਯਾ ਮੈ ਰੰਚ ਨ ਮਿਥਿਆ ਭਾਖੀ॥<br>ਪਾਰਬ੍ਰਹਮ ਗੁਰ ਨਾਨਕ ਸਾਖੀ॥

ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਬਾਅਦ ਸਰਬੰਸਦਾਨੀ ਪਿਤਾ ਨੇ ਐਲਾਨਿਆ,

ਇਨ ਪੁਤਰਨ ਕੇ ਸੀਸ ਪਰ<br>ਵਾਰ ਦੀਏ ਸੁਤ ਚਾਰ॥<br>ਚਾਰ ਮੂਏ ਤੋ ਕਯਾ ਭਇਆ<br>ਜੀਵਤ ਕਈ ਹਜ਼ਾਰ॥

ਇਸ ਤੋਂ ਸਹਿਜੇ ਹੀ ਖ਼ਾਲਸੇ ਦੀ ਅਹਿਮੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਜਬ ਲਗ ਖ਼ਾਲਸਾ ਰਹੇ ਨਿਆਰਾ॥<br>ਤਬ ਲਗ ਤੇਜ ਕੀਉ ਮੈਂ ਸਾਰਾ॥<br>ਜਬ ਇਹ ਗਹੈ ਬਿਪਰਨ ਕੀ ਰੀਤ॥<br>ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਜੇ ਗੁਰੂ ਸਾਹਿਬਾਨਾਂ ਦੇ ਜੀਵਨ ਵੱਲ ਝਾਤ ਮਾਰੀਏ ਅਤੇ ਖ਼ਾਲਸੇ ਨੂੰ ਸਮਝਣ ਦੀ ਕੋਸਿਸ਼ ਕਰੀਏ ਤਾਂ 'ਖਾਲਸਾ' ਉਹ ਹੈ, ਜੋ ਸਿਰਫ ਇੱਕ ਅਕਾਲ-ਪੁਰਖ ਨੂੰ ਹੀ ਮੰਨੇ, ਗੁਰੂ ਗ੍ਰੰਥ ਸਾਹਿਬ ਤੋਂ ਹੀ ਸੇਧ ਲਵੇ, ਜਿਸ ਦਾ ਆਚਰਣ ਉੱਚਾ ਤੇ ਸੁੱਚਾ ਹੋਵੇ, ਜੋ ਜ਼ੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਚੁੱਕੇ ਤੇ ਲੋੜਵੰਦਾਂ ਦੀ ਮਦਦ ਕਰੇ, ਜੋ ਕਥਨੀ ਅਤੇ ਕਰਨੀ ਦਾ ਪੂਰਾ ਹੋਵੇ, ਜੋ ਹੱਕ ਸੱਚ ਦੀ ਕਮਾਈ ਕਰੇ ਅਤੇ ਦਸਵੰਧ ਕੱਢੇ, ਜਿਸ ਵਿਚ ਕਿਸੇ ਪ੍ਰਤੀ ਵੈਰ ਵਿਰੋਧ ਦੀ ਭਾਵਨਾ ਨਾ ਹੋਵੇ। ਜੋ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਪਾ ਸਕੇ।

ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਬੀਬੀਆਂ ਦੇ ਸਿਦਕ ਨੂੰ ਅਸੀਂ ਹਰ ਰੋਜ਼ ਅਰਦਾਸ ਵਿੱਚ ਯਾਦ ਕਰਦੇ ਹਾਂ ਕਿ ਛੋਟੇ-ਛੋਟੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ, ਪਰ ਸਿੱਖੀ ਸਿਦਕ ਨਹੀਂ ਡੋਲਿਆ। ਜ਼ਰਾ ਸੋਚੀਏ, ਉਹ ਸਿੱਖੀ ਸਿਦਕ ਅੱਜ ਸਾਡੇ ਵਿੱਚ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖ਼ਾਲਸੇ ਲਈ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ, ਕੀ ਅਸੀਂ ਉਸ ਨੂੰ ਸੰਭਾਲਿਆ ਹੈ ? 'ਖਾਲਸਾ ਸਾਜਨਾ ਦਿਵਸ' ਮੌਕੇ ਜਿੱਥੇ ਗੁਰਦੁਆਰਿਆਂ ਵਿੱਚ ਵੱਡੇ-ਵੱਡੇ ਸਮਾਗਮ ਹੁੰਦੇ ਨੇ, ਕਥਾ-ਕੀਰਤਨ ਚੱਲਦੇ ਨੇ, ਲੰਗਰਾਂ ਵਿੱਚ ਅਨੇਕਾਂ ਪਦਾਰਥ ਬਣਦੇ ਨੇ, ਅਨੇਕਾਂ ਦਾਨ-ਪੁੰਨ ਕੀਤੇ ਜਾਂਦੇ ਨੇ, ਉਥੇ ਇਹ ਵੀ ਵਿਸ਼ਲੇਸ਼ਣ ਕਰੀਏ ਕਿ ਕਥਾ-ਕੀਰਤਨ ਵਿੱਚ ਮਨ ਕਿੰਨੇ ਕੁ ਜੁੜੇ, ਕੀ ਅਸੀਂ ਸਿੱਖੀ ਦੇ ਅਸਲ ਮਾਰਗ 'ਤੇ ਚੱਲ ਰਹੇ ਹਾਂ ? ਆਓ, ਇਸ ਖ਼ਾਲਸਾ ਸਾਜਨਾ ਦਿਵਸ ਮੌਕੇ ਆਪ ਵੀ ਇਤਿਹਾਸ ਪੜ੍ਹੀਏ, ਆਪਣੇ ਬੱਚਿਆਂ ਨੂੰ ਵੀ ਸੁਣਾਈਏ। ਆਪ ਵੀ ਸਿੱਖੀ ਦੇ ਮਾਰਗ 'ਤੇ ਤੁਰੀਏ ਅਤੇ ਬੱਚਿਆਂ ਨੂੰ ਵੀ ਤੋਰੀਏ ਤੇ ਆਪਣੀ ਕੌਮ ਦਾ ਨਿਆਰਾਪਨ ਬਰਕਰਾਰ ਰੱਖੀਏ।

# ਵੈਸਾਖੀ ਖ਼ਾਲਸਾ ਸਾਜਣਾ ਦਿਵਸ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਵੈਸਾਖ ਮਹੀਨੇ ਦੇ ਪਹਿਲੇ ਦਿਨ ਵੈਸਾਖੀ ਆਉਂਦੀ ਹੈ। ਇਸ ਸਮੇਂ ਮੌਸਮ ਵਿੱਚ ਤਬਦੀਲੀ ਆਉਂਦੀ ਹੈ। ਹਾੜੀ ਦੀ ਫਸਲ, ਕਣਕ ਦੀਆਂ ਵਾਢੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿੱਚ ਝੂਮਦਾ ਹੈ। ਵਿਸਾਖੀ ਦੇ ਸੱਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵੈਸਾਖੀ ਦਿਹਾੜਾ ਗੁਰਦੁਆਰਿਆਂ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ, ਇਸ ਦਿਨ ਵਿਸ਼ੇਸ਼ ਦੀਵਾਨ ਸਜਦੇ ਹਨ। ਅਖੰਡ ਪਾਠ , ਕਥਾ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ ਦਰਬਾਰ ਅਤੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਹਨ। ਇਸ ਤਰਾਂ ਵੈਸਾਖੀ ਦੇ ਸਜੇ ਦੀਵਾਨਾਂ ਵਿੱਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸਿੱਖ ਪੰਥ ਵਿੱਚ ਸੰਨ 1699 ਦੀ ਵਿਸਾਖੀ ਦਾ ਦਿਹਾੜਾ ਇੱਕ ਮਹੱਤਵਪੂਰਨ ਦਿਵਸ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਵਿੱਚ ਹੁਕਮਨਾਮੇ ਭੇਜੇ ਕਿ ਪਹਿਲੀ ਵੈਸਾਖ 1756 (30 ਮਾਰਚ 1699) ਨੂੰ ਸੰਗਤਾਂ ਅਨੰਦਪੁਰ ਸਾਹਿਬ ਪਹੁੰਚਣ। ਮਾਰਚ 30, ਕੇਸਗੜ੍ਹ ਦੇ ਕਿਲੇ ਵਿੱਚ ਦੀਵਾਨ ਸਜਾਇਆ ਗਿਆ। ਵੱਡੇ ਦੀਵਾਨ ਅਸਥਾਨ ਦੇ ਨਾਲ ਇੱਕ ਤੰਬੂ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਜੀ ਨੇ ਆਪਣੀ ਕਿਰਪਾਨ ਲਹਿਰਾਅ ਕੇ ਗਜਵੀਂ ਆਵਾਜ਼ ਵਿੱਚ ਫੁਰਮਾਇਆ : ਕੋਈ ਹੈ ਜੋ ਧਰਮ ਉੱਤੇ ਜਾਨ ਵਾਰਨ ਲਈ ਤਿਆਰ ਹੈ। ਇੱਕ ਸਨਾਟੇ ਵਿਚੋਂ ਭਾਈ ਦਇਆ ਰਾਮ ਲਾਹੌਰ ਵਾਲੇ ਉੱਠੇ ਤੇ ਆਪਣਾ ਸੀਸ ਭੇਂਟ ਕੀਤਾ। ਫਿਰ ਵਾਰੀ ਵਾਰੀ ਭਾਈ ਧਰਮ ਸਿੰਘ ਦਿੱਲੀ, ਭਾਈ ਹਿੰਮਤ ਰਾਏ ਜਗਨਨਾਥ ਪੁਰੀ, ਭਾਈ ਮੋਹਕਮ ਚੰਦ ਦੁਆਰਕਾ ਤੇ ਭਾਈ ਸਾਹਿਬ ਚੰਦ ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਗੁਰੂ ਹਵਾਲੇ ਕੀਤੇ। ਗੁਰੂ ਸਾਹਿਬ ਜੀ ਨੇ ਕਿਹਾ ਕਿ ਕਿਉਂਕਿ ਪੰਜਾਂ ਨੇ ਆਪੇ ਤੋਂ ਉਪਰ ਉਠ ਕੇ ਗੁਰੂ ਦੇ ਪਿਆਰੇ ਬਣੇ ਹਨ। ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਨਾਮ ਦਿਤਾ। ਫਿਰ ਪੰਜਾਂ ਤੋਂ ਆਪ ਅੰਮ੍ਰਿਤ ਛੱਕਣ ਦੀ ਯਾਚਨਾ ਕੀਤੀ ਤੇ ਅੰਮ੍ਰਿਤ ਛੱਕਿਆ। ਇਹ ਸਿੱਖ ਪੰਥ ਵਿੱਚ ਇੱਕ ਅਦੁੱਤੀ ਇਨਕਲਾਬ ਸੀ। ਭਾਈ ਗੁਰਦਾਸ ਜੀ ਅਨੁਸਾਰ

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਉਸ ਦਿਨ 3000 ਸਿੰਘਾਂ ਨੇ 'ਖੰਡੇ ਬਾਟੇ' ਦਾ ਅੰਮ੍ਰਿਤ ਛਕਿਆ। ਖਾਲਸਾ ਪੰਥ ਦੀ ਨੀਂਹ ਰਖੀ ਗਈ। ਉਦੋਂ ਇੱਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਲੋਕ ਸਨ। ਜਿੰਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜਾਲਮ ਹਾਕਮ ਜਿੰਨਾ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਦੇ ਨਾਲ ਵੱਡੀ ਫੋਜ਼ੀ ਤਾਕਤ ਸੀ। ਗੁਰੂ ਸਾਹਿਬ ਜੀ ਨੇ ਜਨ ਸਧਾਰਣ ਵਿੱਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗਾਂ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ, ਤਾਂ ਹੱਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਜਿਸ ਨਾਲ ਆਪਣੀ ਦੱਬੀ ਕੁੱਚਲੀ ਲਿਤਾੜੰ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਸਾਹਿਬ ਜੀ ਨੇ ਅਜਿਹਾ ਫੌਜ਼ੀ ਖਾਲਸਾ ਸਾਜਿਆ ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ। ਜਿਸਨੇ ਮੁਗਲ ਸਾਮਰਜ ਦੇ ਹਰ ਜਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਬਿਖੜੇ ਪੈਂਡਿਆਂ ਅਤੇ ਜੋਖਮਾਂ ਵਿਚੋਂ ਲੰਘ ਕੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰਿ ਧਰਿ ਤਲੀ ਗਲੀ ਮੇਰੀ ਆਉ॥ ਅੰਗ 1412

ਗੁਰੂ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਵੱਖ ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿੱਚ ਪਰੋ ਦਿਤਾ। ਨੀਚੋ ਊਚ ਕਰੇ ਮੇਰਾ ਸੁਆਮੀ ਦੇ ਪ੍ਰਵਚਨ ਨੂੰ ਪ੍ਰਤਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸ਼ਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰਖੀ। ਮੀਰੀ ਪੀਰੀ ਦੇ ਸਿੱਖ ਸਿਧਾਂਤ ਨੂੰ ਦ੍ਰਿੜ ਕਰਵਾਇਆ। ਗੁਰੂ ਸਾਹਿਬ ਜੀ ਨੇ ਕੌਮ ਦੀ ਅਗਵਾਈ ਕਰਦਿਆਂ ਗੁਰੂ ਪੰਥ ਦੇ ਸੰਕਲਪਿਤ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਤੇ ਖਾਲਸੇ ਦੇ ਸਬੰਧਾਂ ਨੂੰ ਹਲੀਮੀ ਭਾਵ ਵਿੱਚ ਕਿਹਾ ਕਿ

ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ
ਨਹੀ ਮੈ ਸੋ ਗਰੀਬ ਕਰੋੜ ਪਰੈ ॥

ਸਮੁੱਚੀ ਮਾਨਵਤਾ ਦੇ ਭਲੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚ ਆਤਮ ਬਲ ਅਤੇ ਸਵੈ ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਸਲੀ ਰੂਪ ਦਿਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ਼ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ

ਅਸੁਰ ਸਿੰਘਾਰਬੇ ਕੋ ਦੁਰਜਨ ਕੋ ਮਾਰ ਬੋ ਕੋ।
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ, ਨੀਵੀਂਆਂ ਜਾਤਾਂ ਦੇ ਨਿਕੰਮੇ ਸਮਝ ਜਾਂਦੇ ਸਨ, ਉਹਨਾਂ ਵਿੱਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿਤੀ।

ਸ੍ਰੀ ਅਸਿਪਾਨਜ਼ ਤਬੈ ਕਹਾਊਂ
ਚਿੜੀਆਂ ਤੋਂ ਜਬ ਬਾਜ਼ ਤੁੜਾਊਂ
ਜਾਂ
ਸਵਾ ਲਾਖ ਸੇ ਏਕ ਲੜਾਊਂ
ਤਬੈ ਗੋਬਿੰਦ ਸਿੰਘ ਨਾਮੁ ਕਹਾਊਂ
*******
ਲਘੁ ਜਾਤਨ ਕੋ ਬਡਪਨ ਦੇ ਹੈਂ
********
ਇਨਹੀ ਗਰੀਬ ਸਿੰਘਨ ਕੋ ਦੇਊਂ ਪਾਤਿਸ਼ਾਹੀ
ਯੇ ਯਾਦ ਕਰੇ ਹਮਰੀ ਗੁਰਆਈ।
ਜੀਵਤ ਰਹੇ ਤੋ ਰਾਜ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ

ਗੁਰੂ ਪਾਤਸ਼ਾਹ ਨੇ ਇੱਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ਼ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜ਼ਾਂ, ਝੂਠੇ ਕਰਮਕਾਡਾਂ, ਵੰਡੀਆਂ, ਮਨੂੰ ਸ਼ਾਸ਼ਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿਤਾ। ਖਾਲਸਾ ਕੇਵਲ ਇੱਕ ਸਰਬ ਸ਼ਕਤੀਮਾਨ ,ਸ੍ਰਿਸ਼ਟੀ ਦੇ ਸਾਜਨਹਾਰ , ਪਾਲਣਹਾਰ ਪ੍ਰਮੇਸ਼ਰ ੴ 'ਤੇ ਹੀ ਵਿਸ਼ਵਾਸ਼ ਰਖੇਗਾ। ਇੱਕ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰੇਗਾ। ਖਾਲਸਾ ਵਾਹਿਗੁਰੂ ਦਾ ਹੈ ਤੇ ਫਤਹਿ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲੀ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲ ਹੀਣ ਨਹੀ ਹਨ, ਸਗੋਂ ਉਹਨਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਨਣ ਦੀ ਲੋੜ ਹੈ। ਜੋ ਚੜਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ ਉਹ ਪਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪਰਮਾਤਮਾ ਦੀ ਆਸਥਾ ਵਿੱਚ ਗੁਰਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾ, ਵਹਿਮਾਂ, ਭਰਮਾਂ,ਪਾਖੰਡਾਂ ਦਾ ਵਿਰੋਧ ਕਰਦਾ ਹੈ । ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਮਾਇਆ ਆਈ, ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿਦਿਆ ਵਿੱਚ ਉਂਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੂਕੂਲ ਆਮ ਜਨਤਾ ਨਾਲ ਖੜੇ ਹੋਏ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਕਹਿਣੀ ਅਤੇ ਕਥਨੀ ਵਿੱਚ ਖਾਲਸਾ ਪੱਕਾ ਹੋਵੇ। ਮਨ ਵਿੱਚ ਹੋਰ ਮੁੱਖ ਵਿੱਚ ਹੋਰ ਨਾ ਹੋਵੇ। ਸੱਚਾਈ 'ਤੇ ਚਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਖਾਲਸਾ ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਪ੍ਰਮਾਤਮਾ ਨਾਲ ਸਿੱਧਾ ਰਾਬਤਾ ਬਣਾਵੇ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਮੁਕਤੀ ਦਾ ਹੱਕਦਾਰ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਵਿਕਾਰਾਂ ਤੋਂ ਬਚਾ ਕੇ ਸ਼ਕਤੀ ਪ੍ਰਦਾਨ ਕਰਕੇ ਜੋਰਾਵਰ ਬਣਾ ਦਿੱਤਾ। ਗੁਰੂ ਸਾਹਿਬ ਜੀ ਦੀ ਉੱਤਮ ਉਪਦੇਸ਼ ਹੈ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਜਨੀਤਕ ਅਤੇ ਵਿਵਹਾਰ ਵਿੱਚ ਸੂਝਵਾਨ ਬਣੇ।

ਅੰਤਿਕਾ : ਵੈਸਾਖੀ ਸਿੱਖ ਪੰਥ ਦਾ ਅਨਿਖੜਵਾਂ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਰਕੇ ਇਹ ਸਿੱਖਾਂ ਦਾ ਮਹੱਤਵਪੂਰਨ ਦਿਹਾੜਾ ਹੈ। ਵੈਸਾਖੀ ਮਨਾਉਣ ਦਾ ਅਸਥਾਨ ਅੰਮ੍ਰਿਤਸਰ ਬਣ ਗਿਆ ਸੀ। ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਤੋਂ ਹੈ, ਜੋ ਸਿੱਖ ਧਰਮ ਦਾ ਕੇਂਦਰ ਬਣਿਆ ਹੈ ਸਿੱਖ ਇਤਿਹਾਸ ਦੀਪਮਾਲਾ ਅਤੇ ਵੈਸਾਖੀ ਨਾਲ ਜੁੜਿਆ ਹੈ। ਵੈਸਾਖੀ ਸਾਡੇ ਲਈ ਉਹ ਦਿਹਾੜਾ ਬਣ ਗਿਆ ਜੋ ਸਾਨੂੰ ਜ਼ੁਲਮਾਂ ਦਾ ਟਾਕਰਾ ਕਰਨ ਲਈ ਪ੍ਰੇਰਨਾ ਦਿੰਦਾ ਹੈ। ਪੰਥ ਭਲਾਈ ਲਈ ਗੁਰਮਤੇ ਕਰਨ ਦਾ ਮੌਕਾ ਦਿੰਦਾ ਹੈ। ਕੌਮ ਨੂੰ ਮਜਬੂਤ ਕਰਨ ਦਾ ਉਤਸ਼ਾਹ ਭਰਦਾ ਹੈ। ਵੈਸਾਖੀ ਖਾਲਸੇ ਦਾ ਪ੍ਰਣ ਹੈ ਕਿ ਉਹ ਜ਼ੁਲਮਾਂ ਨਲ ਟਕਰਾਉਂਦਾ ਰਹੇਗਾ ਅਤੇ ਅਤਿਆਚਾਰ ਦਾ ਮੁਕਾਬਲਾ ਕਰਨ ਲਈ ਤਤਪਰ ਰਹੇਗਾ, ਚੜ੍ਹਦੀਕਲਾ ਵਿੱਚ ਵੱਧਦਾ ਰਹੇਗਾ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375




# ਸਮਾਜ 'ਚ ਔਰਤਾਂ ਨੂੰ ਮਾਣ-ਸਨਮਾਨ ਜ਼ਰੂਰੀ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**

ਭਾਰਤੀ ਸਮਾਜ ਦੀਆਂ ਜੜ੍ਹਾਂ ਉਸ ਸਮਾਜ ਵਿੱਚ ਹਨ ਜਿਥੇ ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਗ਼ੁਲਾਮਾਂ ਵਰਗੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਸੀ। ਉਸ ਨੂੰ ਜਨਮ ਸਮੇਂ ਸਰਾਪ, ਵਿਆਹ ਸਮੇਂ ਭਾਰ ਅਤੇ ਵਿਆਹ ਤੋਂ ਬਾਅਦ ਬੋਝਲ ਤੇ ਅਨੇਕ ਪ੍ਰਕਾਰ ਦੇ ਦਬਾਵਾਂ ਹੇਠ ਜਿਊਣਾ ਪੈਂਦਾ ਸੀ। ਔਰਤ ਸਮੇਂ ਸਮੇਂ ਹਿੰਸਾ, ਸ਼ੋਸ਼ਣ ਤੇ ਅਪਰਾਧ ਦੀ ਸ਼ਿਕਾਰ ਹੁੰਦੀ ਰਹੀ ਹੈ। ਇੱਕੀਵੀਂ ਸਦੀ ਤੱਕ ਪਹੁੰਚ ਕੇ ਔਰਤ ਅਬਲਾ ਨਹੀਂ ਸੀ ਰਹਿਣੀ ਚਾਹੀਦੀ ਪਰ ਭਾਰਤ ਵਰਗੇ ਦੇਸ਼ ਵਿੱਚ ਔਰਤ ਅਜੇ ਵੀ ਬਹੁਤੀਆਂ ਹਾਲਤਾਂ ਵਿੱਚ ਗੁਰਬਤ, ਜਹਾਲਤ, ਅਨਪੜ੍ਹਤਾ, ਅਗਿਆਨਤਾ, ਗ਼ੁਲਾਮੀ ਆਦਿ ਦੀ ਅਵਸਥਾ ਵਿੱਚ ਵਿਚਰ ਰਹੀ ਹੈ। ਕੋਈ ਸਮਾਂ ਸੀ ਜਦੋਂ ਧੀ ਦੇ ਜਨਮ ਲੈਣ ਨਾਲ ਪੁਰਸ਼ ਸਮਾਜ ਆਪਣੇ ਮਾਣ-ਸਨਮਾਨ ਨੂੰ ਢਾਹ ਲੱਗਣ ਬਾਰੇ ਸੋਚਦਾ ਸੀ। ਧੀਆਂ ਨੂੰ ਜਨਮ ਸਾਰ ਮਾਰ ਦਿੱਤਾ ਜਾਂਦਾ ਸੀ। ਉਸ ਨੂੰ ਪਰਾਇਆ ਧਨ ਦੀ ਸੰਗਿਆ ਦਿੱਤੀ ਜਾਂਦੀ ਹੈ। ਧੀਆਂ ਵੱਲ ਅਜਿਹਾ ਰਵੱਈਆ ਸਮਾਜ ਦੀ ਵਿਡੰਬਨਾ ਰਹੀ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਮਾਪੇ ਆਪਣੇ ਘਰ ਪੁੱਤਰ ਦੇ ਜਨਮ ਲੈਣ ਦੀਆਂ ਅਰਜੋਈਆਂ ਕਰਦੇ ਹਨ। ਹਕੀਕਤ ਇਹ ਸਮਝਣੀ ਚਾਹੀਦੀ ਹੈ ਕਿ ਧੀਆਂ ਘਰ ਵਾਸਤੇ ਦਾਤ ਹੁੰਦੀਆਂ ਹਨ। ਧੀਆਂ ਨਾਲ ਘਰ ਵਿੱਚ ਬਰਕਤਾਂ ਦਾ ਵਾਧਾ ਹੁੰਦਾ ਹੈ। ਫਿਰ ਵੀ ਦੇਖਣ ਵਿੱਚ ਆਉਂਦਾਹੈ ਕਿ ਸਮਾਜ ਵਿੱਚ ਉਸ ਨੂੰ ਅਧੀਨ/ਨਿਮਨ ਸਥਿਤੀ ਵਿੱਚ ਰੱਖ ਕੇ ਦੇਖਣ ਦੀ ਮਾਨਸਿਕਤਾ ਅਜੇ ਵੀ ਕਾਇਮ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਸਰਕਾਰੀ ਪੱਧਰ 'ਤੇ ਅਤੇ ਗੈਰ-ਸਰਕਾਰੀ ਸਮਾਜਿਕ ਸੰਸਥਾਵਾਂ ਵੱਲੋਂ ਕਦੇ ਬਾਲੜੀ ਦਿਵਸ, ਕਦੇ ਧੀ ਦਿਵਸ, ਕਦੇ ਕੌਮਾਂਤਰੀ ਮਹਿਲਾ ਦਿਵਸ, ਕਦੇ ਮਾਂ ਦਿਵਸ ਮਨਾਏ ਜਾਂਦੇ ਹਨ। ਸਿਰਫ਼ ਕਾਰਵਾਈ ਪਾਉਣ ਵਾਸਤੇ ਅਜਿਹੇ ਦਿਵਸ ਮਨਾਉਣ ਦਾ ਓਨਾ ਚਿਰ ਤੱਕ ਕੋਈ ਫਾਇਦਾ ਨਹੀਂ ਜਿੰਨਾ ਚਿਰ ਔਰਤ ਦੀ ਭਲਾਈ ਹਿਤ ਵਾਲੀਆਂ ਸਕੀਮਾਂ ਔਰਤਾਂ ਦੇ ਅਸਲ ਲੋੜਵੰਦ ਵਰਗ ਤੱਕ ਨਹੀਂ ਪਹੁੰਚਦੀਆਂ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਨਹੀਂ ਹੁੰਦਾ।



ਔਰਤ ਹੁਣ ਪੜ੍ਹ ਲਿਖ ਕੇ, ਨੌਕਰੀ ਕਰ ਕੇ, ਉੱਚੀਆਂ ਪਦਵੀਆਂ ਹਾਸਲ ਕਰ ਕੇ ਆਤਮ-ਨਿਰਭਰ ਹੋ ਰਹੀ ਹੈ ਤੇ ਸਮਾਜ ਵਿੱਚ ਆਪਣਾ ਮਾਣ-ਸਨਮਾਨ ਵਧਾ ਰਹੀ ਹੈ। ਇਸ ਪਿੱਛੇ ਉਸ ਦੀ ਮਿਹਨਤ ਕੰਮ ਕਰਦੀ ਨਜ਼ਰ ਆਉਂਦੀ ਹੈ। ਕੁਝ ਕਰ ਦਿਖਾਉਣ ਦਾ ਇਰਾਦਾ ਉਸ ਨੂੰ ਪੁਰਸ਼ ਦੇ ਬਰਾਬਰ ਲਿਆ ਰਿਹਾ ਹੈ। ਉੱਚੇ ਅਹੁਦਿਆਂ 'ਤੇ ਪਹੁੰਚ ਕੇ, ਨਾਮਣਾ ਖੱਟਣ ਵਾਲੀਆਂ ਵੱਡੇ ਨਾਵਾਂ ਵਾਲੀਆਂ ਔਰਤਾਂ, ਔਰਤ ਦੇ ਆਤਮ-ਸਨਮਾਨ ਤੇ ਗੌਰਵ ਦਾ ਬਿੰਬ ਬਣ ਗਈਆਂ ਹਨ।

ਔਰਤ ਨੂੰ ਸਮਾਜ ਵਿੱਚ ਉਸ ਦੇ ਹਿੱਸੇ ਦਾ ਮਾਣ-ਸਨਮਾਨ ਜ਼ਰੂਰੀ ਹੈ। ਅਜਿਹੇ ਮੁਕਾਮ ਤੱਕ ਪਹੁੰਚਣ ਲਈ ਉਸ ਨੂੰ ਸਮਾਜਿਕ ਆਰਥਿਕ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ। ਔਰਤ ਨੂੰ ਮਿਲਣ ਵਾਲੇ ਸਮਾਜਿਕ ਆਰਥਿਕ ਅਧਿਕਾਰਾਂ ਦੇ ਸਬੰਧ ਵਿੱਚ ਬਹੁਤੇ ਕਾਨੂੰਨ ਹੁਣ ਉਸ ਦੇ ਹੱਕ ਵਿੱਚ ਭੁਗਤਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਨੂੰ ਔਰਤ ਵੱਲ ਆਪਣੀ ਸੋਚ, ਨਜ਼ਰੀਆ ਅਤੇ ਵਿਹਾਰ ਬਦਲਣ ਦੀ ਲੋੜ ਹੈ।



ਸਮਾਜਿਕ ਸਰੋਕਾਰਾਂ ਨਾਲ ਜੁੜੇ ਚਿੰਤਕਾਂ ਤੇ ਸਮਾਜ ਵਿਗਿਆਨੀਆਂ ਨੇ ਭਾਰਤੀ ਮਹਿਲਾਵਾਂ ਦੀ ਪ੍ਰਤਿਭਾ, ਸ਼ਕਤੀ ਤੇ ਸਮਰੱਥਾ ਨੂੰ ਦੇਖਦਿਆਂ ਉਨ੍ਹਾਂ ਨੂੰ ਦੇਸ਼ ਵਿੱਚੋਂ ਗ਼ਰੀਬੀ ਘਟਾਉਣ ਲਈ ਉੱਤਮ, ਪ੍ਰਭਾਵਸ਼ਾਲੀ ਅਤੇ ਕਾਰਗਰ ਹਥਿਆਰ ਮੰਨਿਆ ਹੈ। ਸਮਾਜਿਕ ਆਰਥਿਕ ਤੌਰ 'ਤੇ ਆਜ਼ਾਦ ਹੋ ਕੇ ਹੀ ਭਾਰਤੀ ਔਰਤ ਅੰਦਰ ਸਵੈ-ਮਾਣ, ਸਵੈ-ਭਰੋਸਗੀ ਤੇ ਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਪਨਪ ਸਕਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤ ਨੇ ਆਪਣੀ ਸੂਝ, ਮਿਹਨਤ, ਸਵੈ-ਵਿਸ਼ਵਾਸ, ਦ੍ਰਿੜ ਇਰਾਦੇ, ਹਿੰਮਤ, ਸਿਦਕ ਨਾਲ ਅਨੇਕ ਮੱਲਾਂ ਮਾਰੀਆਂ ਹਨ। ਉਸ ਨੇ ਆਪਣੀ ਹੀ ਨਹੀਂ, ਘਰ ਪਰਿਵਾਰ ਅਤੇ ਦੇਸ਼ ਦੀ ਆਰਥਿਕਤਾ ਵਿੱਚ ਵੀ ਸੁਧਾਰ ਲਿਆਂਦਾ ਹੈ ਪਰ ਅੱਜ ਵੀ ਬਹੁਤ ਸਾਰੇ ਪ੍ਰਸ਼ਨਾਂ ਮੂੰਹ ਅੱਡੀ ਖੜ੍ਹੇ ਹਨ। ਉਪਰਲੀ ਚਰਚਾ ਦੇ ਆਧਾਰ 'ਤੇ ਔਰਤ ਦੀ ਹਾਲਤ ਦਾ ਇੱਕ ਪਾਸਾ ਧੁੰਦਲਾ ਨਜ਼ਰ ਆਉਂਦਾ ਹੈ, ਦੂਜਾ ਰੌਸ਼ਨ। ਜੇ ਧੁੰਦਲੇ ਪਾਸੇ ਵਾਲੀ ਔਰਤ ਰੌਸ਼ਨ ਪਾਸੇ ਵਾਲੀ ਔਰਤ ਦੇ ਹਾਸਲਾਂ ਨੂੰ ਸਮਝ ਕੇ, ਉਸ ਨੂੰ ਆਪਣਾ ਆਦਰਸ਼ ਮੰਨ ਕੇ ਮਿਹਨਤ ਦਾ ਲੜ ਫੜ ਲਵੇ ਤਾਂ ਉਹ ਵੀ ਸਮਾਜਿਕ, ਆਰਥਿਕ ਆਜ਼ਾਦੀ ਹਾਸਲ ਕਰ ਕੇ ਸ਼ਕਤੀਸ਼ਾਲੀ ਬਣ ਸਕਦੀ ਹੈ। ਅਜਿਹੀ ਹਾਲਤ ਵਿੱਚ ਮਹਿਲਾ ਸ਼ਕਤੀਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।



# ਨਾਰੀ ਅੰਦੋਲਨਾਂ

## ਦੀ ਠੀਕ ਦਿਸ਼ਾ ਨਿਰਧਾਰਿਤ ਕਰਨ ਦੀ ਲੋੜ

**ਡਾ. ਅਰਵਿੰਦਰ ਕੌਰ ਕਾਕੜਾ**

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ, ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜਿਕ ਜੜ੍ਹਾਂ ਜਮਾਈ ਬੈਠੀ ਹੈ। ਇਸੇ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮੱਰਾ ਜ਼ਿੰਦਗੀ ਵਿਚੋਂ ਪਛਾਣਿਆ ਜਾ ਸਕਦਾ ਹੈ ਜਿਸ ਦੇ ਅਨੇਕ ਪੱਖ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਨੂੰ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਕਿਤੇ ਔਰਤ ਨੂੰ ਨੀਵਾਂ ਦਿਖਾਉਂਦਿਆਂ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ 'ਤੇ ਮਰਦਾਵੀਂ ਹੈਂਕੜ ਸ਼ਰਾਬ ਦਾ ਗਲਾਸ ਉਸ ਵੱਲ ਵਗ੍ਹਾ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਕਤਲ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ ਜਿਸ ਕਾਰਨ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।

ਅਸਲ ਵਿੱਚ ਔਰਤ ਨੂੰ ਮਹਿਜ਼ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦਾ ਬਿੰਬ ਹੋਰ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਹੋਵੇ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ ਸਿਰ ਮੜ੍ਹਿਆ ਜਾਂਦਾ ਹੈ। ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦਰਿਤ ਹਨ। ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ।



ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ, ਦੂਜੇ ਪਾਸੇ ਮੱਧਯੁਗ ਦੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰ-ਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਨ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹਖਿੱਚੂ ਸੋਚ ਦੇ ਧਾਰਨੀ ਬਣਦੇ ਤੇ ਬੱਚੇ ਆਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀਂ ਘਟਨਾ ਦਾ ਡਰ ਨਹੀਂ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਚਾ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤੱਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਰੁਤਬੇ 'ਤੇ ਟਿਕਿਆ ਹੈ। ਦੂਜੇ ਪਾਸੇ, ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਜ਼ਾਦੀ ਦੇ ਨਾਂ 'ਤੇ ਖੁੱਲ੍ਹਾਂ ਲੈ ਰਹੀ ਹੈ। ਕਾਮੁਕਤਾ ਅਤੇ ਜਿਸਮਾਨੀ ਖਿੱਚ ਦੇ ਬੁਰੇ ਵੀ ਨਤੀਜੇ ਆ ਰਹੇ ਹਨ। ਪਿਆਰ ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਖੜੀ ਮਾਨਸਿਕਤਾ, ਮਰਦਾਵੀਂ ਹੈਂਕੜ, ਔਰਤ ਦੀ ਸਥਿਤੀ

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਮਹਿਕ ਵਤਨ ਦੀ'



**ਜਗਦੀਸ਼ ਕੌਰ ਮਾਨ**

ਉਸ ਦਿਨ ਐਤਵਾਰ ਹੋਣ ਕਾਰਨ ਸਾਰਾ ਪਰਿਵਾਰ ਘਰ ਹੀ ਸੀ। ਐਤਵਾਰ ਨੂੰ ਮਜ਼ਾਕ ਨਾਲ ਵਖਤਵਾਰ ਕਹਿਣ ਵਾਲੀ ਉਸਦੀ ਪਤਨੀ ਸਵੇਰ ਤੋਂ ਹੀ ਘਰੇਲੂ ਕੰਮਾਂ ਕਾਰਾਂ ਵਿੱਚ ਉਲਝੀ ਹੋਈ ਸੀ। ਉਸ ਨੇ ਤਕਰੀਬਨ ਘਰ ਦਾ ਸਾਰਾ ਹੀ ਕੰਮ ਨਿਬੇੜ ਲਿਆ ਸੀ। ਸਵੇਰ ਦੇ ਸਾਢੇ ਨੌਂ ਦਾ ਸਮਾਂ ਹੋ ਚੁੱਕਾ ਸੀ ਪਰ ਪਤੀ ਅਜੇ ਵੀ ਅਖ਼ਬਾਰ ਤੋਂ ਨਜ਼ਰਾਂ ਹਟਾਉਣ ਦਾ ਨਾਂ ਨਹੀਂ ਸੀ ਲੈ ਰਿਹਾ। ਪਤਨੀ ਦੇ ਮਨ ਵਿੱਚ ਖਿੱਝ ਆ ਰਹੀ ਸੀ ਇਹ ਕੀ ਪੜ੍ਹਦੇ ਰਹਿੰਦੇ ਨੇ ਸਾਰਾ ਦਿਨ ਅਖ਼ਬਾਰਾਂ 'ਚ? ਐਡਾ ਚਸਕਾ ਵੀ ਕੀ ਆਖ! ਬਈ ਛੁੱਟੀ ਵਾਲੇ ਦਿਨ ਵੀ ਬੰਦਾ ਸਭ ਕਾਸੇ ਤੋਂ ਬੇਨਿਆਜ ਹੋ ਕੇ ਸਾਰਾ ਸਮਾਂ ਅਖ਼ਬਾਰ ਨਾਲ ਹੀ ਚਿੰਬੜਿਆ ਰਹੇ, ਹੇਠੋਂ ਉੱਤੋਂ ਹਫ਼ਤੇ ਵਿੱਚ ਕੁੱਲ ਇਕੋ ਹੀ ਤਾਂ ਛੁੱਟੀ ਹੁੰਦੀ ਏ ਐਤਵਾਰ ਦੀ, ਉਸ ਦਿਨ ਵੀ ਬੰਦਾ ਇਉਂ ਰੁੱਝਿਆ ਰਹੇ ਫੇਰ ਮੇਰੇ ਵਰਗੀ ਘਰ ਦੀ ਕਬੀਲਦਾਰੀ ਦੀ ਕੋਈ ਗੱਲ ਕਿਹੜੇ ਵੇਲੇ ਸਾਂਝੀ ਕਰੇ ਇਹੋ ਜਿਹੇ ਬੰਦੇ ਨਾਲ? ਗੁੱਸੇ ਨਾਲ ਉਬਲਦੀ ਹੋਈ ਉਹ ਪਤੀ ਦੀ ਕੁਰਸੀ ਲਾਗੇ ਜਾ ਖੜ੍ਹੀ ਹੋਈ ਤੇ ਬੋਲੀ , ਕਦੇ ਘਰ ਦੇ ਮਸਲਿਆਂ ਵਾਸਤੇ ਵੀ ਭੋਰਾ ਮਾਸਾ ਟੈਮ ਕੱਢ ਲਿਆ ਕਰੋ, ਸਾਰਾ ਦਿਨ ਏਸ ਅਖ਼ਬਾਰ ਜਿਹੇ ਨਾਲ ਈ ਅੱਖਾਂ ਜੋੜੀ ਰੱਖਦੇ ਓਂ। ਉਸਨੇ ਆਪਣੇ ਵਲੋਂ ਤਕੜਾ ਨਿਹੋਰਾ ਮਾਰਦਿਆਂ ਕਿਹਾ।

ਹਾਂ! ਹੁਣ ਦੱਸ ਕੀ ਗੱਲ ਐ? ਅਖ਼ਬਾਰ ਪਰ੍ਹੇ ਹਟਾਉਂਦਿਆਂ ਉਸ ਨੇ ਵੀ ਮੱਥੇ 'ਤੇ ਤਿਊੜੀ ਪਾ ਲਈ ਸੀ।

ਗੱਲ ਕਿਤੇ ਇੱਕ ਅੱਧੀ ਹੁੰਦੀ ਏ, ਕਬੀਲਦਾਰੀ ਦੀਆਂ ਸਮੱਸਿਆਵਾਂ ਤੁਹਾਨੂੰ ਕਿਹੜਾ ਦਿਸਦੀਆਂ ਨ੍ਹੀਂ, ਦੋਵੇਂ ਕੁੜੀਆਂ ਕੋਠਿਉਂ ਉੱਚੀਆਂ ਹੋਈਆਂ ਪਈਆਂ ਨੇ, ਇਨ੍ਹਾਂ ਦੇ ਵਿਆਹ ਮੰਗਣੇ ਦੀ ਵੀ ਕੋਈ ਸਲਾਹ ਬਲਾਹ ਕਰਨੀ ਹੁੰਦੀ ਐ ਆਪਾਂ ਦੋਹਾਂ ਜੀਆਂ ਨੇ ਕਿ ਨਹੀਂ? ਤੁਹਾਨੂੰ ਤਾਂ ਨਾ ਕੋਈ ਫ਼ਿਕਰ ਨਾ ਫਾਕਾ, ਕਦੇ ਕੀਤੀ ਏ ਕੁੜੀਆਂ ਬਾਰੇ ਮੇਰੇ ਨਾਲ ਗੱਲ? ਬੱਸ ਛੁੱਟੀ ਵਾਲੇ ਦਿਨ ਆਹ ਅਖ਼ਬਾਰ ਜਿਹਾ ਲੈ ਕੇ ਬੈਠ ਜਾਂਦੇ ਹੋ। ਅੱਛਾ! ਅੱਛਾ! ਹੁਣ ਸਮਝਿਆਂ ਮੈਂ, ਮੈਡਮ ਜੀ ਦੀ ਨਰਾਜ਼ਗੀ ਦਾ ਕਾਰਨ, ਓ ਭਲੀਏ ਲੋਕੇ! ਹੋਰ ਭਲਾਂ ਮੈਂ ਕੀ ਕਰੀ ਜਾਨਾਂ ਸਵੇਰ ਦਾ? ਇਸੇ ਕੰਮ ਵਾਸਤੇ ਤਾਂ ਮੈਂ ਮਗ਼ਜ਼ ਪਚੀ ਕਰੀ ਜਾਨੈਂ ਮੂੰਹ ਝਾਖਰੇ ਦਾ, ਪੰਜਾਬੀ ਦੇ ਮਸ਼ਹੂਰ ਅਖ਼ਬਾਰਾਂ 'ਚ ਹਰ ਐਤਵਾਰ ਤਿੰਨ ਚਾਰ ਵਰਕੇ ਬਾਹਰਲੇ/ਅੰਦਰਲੇ ਰਿਸ਼ਤਿਆਂ ਦੀ ਐਡ ਨਾਲ ਹੀ ਭਰੇ ਹੁੰਦੇ ਨੇ, ਉਹੀ ਤਾਂ ਮੈਂ ਵੇਖੀ ਜਾਨਾਂ ਸਵੇਰ ਦਾ, ਹੋਰ ਕਿਤੇ ਤੇਰੇ ਭਾਅ ਦਾ ਮੈਨੂੰ ਕੋਈ ਫ਼ਿਕਰ ਈ ਨੀਂ ਆਵਦੀਆਂ ਧੀਆਂ ਦਾ?

ਬਲਵੀਰ ਸਿੰਘ ਦੀ ਗੱਲ ਸੁਣ ਕੇ ਤੇਜ ਕੌਰ ਦਾ ਗੁੱਸਾ ਕਫੂਰ ਹੋ ਗਿਆ ਸੀ। ਫਿਰ ਉਹ ਸਹਿਜ ਨਾਲ ਬੋਲੀ, ਫੇਰ ਆਇਆ ਕੋਈ ਚੱਜ ਹਾਲ ਦਾ ਰਿਸ਼ਤਾ ਨਿਗ੍ਹਾ 'ਚ ਕਿ ਨਹੀਂ? ਦਰਅਸਲ ਮੈਂ ਆਪਣੀ ਜੱਸੀ ਵਾਸਤੇ ਕਿਸੇ ਬਾਹਰਲੇ ਰਿਸ਼ਤੇ ਦੀ ਤਲਾਸ਼ ਵਿੱਚ ਹਾਂ, ਕੋਈ ਵਧੀਆ ਜਿਹਾ ਬਾਹਰਲਾ ਰਿਸ਼ਤਾ ਮਿਲ ਜਾਵੇ, ਕੇਰਾਂ ਤਾਂ ਆਪਣੀ ਬੱਲੇ-ਬੱਲੇ ਹੋਜੂ ਸਾਰੇ ਪਿੰਡ 'ਚ।

ਦੇਖ ਲਓ! ਮਰਜ਼ੀ ਏ ਥੋਡੀ ਪਰ ਇਨ੍ਹਾਂ ਬਾਹਰਲਿਆਂ ਨੇ ਤਾਂ ਬਾਹਲੇ ਈ ਮੂੰਹ ਅੱਡੇ ਹੁੰਦੇ ਐ, ਇਨ੍ਹਾਂ ਨਾਲ ਮੱਥਾ ਲਾਉਣਾ ਕਿਤੇ ਖਾਲਾ ਜੀ ਦਾ ਵਾੜਾ ਏ ਚੱਲ ਦੇਖੀ ਜਾਊ ਫੇਰ, ਪਰ ਮੇਰੀ ਤਾਂ ਦਿਲੀ ਤਮੰਨਾ ਇਹੀ ਐ।

ਇਸ ਜੋੜੇ ਦੇ ਘਰ ਤਿੰਨ ਬੱਚੇ ਸਨ ਦੋਵੇਂ ਬੇਟੀਆਂ ਜਸਦੀਪ ਤੇ ਕੁਲਦੀਪ ਵੱਡੀਆਂ ਸਨ ਤੇ ਬੇਟਾ ਜਸਕਰਨ ਦੋਹਾਂ ਕੁੜੀਆਂ ਤੋਂ ਛੋਟਾ ਸੀ। ਜਸਦੀਪ ਨੇ ਬੀ. ਏ. ਕਰਕੇ ਫੈਸ਼ਨ ਡਿਜ਼ਾਇਨਿੰਗ ਦਾ ਕੋਰਸ ਕੀਤਾ ਹੋਇਆ ਸੀ। ਛੋਟੀ ਕੁੜੀ ਬੀ.ਐੱਸ.ਸੀ. ਕਰ ਰਹੀ ਸੀ। ਜਸਕਰਨ ਅੱਠਵੀਂ ਜਮਾਤ ਵਿੱਚ ਪੜ੍ਹਦਾ ਸੀ। ਜਸਦੀਪ ਦੇ ਮਨ ਦੀ ਤਮੰਨਾ ਸੀ ਕਿ ਉਸ ਦਾ ਵਿਆਹ ਕਿਸੇ ਫ਼ੌਜੀ ਅਫ਼ਸਰ ਨਾਲ ਹੋਵੇ। ਸਕੂਲ ਕਾਲਜ ਪੜ੍ਹਦਿਆਂ ਉਹ ਦੇਸ਼ ਪਿਆਰ ਦੀਆਂ ਕਵਿਤਾਵਾਂ ਤੇ ਗੀਤ ਬੜੇ ਜੋਸ਼-ਖਰੋਸ਼ ਨਾਲ ਗਾਇਆ ਕਰਦੀ ਸੀ।

ਇੱਕ ਵਾਰ ਸਰਦੀਆਂ ਦੇ ਮੌਸਮ ਵਿੱਚ ਗੁਆਂਢੀ ਦੇਸ਼ ਨਾਲ ਜੰਗ ਲੱਗੀ ਹੋਣ ਕਾਰਨ ਉਸ ਨੂੰ ਇੱਕ ਅਜੀਬ ਜਿਹਾ ਫੁਰਨਾ ਫੁਰਿਆ। ਫਿਰ ਉਸ ਨੇ ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਤੋਂ ਪਹਿਲਾਂ ਪੈਸੇ ਇਕੱਠੇ ਕੀਤੇ। ਫਿਰ ਸੈਂਕੜੇ ਹੀ ਸਵੈਟਰ ਉਣਨ ਵਾਸਤੇ ਉਨ੍ਹਾਂ ਨੇ ਬਾਜ਼ਾਰੋਂ ਉੱਨ ਖਰੀਦ ਲਿਆਂਦੀ ਤੇ ਸਰਹੱਦਾਂ ਦੀ ਰਾਖੀ ਕਰ ਰਹੇ ਫ਼ੌਜੀ ਜਵਾਨਾਂ ਵਾਸਤੇ ਸਵੈਟਰ ਬੁਣਨ ਵਾਸਤੇ ਉਸ ਨੇ ਸਾਰੀਆਂ ਲੜਕੀਆਂ ਦੇ ਹੱਥਾਂ ਵਿੱਚ ਸਿਲਾਈਆਂ ਫੜਾ ਦਿੱਤੀਆਂ। ਫ਼ੌਜੀ ਜਵਾਨਾਂ ਕੋਲ ਗਰਮ ਕੱਪੜਿਆਂ ਦੀ ਕੋਈ ਕਮੀ ਨਹੀਂ ਹੁੰਦੀ, ਇਹ ਤਾਂ ਜਾਨ ਤਲੀ 'ਤੇ ਧਰ ਕੇ ਦੇਸ਼ ਦੀ ਰੱਖਿਆ ਕਰ ਰਹੇ ਜਵਾਨਾਂ ਵਾਸਤੇ ਉਸ ਦੇ ਮਨ ਦਾ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਸੀ। ਰੰਗ-ਬਰੰਗੇ ਸਵੈਟਰ ਦੇਖ ਕੇ ਪ੍ਰਿੰਸੀਪਲ ਇੰਨੀ ਖ਼ੁਸ਼ ਹੋਈ ਸੀ ਕਿ ਉਸ ਨੇ ਜਸਦੀਪ ਨੂੰ ਕੁੜੀਆਂ ਦੇ ਹੋਸਟਲ ਦੀ ਹੈੱਡ ਗਰਲ ਬਣਾ ਦਿੱਤਾ। ਹੁਣ ਵੀ ਉਸ ਦਾ ਜੀਅ ਕਰਦਾ ਸੀ ਕਿ ਆਪਣੇ ਮਾਤਾ-ਪਿਤਾ ਨੂੰ ਚਿਰਾਂ ਤੋਂ ਸਾਂਭ ਕੇ ਰੱਖੀ ਹੋਈ ਆਪਣੀ ਦਿਲੀ ਖਾਹਿਸ਼ ਦੱਸ ਦੇਵੇ ਕਿ ਮੈਂ ਕਿਸੇ ਫ਼ੌਜੀ ਅਫਸਰ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ। ਪਰ ਹੌਂਸਲਾ ਨਾ ਕਰ ਸਕੀ ਤੇ ਉਸ ਨੇ ਆਪਣੇ ਪਿਤਾ ਦੀ ਬਾਹਰ ਭੇਜਣ ਦੀ ਇੱਛਾ ਅੱਗੇ ਆਪਣੇ ਮਨ ਦੀ ਖਾਹਿਸ਼ ਨੂੰ ਦਬਾਉਣ ਵਿੱਚ ਹੀ ਬੇਹਤਰੀ ਸਮਝੀ। ਇੱਕ ਮੈਟਰੀਮੋਨੀਅਲ ਦੇਖ ਕੇ ਉਸਦੇ ਬਾਪ ਨੂੰ ਗੱਲ ਜਚ ਗਈ ਸੀ। ਮੁੰਡਾ ਇਗਲੈਂਡ ਤੋਂ ਵਿਆਹ ਕਰਵਾਉਣ ਵਾਸਤੇ ਆਇਆ ਹੋਇਆ ਸੀ। ਦਾਜ-ਦਹੇਜ ਦੀ ਉੱਕਾ ਹੀ ਕੋਈ ਮੰਗ ਨਹੀਂ ਸੀ। ਮੁੰਡਾ ਕਾਮਰੇਡੀ ਖਿਆਲਾਂ ਦਾ ਸੀ। ਬਲਵੀਰ ਸਿੰਘ ਨੇ ਦਿੱਤੇ ਹੋਏ ਫੋਨ ਨੰਬਰ 'ਤੇ ਰਾਬਤਾ ਕਾਇਮ ਕੀਤਾ ਤੇ ਉਸੇ ਵੇਲੇ ਹੀ ਦੇਖ ਦਿਖਾਈ ਦਾ ਦਿਨ ਵੀ ਮਿਥ ਲਿਆ ਗਿਆ। ਮੁੰਡਾ ਵਾਹਵਾ ਹੀ ਸਾਂਵਲੇ ਰੰਗ ਦਾ ਸੀ। ਪਿਉ ਦੀ ਪਸੰਦ 'ਤੇ ਫੁੱਲ ਚੜ੍ਹਾਉਂਦਿਆਂ ਗੋਰੀ ਚਿੱਟੀ ਕੁੜੀ ਨੇ ਸਾਂਵਲੇ ਰੰਗ ਦੇ ਮੁੰਡੇ ਨੂੰ ਵੀ ਹਾਂ ਕਰਦਿਆਂ ਕੋਈ ਉਜ਼ਰ ਨਹੀਂ ਸੀ ਕੀਤਾ। ਦੇਖ-ਦਿਖਾਈ ਵਾਲੇ ਦਿਨ ਹੀ ਰੋਕਾ ਕਰਕੇ ਵਿਆਹ ਦੀ ਤਾਰੀਖ ਵੀ ਪੱਕੀ ਕਰ ਲਈ ਗਈ। ਬਿਨਾਂ ਕਿਸੇ ਖ਼ਾਸ ਉਚੇਚ ਤੋਂ ਬਿਲਕੁਲ ਹੀ ਸਾਦੇ ਢੰਗ ਨਾਲ ਉਨ੍ਹਾਂ ਦਾ ਵਿਆਹ ਹੋ ਗਿਆ ਸੀ। ਜਸਦੀਪ ਦੇ ਮਾਤਾ-ਪਿਤਾ ਪੂਰੇ ਖ਼ੁਸ਼ ਸਨ। ਉਨ੍ਹਾਂ ਨੇ ਆਪਣੇ ਸਿਰ ਤੋਂ ਮਣਾਂ ਮੂੰਹੀਂ ਬੋਝ ਲੱਥ ਗਿਆ ਮਹਿਸੂਸ ਕੀਤਾ। ਕੁੜੀ ਸੁੱਖ ਸਬੀਲੀ ਨਾਲ ਆਪਣੇ ਘਰ ਚਲੀ ਗਈ ਸੀ। ਸਤਵੰਤ ਸੁਭਾਅ ਤੇ ਆਚਰਣ ਪੱਖੋਂ ਬੜਾ ਹੀ ਬੀਬਾ ਮੁੰਡਾ ਸੀ। ਵਾਪਸ ਇੰਗਲੈਂਡ ਜਾ ਕੇ ਉਸ ਨੇ ਪਤਨੀ ਨੂੰ ਮੰਗਵਾਉਣ ਵਾਸਤੇ ਜਲਦੀ ਹੀ ਪੇਪਰ ਤਿਆਰ ਕਰਵਾ ਕੇ ਭੇਜ ਦਿਤੇ ਸਨ। ਸਾਰਾ ਕੰਮ ਕੁਝ ਕੁ ਮਹੀਨਿਆਂ ਵਿੱਚ ਹੀ ਹੋ ਗਿਆ ਤੇ ਜਸਦੀਪ ਇਗਲੈਂਡ ਪਹੁੰਚ ਗਈ ਸੀ। ਜਸਦੀਪ ਨੇ ਦੇਖਿਆ ਕਿ ਇੱਥੇ ਤਾਂ ਮਾਹੌਲ ਪੰਜਾਬ ਨਾਲੋਂ ਸੌ ਪ੍ਰਤੀਸ਼ਤ ਹੀ ਵੱਖਰਾ ਹੈ। ਨਾ ਉਹੋ ਜਿਹਾ ਵਾਤਾਵਰਣ, ਨਾ ਉਹੋ ਜਿਹਾ ਮੌਸਮ, ਨਾ ਉਹੋ ਜਿਹੇ ਲੋਕ, ਨਾ ਉਹੋ ਜਿਹੀ ਖੁੱਲ੍ਹੀ-ਡੁੱਲ੍ਹੀ ਬੋਲੀ, ਸਹੇਲੀਆਂ ਮਿਤਰਾਂ ਨਾਲ ਗਪਸ਼ਪ ਮਾਰਨ ਜੋਗਾ ਕਿਸੇ ਕੋਲ ਸਮਾਂ ਹੀ ਨਹੀਂ ਸੀ। ਜਦੋਂ ਉਸਦਾ ਮਨ ਉਦਾਸ ਹੋ ਜਾਂਦਾ ਤਾਂ ਉਸ ਦੇ ਅੰਦਰੋਂ ਇੱਕ ਜਾਨ ਹੂਲਵੀਂ ਹੂਕ ਨਿਕਲਦੀ , ਹਾਏ! ਮੈਂ ਕਿੱਥੇ ਆ ਕੇ ਗੁੰਮ ਹੋ ਗਈ ਆਂ! ਹਰ ਪਾਸੇ ਓਪਰਾਪਣ ਹੈ, ਬਿਲਕੁਲ ਹੀ ਬੇਗਾਨਗੀ। ਉਸ ਨੂੰ ਆਪਣੇ ਪਿਆਰੇ ਵਤਨ ਦੀ ਯਾਦ ਆਉਂਦੀ, ਭੈਣ-ਭਰਾ, ਮਾਂ ਬਾਪ ਤੇ ਸਖੀਆਂ-ਸਹੇਲੀਆਂ ਯਾਦ ਆਉਂਦੀਆਂ ਤੇ ਫੇਰ ਉਹ ਅੰਤਾਂ ਦੀ ਉਦਾਸ ਹੋ ਜਾਂਦੀ। ਪਤੀ ਬਹੁਤ ਹੀ ਚੰਗਾ ਤੇ ਹੱਸਮੁੱਖ ਸੁਭਾਅ ਦਾ ਸੀ। ਉਹ ਉਸ ਦੀ ਹਰ ਨਿੱਕੀ ਤੋਂ ਨਿੱਕੀ ਜ਼ਰੂਰਤ ਦਾ ਖਿਆਲ ਰੱਖਦਾ। ਉਸਦਾ ਜੀਅ ਲਵਾਉਣ ਲਈ ਉਸਨੂੰ ਲਤੀਫ਼ੇ ਸੁਣਾ ਕੇ ਹਸਾਉਂਦਾ ਰਹਿੰਦਾ। ਕਦੇ ਉਹ ਆਪਣੇ ਬਚਪਨ ਦੀਆਂ ਤੇ ਕਦੇ ਆਪਣੇ ਪਿੰਡ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਛੇੜ ਲੈਂਦਾ। ਜਦੋਂ ਜਸਦੀਪ ਨੇ ਵਿਹਲੀ ਹੋਣ ਕਰਕੇ ਉਸ ਨੂੰ ਕੰਮ ਲੱਭ ਕੇ ਦੇਣ ਦੀ ਗੱਲ ਕੀਤੀ ਤਾਂ ਉਸ ਨੇ ਹਾਸੇ-ਹਾਸੇ ਵਿੱਚ ਹੀ ਇਨਕਾਰ ਕਰ ਦਿੱਤਾ ਤੇ ਬੋਲਿਆ , ਲੈ ਹੋਰ ਸੁਣ ਲਉ! ਮੈਂ ਹਾਂ ਨਾ ਕਮਾਈ ਕਰਨ ਵਾਲਾ, ਤੂੰ ਬੇਫ਼ਿਕਰ ਹੋਜਾ, ਮੈਂ ਤੈਨੂੰ ਕਿਸੇ ਗੱਲੋਂ ਅੜਨ-ਥੁੜਨ ਨ੍ਹੀਂ ਦਿੰਦਾ, ਤੇਰੀ ਹਰ ਜ਼ਰੂਰਤ ਪੂਰੀ ਕਰਨੀ ਹੁਣ ਮੇਰੀ ਜ਼ਿਮੇਵਾਰੀ ਹੈ। ਨਾਲੇ ਮੈਂ ਤੈਨੂੰ ਸੁੱਖੀਂ-ਸਾਂਦੀਂ ਕਾਹਤੋਂ ਕੰਮ 'ਤੇ ਲਾਵਾਂ? ਮਸਾਂ ਤਾਂ ਮੈਨੂੰ ਐਡੀ ਸੋਹਣੀ ਪਰੀਆਂ ਵਰਗੀ ਵਹੁਟੀ ਮਿਲੀ ਐ, ਨਹੀਂ ਤਾਂ ਮੇਰੇ ਵਰਗੇ ਕਾਲੇ-ਕਲੂਟੇ ਨੂੰ ਕੌਣ ਪੁੱਛਦਾ ਸੀ, ਬੱਸ ਤੂੰ ਘਰ ਹੀ ਰਿਹਾ ਕਰ, ਮੇਰੇ ਆਉਂਦੇ ਨੂੰ ਲਿਸ਼ਕ-ਪੁਸ਼ਕ ਕੇ ਬੈਠਿਆ ਕਰ।



ਛੋਟਾ ਜਿਹਾ ਤਾਂ ਘਰ ਸੀ ਜਿੱਥੇ ਉਹ ਰਹਿੰਦੇ ਸਨ। ਨਾਲੇ ਦੋ ਜੀਆਂ ਵਾਲੇ ਘਰ ਵਿੱਚ ਕੰਮ ਵੀ ਕਿਤੇ ਕਿੰਨਾ ਕੁ ਹੁੰਦੈਂ! ਉਹ ਕੰਮ ਧੰਦਾ ਨਿਬੇੜ ਕੇ ਛੇਤੀ ਹੀ ਵਿਹਲੀ ਹੋ ਜਾਂਦੀ ਤੇ ਜ਼ਿਆਦਾ ਸਮਾਂ ਵਿਹਲੀ ਰਹਿ ਕੇ ਉਹ ਬੋਰ ਹੋ ਜਾਂਦੀ। ਫਿਰ ਉਸ ਨੇ ਸ਼ੌਕ ਵਜੋਂ ਕਿਚਨ ਗਾਰਡਨਿੰਗ ਦਾ ਕੰਮ ਵੀ ਆਪਣੇ ਰੁਝੇਵਿਆਂ ਵਿੱਚ ਸ਼ਾਮਲ ਕਰ ਲਿਆ। ਉਸ ਦੇ ਲਾਏ ਹੋਏ ਗੁਲਾਬ ਦੇ ਬੂਟਿਆਂ ਤੇ ਕਈ ਰੰਗਾਂ ਦੇ ਵੱਡੇ-ਵੱਡੇ ਫੁੱਲ ਖਿੜਨ ਲੱਗ ਪਏ ਸਨ। ਇੱਕ ਦਿਨ ਉਸ ਨੇ ਚਾਅ ਨਾਲ ਇੱਕ ਗੁਲਾਬ ਦਾ ਫੁੱਲ ਹੱਥ ਵਿੱਚ ਫੜ ਕੇ ਸੁੰਘਿਆ ਤੇ ਹੈਰਾਨ ਹੁੰਦੀ ਹੋਈ ਬੋਲੀ ਜੀ ਦੇਖਿਓ! ਇਨ੍ਹਾਂ ਫੁੱਲਾਂ ਵਿੱਚ ਤਾਂ ਖ਼ੁਸ਼ਬੂ ਹੀ ਨਹੀਂ, ਇਨ੍ਹਾਂ ਦੀ ਖ਼ੁਸ਼ਬੂ ਕਿੱਥੇ ਚਲੀ ਗਈ? ਉਸਦੀ ਗੱਲ ਸੁਣ ਕੇ ਸਤਵੰਤ ਖਿੜ-ਖਿੜਾ ਕੇ ਹੱਸ ਪਿਆ ਤੇ ਬੋਲਿਆ, ਖ਼ੁਸ਼ਬੂ! ਉਹ ਤਾਂ ਹਵਾ ਬਣ ਕੇ ਇੰਡੀਆ ਨੂੰ ਭੱਜ ਗਈ। ਕੁਦਰਤ ਸਿਆਣੀ ਏਂ, ਉਸ ਨੂੰ ਪਤੈ ਬਈ ਇੱਥੇ ਤਾਂ ਲੋਕਾਂ ਦਾ ਧਿਆਨ ਹਰ ਵਕਤ ਪੌਂਡ ਕਮਾਉਣ 'ਚ ਹੀ ਲੱਗਾ ਰਹਿੰਦੈ। ਇਨ੍ਹਾਂ ਵਿਚਾਰਿਆਂ ਕੋਲ ਸੁਗੰਧੀਆਂ ਮਾਣਨ ਜੋਗਾ ਸਮਾਂ ਹੈ ਹੀ ਨਹੀਂ! ਇਸੇ ਕਰਕੇ ਉਸ ਨੇ ਇਥੋਂ ਦੀ ਮਹਿਕ ਆਪਣੇ ਵਤਨ ਦੇ ਵਾਤਾਵਰਣ ਪ੍ਰੇਮੀਆਂ ਕੋਲ ਭੇਜ ਦਿੱਤੀ ਹੈ।

ਮੈਨੂੰ ਇਗਲੈਂਡ ਬਾਰੇ ਕੁਝ ਸੋਹਣੀਆਂ-ਸੋਹਣੀਆਂ ਤੇ ਅਸਚਰਜ ਭਰੀਆਂ ਗੱਲਾਂ ਸੁਣਾਉ। ਜਸਦੀਪ ਨੇ ਇੱਕ ਦਿਨ ਪਤੀ ਨੂੰ ਫਰਮਾਇਸ਼ ਕੀਤੀ।

ਇੱਥੇ ਰਹਿ ਕੇ ਤਿੰਨ ਕੱਕਿਆਂ ਤੇ ਉੱਕਾ ਹੀ ਇਤਬਾਰ ਨਹੀਂ ਕੀਤਾ ਜਾ ਸਕਦਾ। ਕੰਮ, ਕਲਾਈਮੇਟ ਤੇ ਕਾਮਨੀ, ਚੰਗੇ ਭਲੇ ਕੰਮ ਕਰਦਿਆਂ ਨੂੰ ਕਦੋਂ ਕੰਮ ਤੋਂ ਜਵਾਬ ਮਿਲ ਜਾਵੇ ਕੋਈ ਭਰੋਸਾ ਨਹੀਂ। ਮੌਸਮ ਦਾ ਮਿਜ਼ਾਜ ਕਦੋਂ ਵਿਗੜ ਜਾਵੇ ਇਸਦੀ ਵੀ ਕੋਈ ਗਰੰਟੀ ਨਹੀਂ। ਔਰਤ ਇੱਥੇ ਕਦੋਂ ਤੇ ਕਿਸ ਕਾਰਨ ਬਾਏ-ਬਾਏ ਕਰ ਜਾਵੇ, ਇਸ ਗੱਲ ਦਾ ਵੀ ਕੰਧ 'ਤੇ ਬੈਠੇ ਕਾਂ ਦੇ ਉਡ ਜਾਣ ਵਾਂਗ ਕੋਈ ਯਕੀਨ ਨਹੀਂ ਕੀਤਾ ਜਾ ਸਕਦਾ।

ਕੰਮ ਤੇ ਕਲਾਈਮੇਟ (ਮੌਸਮ) ਵਾਲੀ ਗੱਲ ਤਾਂ ਚਲੋ ਮੰਨ ਲੈਂਦੇ ਆਂ। ਵਿਚਾਰੀ ਕਾਮਨੀ (ਔਰਤ) ਨੂੰ ਐਵੇਂ ਈਂ ਵਿੱਚ ਕਾਹਤੋਂ ਘੜੀਸ ਲਿਆ? ਜਸਦੀਪ ਨੂੰ ਇਹ ਗੱਲ ਬਹੁਤ ਬੁਰੀ ਲੱਗੀ ਤੇ ਉਸ ਤੋਂ ਇਤਰਾਜ਼ ਵਜੋਂ ਪੁੱਛਿਆ ਗਿਆ ?।

ਇਥੋਂ ਦਾ ਕਲਚਰ ਈ ਇਹੋ ਜਿਹਾ ਹੈ, ਇਥੇ ਬੰਦੇ ਨਾਲ ਨਹੀਂ, ਪੈਸੇ ਨਾਲ ਵਫ਼ਾ ਨਿਭਾਈ ਜਾਂਦੀ ਹੈ। ਜੇ ਪੱਲੇ ਪੈਸਾ ਨਹੀਂ ਤਾਂ ਬਿਨਾਂ ਦੇਰੀ ਕੀਤਿਆਂ ਬਾਏ ਬਾਏ। ਜੀਵਨ ਸਾਥੀ ਨਾਲ ਆਰਥਿਕ ਔਖ-ਸੌਖ ਕੱਟਣ ਦਾ ਇਥੋਂ ਦੇ ਕਲਚਰ ਦਾ ਹਿੱਸਾ ਨਹੀਂ ਏਂ, ਬੱਸ ਪੈਸੇ ਨਾਲ ਹੀ ਇਥੇ ਚਲਤੀ ਕਾ ਨਾਮ ਗਾੜੀ ਸਮਝਿਆ ਜਾਂਦਾ ਹੈ।

ਅੱਛਾ! ਉਹ ਗੱਲਾਂ ਸੁਣ ਸੁਣ ਹੈਰਾਨ ਹੋ ਰਹੀ ਸੀ ਤੇ ਸੋਚ ਰਹੀ ਸੀ ਕਿ ਇਨ੍ਹਾਂ ਵਲੈਤਣਾਂ ਨਾਲੋਂ ਤਾਂ ਸਾਡੀਆਂ ਭਾਰਤੀ ਔਰਤਾਂ ਲੱਖ ਦਰਜੇ ਚੰਗੀਆਂ ਨੇ। ਇਹ ਚਿੱਟੀ ਚਮੜੀ ਵਾਲੀਆਂ ਸਵਾਰਥੀ ਔਰਤਾਂ ਕਿੱਥੋਂ ਰੀਸ ਕਰ ਲੈਣਗੀਆਂ ਸਾਡੀਆਂ ਪੰਜਾਬਣਾਂ ਦੀ। ਜਿਹੜੀਆਂ ਜ਼ਿੰਦਗੀ ਦੀਆਂ ਤਿੱਖੀਆਂ ਧੁੱਪਾਂ ਤੇ ਕੰਬਣੀ ਛੇੜਦੀ ਠਰੀ ਰੁੱਤ ਆਦਮੀਆਂ ਦੇ ਨਾਲ ਸਹਿੰਦੀਆਂ ਹਨ! ਇਉਂ ਹੱਸਦਿਆਂ-ਖੇਡਦਿਆਂ ਦੇ ਦਸ ਸਾਲ ਕਦੋਂ ਲੰਘ ਗਏ ਪਤਾ ਹੀ ਨਹੀਂ ਸੀ ਲੱਗਿਆ। ਹੁਣ ਤਕ ਉਹ ਦੋ ਬੱਚਿਆਂ ਦੇ ਮਾਂ ਬਾਪ ਬਣ ਚੁੱਕੇ ਸਨ। ਜਸਦੀਪ ਪੰਜਾਬ ਆਉਣ ਨੂੰ ਤਰਸੀ ਪਈ ਸੀ। ਉਸ ਦਾ ਮਨ ਮਾਂ-ਬਾਪ ਤੇ ਭੈਣ ਭਰਾਵਾਂ ਨੂੰ ਮਿਲ਼ਣ ਵਾਸਤੇ ਉਦਰਿਆ ਪਿਆ ਸੀ। ਉਧਰੋਂ ਸਤਵੰਤ ਨੂੰ ਕੰਮ ਤੋਂ ਛੁੱਟੀ ਨਹੀਂ ਸੀ ਮਿਲ ਰਹੀ। ਇਸ ਲਈ ਪਤੀ ਦੀ ਰਜ਼ਾਮੰਦੀ ਨਾਲ ਬੱਚਿਆਂ ਸਮੇਤ ਉਹ ਇਕੱਲੀ ਹੀ ਇੰਡੀਆ ਆਉਣ ਵਾਸਤੇ ਤਿਆਰੀਆਂ ਕਰ ਰਹੀ ਸੀ। ਦਿੱਲੀ ਏਅਰਪੋਰਟ 'ਤੇ ਉਸ ਦੇ ਮਾਂ-ਬਾਪ ਉਨ੍ਹਾਂ ਨੂੰ ਲੈਣ ਆਏ ਹੋਏ ਸਨ। ਉਹ ਭੱਜ ਕੇ ਮਾਂ-ਬਾਪ ਦੇ ਗਲ ਆ ਲੱਗੀ। ਉਨ੍ਹਾਂ ਨੂੰ ਮਿਲ ਕੇ ਉਸ ਦੇ ਹੰਝੂ ਨਹੀਂ ਸਨ ਰੁਕ ਰਹੇ। ਮਾਂ ਉਸ ਨੂੰ ਵਾਰ-ਵਾਰ ਅਸੀਸਾਂ ਦਿੰਦੀ ਹੋਈ ਉਸਦਾ ਸਿਰ ਪਲੋਸੀ ਜਾ ਰਹੀ ਸੀ। ਆਪਣੇ ਜਵਾਈ ਦੀ ਸੁੱਖ-ਸਾਂਦ ਪੁੱਛ ਰਹੀ ਸੀ। ਉਸ ਦੇ ਬੱਚਿਆਂ ਦੇ ਮੱਥੇ ਵਾਰ-ਵਾਰ ਚੁੰਮ ਰਹੀ ਸੀ। ਬੱਚੇ ਪਹਿਲੀ ਵਾਰ ਇੰਡੀਆ ਆਏ ਸਨ। ਇਸ ਲਈ ਉਹ ਹਰ ਚੀਜ਼ ਨੂੰ ਬੜੇ ਗਹੁ ਨਾਲ ਦੇਖ ਰਹੇ ਸਨ। ਸਾਰੇ ਰਾਹ ਮਾਵਾਂ-ਧੀਆਂ ਕਬੀਲਦਾਰੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀਆਂ ਆ ਰਹੀਆਂ ਸਨ। ਲੰਬੀ ਵਾਟ ਮੁੱਕਣ ਦਾ ਨਾਂ ਨਹੀਂ ਸੀ ਲੈ ਰਹੀ। ਜਸਦੀਪ ਨੂੰ ਕਾਹਲੀ ਲੱਗੀ ਹੋਈ ਸੀ ਕਿ ਕਦੋਂ ਉਹ ਘਰ ਪਹੁੰਚੇ ਤੇ ਆਪਣੇ ਭੈਣ-ਭਰਾਵਾਂ ਨੂੰ ਜਾ ਕੇ ਮਿਲੇ। ਘਰ ਨੂੰ ਦੇਖ ਕੇ ਉਸ ਦੇ ਉਦਰੇ ਮਨ ਨੂੰ ਠੰਡ ਪੈ ਗਈ ਸੀ। ਉਸ ਦੀ ਨੀਂਦ ਭੁੱਖ ਕਿਧਰੇ ਹੀ ਉੱਡ-ਪੁੱਡ ਗਈ ਸੀ। ਉਸ ਨੂੰ ਸੱਚ ਹੀ ਨਹੀਂ ਸੀ ਆ ਰਿਹਾ ਕਿ ਉਹ ਆਪਣੇ ਵਤਨ ਵਾਪਸ ਆ ਗਈ ਹੈ। ਭੈਣ-ਭਰਾਵਾਂ ਨੂੰ ਉਹ ਟੋਹ-ਟੋਹ ਦੇਖ ਰਹੀ ਸੀ।

ਥੋੜ੍ਹੀ ਦੇਰ ਸੌਂ ਕੇ ਉਹ ਫਿਰ ਤੋਂ ਤਰੋ-ਤਾਜ਼ਾ ਹੋ ਗਈ। ਛੋਟੀ ਭੈਣ ਕੁਲਦੀਪ ਉਸ ਤੋਂ ਇੰਗਲੈਂਡ ਦੀ ਰਹਿਤ-ਜੁਗਤ ਬਾਰੇ ਨਿੱਕੇ-ਨਿੱਕੇ ਸਵਾਲ ਜਾਣਕਾਰੀ ਹਿਤ ਪੁੱਛ ਰਹੀ ਸੀ। ਛੋਟਾ ਭਰਾ ਆਪਣੇ ਵਾਸਤੇ ਲਿਆਂਦੀਆਂ ਚੀਜ਼ਾਂ ਦੀ ਫਰੋਲਾ-ਫਰਾਲੀ ਕਰ ਰਿਹਾ ਸੀ। ਘਰ ਦਾ ਮਾਹੌਲ ਖੁਸ਼ਗਵਾਰ ਬਣਿਆ ਹੋਇਆ ਸੀ। ਆਂਢੀ-ਗੁਆਂਢੀ ਤੇ ਰਿਸ਼ਤੇਦਾਰ ਜਸਦੀਪ ਨੂੰ ਮਿਲਣ ਵਾਸਤੇ ਆ ਰਹੇ ਸਨ।

ਪੁੱਤ! ਸਤਵੰਤ ਸਿਹੁੰ ਦਾ ਸੁਭਾਅ ਵਧੀਆ ਏ ਨਾ? ਕਿਤੇ ਉਹ ਤੈਨੂੰ ਘੂਰਦਾ ਘਪਦਾ ਤਾਂ ਨਹੀਂ? ਮਾਂ ਨੇ ਮਾਵਾਂ ਵਾਲੇ ਫ਼ਿਕਰ ਨਾਲ ਪੁੱਛਿਆ।

ਨਹੀਂ ਮਾਂ! ਉਹ ਤਾਂ ਬੜਾ ਬੀਬਾ ਬੰਦਾ ਏ। ਜੇ ਮੈਂ ਕਿਤੇ ਗਰਮ ਹੋ ਵੀ ਜਾਵਾਂ ਤਾਂ ਵੀ ਮੋੜਵਾਂ ਉੱਤਰ ਨਹੀਂ ਦਿੰਦਾ। ਚੁੱਪ ਕਰਕੇ ਬੈਠਾ ਰਹਿੰਦਾ ਏ। ਉੱਚੀ ਤਾਂ ਮੈਨੂੰ ਕਦੇ ਉਹ ਬੋਲਿਆ ਹੀ ਨਹੀਂ। ਊਂ ਜਾਣੀਂ ਦੀ ਮੇਰਾ ਉੱਥੇ ਜੀਅ ਜਿਹਾ ਨ੍ਹੀਂ ਲਗਦਾ। ਤੁਸੀਂ ਸਾਰੇ ਮੈਨੂੰ ਬਹੁਤ ਯਾਦ ਆਉਂਦੇ ਹੋ। ਇਹ ਕਹਿੰਦਿਆਂ ਉਸ ਦਾ ਗਲਾ ਭਰ ਆਇਆ।

ਦੀਦੀ! ਫਿਰ ਤੁਸੀਂ ਇੰਡੀਆ ਵਾਪਸ ਕਿਉਂ ਨਹੀਂ ਆ ਜਾਂਦੇ? ਇੱਥੇ ਆ ਕੇ ਤੁਸੀਂ ਕੋਈ ਬਿਜ਼ਨਸ ਸ਼ੁਰੂ ਕਰ ਲਵੋ। ਕੋਲ ਬੈਠੀ ਛੋਟੀ ਭੈਣ ਕੁਲਦੀਪ ਨੇ ਕਿਹਾ।

ਕੁਲਦੀਪ! ਵਾਪਸ ਨਹੀਂ ਨਾ ਆ ਸਕਦੇ ਅਸੀਂ। ਇੱਥੇ ਆਪਣੇ ਦੇਸ਼ ਵਿੱਚ ਉੱਥੋਂ ਵਰਗੀਆਂ ਸੁੱਖ-ਸਹੂਲਤਾਂ ਕਿੱਥੇ ਨੇ? ਬੱਚੇ ਤਾਂ ਸਾਰੇ ਰਾਹ ਕੂੜੇ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਦੇਖ ਕੇ ਮੂੰਹ ਤੇ ਰੁਮਾਲ ਰੱਖ ਕੇ ਨੱਕ ਮੂੰਹ ਵੱਟਦੇ ਇੱਥੋਂ ਤਕ ਅਪੜੇ ਹਨ। ਉਸ ਨੇ ਠੰਢਾ ਹਾਉਕਾ ਭਰਿਆ। ਇਉਂ ਹੱਸਦਿਆਂ-ਖੇਡਦਿਆਂ ਮਹੀਨਾ ਕਦੋਂ ਲੰਘ ਗਿਆ ਪਤਾ ਹੀ ਨਾ ਲੱਗਿਆ। ਜਸਦੀਪ ਦੇ ਵਾਪਸ ਮੁੜਨ ਦਾ ਦਿਨ ਆ ਗਿਆ ਸੀ। ਸਾਮਾਨ ਪੈਕ ਕੀਤਾ ਜਾ ਰਿਹਾ ਸੀ ਕਿ ਗਲੀ ਵਿੱਚ ਮਿੱਟੀ ਦੇ ਭਾਂਡੇ ਵੇਚਣ ਵਾਲੇ ਇੱਕ ਰੇਹੜੇ ਵਾਲੇ ਦਾ ਹੋਕਾ ਆਇਆ। ਬਗੈਰ ਕਿਸੇ ਨੂੰ ਦੱਸਿਆਂ ਉਹ ਬਾਹਰ ਗਲੀ ਵਿੱਚ ਆ ਗਈ ਤੇ ਰੇਹੜੇ ਵਾਲੇ ਨੂੰ ਪੁੱਛਿਆ , ਵੀਰੇ! ਤੇਰੇ ਕੋਲ ਝਾਵੇਂ ਹੋਣਗੇ?

ਹਾਂ ਜੀ! ਭੈਣ ਜੀ! ਬੋਲੋ ਕਿੰਨੇ ਦੇਵਾਂ? ਵੀਰੇ! ਅੱਧੀ ਦਰਜਨ ਦੇ ਦੇ। ਰੇਹੜੇ ਵਾਲੇ ਭਾਈ ਨੂੰ ਪੈਸੇ ਦੇ ਕੇ ਜਦੋਂ ਉਹ ਅੰਦਰ ਆਈ ਤਾਂ ਉਸ ਦੇ ਹੱਥ ਵਿੱਚ ਫੜੇ ਝਾਵੇਂ ਦੇਖ ਕੇ ਟੱਬਰ ਦੇ ਸਾਰੇ ਜੀਅ ਹੱਸ-ਹੱਸ ਦੂਹਰੇ ਹੋਈ ਜਾ ਰਹੇ ਸਨ। ਮਸੀਂ ਹਾਸਾ ਰੋਕ ਕੇ ਮਾਂ ਬੋਲੀ ਲੈ ਦੇਖ ਲੋ ਬਈ ਸਾਰੇ ਜਣੇ! ਮੇਰੀ ਕਮਲੀ ਧੀ ਦੇ ਚੱਜ! ਨਾ ਗੱਲ ਸੁਣ ਕੁੜੇ! ਉੱਥੇ ਮਿੱਟੀ ਨਾ ਘੱਟਾ ਨਾ, ਨਾ ਉੱਥੇ ਮੁੜ੍ਹਕਾ ਆਉਂਦੈ, ਨਾ ਮੈਲ ਜੰਮਦੀ ਐ, ਫਿਰ ਇਹ ਝਾਵੇਂ ਕਾਹਦੇ ਵਾਸਤੇ ਲੈ ਕੇ ਜਾਣੇ ਨੇ?

ਇਸ ਦੇ ਜਵਾਬ ਵਿੱਚ ਜਸਦੀਪ ਨੇ ਜਿਹੜਾ ਉੱਤਰ ਦਿੱਤਾ ਉਸ ਨਾਲ ਸਾਰਾ ਟੱਬਰ ਹੀ ਸੁੰਨ ਹੋ ਗਿਆ ਸੀ। ਉਹ ਕਹਿਣ ਲੱਗੀ , ਝਾਵੇਂ ਕਿਤੇ ਮੈਂ ਮੈਲ ਲਾਹੁਣ ਲਈ ਲੈ ਕੇ ਚੱਲੀ ਆਂ! ਇਹ ਤਾਂ ਮੈਂ ਤਾਂ ਨਾਲ ਲੈ ਕੇ ਜਾਣੇ ਨੇ ਕਿ ਉੱਥੇ ਘਰ ਦੀ ਸਫ਼ਾਈ ਕਰਦੀ ਦੇ ਕਿਤੇ ਨਾ ਕਿਤੇ ਬਹਾਨੇ ਨਾਲ ਵਤਨ ਦੀ ਮਿੱਟੀ ਨੂੰ ਹੱਥ ਲੱਗ ਜਾਇਆ ਕਰਨਗੇ ਤੇ ਮੈਂ ਘੜੀ ਪਲ ਵਾਸਤੇ ਮੈਂ ਆਪਣੇ ਵਤਨ ਦੀ ਮਿੱਟੀ ਦੀ ਮਹਿਕ ਮਾਣ ਲਿਆ ਕਰਾਂਗੀ।

# ਮੇਰੀ ਕਲਮ

## ਦਰਬਾਰ-ਏ-ਅੰਮ੍ਰਿਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਭੋਲੇ ਭਾਲੇ ਸਿੱਖਾਂ ਨੂੰ ਸਵਾਲ ਐਸਾ ਪਾਇਆ ਏ,
ਸੁਣ ਕੇ ਹੈਰਾਨ ਹਰ ਸਿੱਖ ਘਬਰਾਇਆ ਏ,
ਹਰ ਪਾਸੇ ਚੁੱਪ ਦਾ ਸੰਨਾਟਾ ਡਾਢਾ ਛਾਇਆ ਏ।
ਰੱਬੀ ਨੂਰ ਚਿਹਰਾ ਅਨੋਖੀ ਭਾ ਮਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।
ਚੋਣਵੇਂ ਦਲੇਰ ਯੋਧੇ ਪੰਜ ਅੱਗੇ ਆਂਵਦੇ,
ਦਾਤੇ ਦੇ ਹੁਕਮ ਅੱਗੇ ਸੀਸ ਨੇ ਝੁਕਾਂਵਦੇ,
ਤੇਰੇ ਹੀ ਹਾਂ ਦਾਸ ਦਾਤਾ ਮੁੱਖੋਂ ਕਹਿ ਸੁਣਾਂਵਦੇ।
ਬਲੀਦਾਨੀ ਜਜ਼ਬਾ ਏ ਦੇਖੋ ਠਾਠਾਂ ਮਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।

ਕੀਤਾ ਏ ਤਿਆਰ ਅੱਜ ਖ਼ਾਲਸਾ ਅਨੋਖਾ ਜੀ,
ਇੱਕ ਪੰਥ ਇੱਕ ਜ਼ਾਤ ਇੱਕੋ ਇੱਕ ਲੋਕਾ ਜੀ,
ਹੱਕ ਸੱਚ ਇੱਕ ਹੈ ਫ਼ਰੇਬ ਨਾ ਕੋਈ ਧੋਖਾ ਜੀ।
ਇੱਕ ਝੰਡੇ ਹੇਠਾਂ ਪਿਤਾ ਸਭ ਨੂੰ ਖਲਾਹਰਦਾ।
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।

ਆਪੇ ਗੁਰੂ ਬਣੇ ਕਦੀ ਆਪੇ ਫੇਰ ਚੇਲਾ ਏ,
ਸੰਤ ਤੋਂ ਸਿਪਾਹੀ ਬਣ ਜਾਣ ਵਾਲਾ ਵੇਲਾ ਏ,
ਤਲੀ ਉੱਤੇ ਸੀਸ ਦਾ ਵੀ ਸ਼ੌਂਕ ਅਲਬੇਲਾ ਏ।
ਦਾਨੀ ਦਾਨ ਕਰਕੇ ਵੀ ਜ਼ਰਾ ਨਾ ਚਿਤਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।

ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।

## ਵਿਸਾਖੀ ਦਾ ਮੇਲਾ

ਲਾਲਾ ਧਨੀ ਰਾਮ ਚਾਤ੍ਰਿਕ



ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।
ਦੂਰ ਦੂਰ ਥਾਓਂ ਵਣਜਾਰੇ ਆਏ ਨੇਂ,
ਸੁਹਣੇ ਸੁਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇਂ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ।
ਹੱਟੀ ਹੱਟੀ ਸ਼ੌਂਕੀਆਂ ਦੀ ਭੀੜ ਖੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।
ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇਂ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇਂ।
ਵੰਝਲੀ, ਲੰਗੋਜਾ, ਕਾਂਟੋ, ਤੂੰਬਾ ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ,
ਭੀੜ ਵਿੱਚ ਮੋਢੇ ਨਾਲ ਮੋਢਾ ਵੱਜਦਾ।
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।
ਬਾਲ, ਬੁੱਢੇ, ਗੱਭਰੂ, ਮੇਲੇ ਵਿੱਚ ਆਏ ਨੇਂ,
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇਂ।
ਭਾਤੋ ਭਾਂਤ ਦਿਲ ਭਾਤੋ ਭਾਂਤ ਮਾਲ ਨੇਂ,
ਟੋਲ ਰਹੇ ਆਪੋ ਆਪਣਾ ਖ਼ਿਆਲ ਨੇਂ।
ਮੇਲੇ ਦੀ ਬਹਾਰ ਏ ਤਿਕਾਲਾਂ ਤੀਕ ਏ,
ਸੌਦਾ ਲੈ ਵਿਹਾਝ, ਜਿਦ੍ਹੀ ਜੋ ਤਫ਼ੀਕ ਏ।
ਪਲੋ ਪਲੀ ਵਿੱਚ, ਹੋਣੀ ਚੱਲੋ ਚੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ।

## ਮੇਲਾ

ਚੇਤਨ ਬਿਰਧਨੋ



ਕਿੱਧਰੇ ਵੱਜਿਆ ਢੋਲ ਆਵਾਜ਼ ਆਈ,
ਸੁਰਤ ਭੱਜ ਚੱਲੀ ਪਿੰਡ ਨੂੰ ਭਾਈ,
ਰੁੱਤ ਭਾਦੋਂ ਉੱਤੋਂ ਚੌਦੇਂ ਚੜ੍ਹ ਆਈ,
ਝੋਲੇ ਭਰ-ਭਰ ਖੇਡਾਂ ਲਿਆਵਾਂਗੇ,
ਮਾਏ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ।
ਨੌਂ ਵਾਲੀ ਬੱਸ 'ਤੇ ਸਭ ਆਉਣਗੇ ਜੀ,
ਅੱਜ ਵਿਹੜੇ ਰੌਣਕ ਲਾਉਣਗੇ ਜੀ,
ਸੁੱਖ ਦਾ ਦਿਨ ਇਕੱਠੇ ਬਿਤਾਵਾਂਗੇ,
ਭਰ ਪਤੀਲਾ ਕੜ੍ਹੀ-ਚੌਲ ਬਣਾਵਾਂਗੇ,
ਮਾਏ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ।
ਲੈ ਦੇਈਂ ਤਾਸ਼ ਖੇਡਣ ਲਈ ਸੀਪ,
ਨਾਲੇ ਫ਼ੌਜੀਆਂ ਵਾਲੀ ਜੀਪ,
ਇੱਕ ਬੱਸ ਵੱਡੀ ਹੋਵੇ ਖੁੱਲ੍ਹਦੀ ਬਾਰੀ,
ਮੂਹਰੇ ਸ਼ੀਸ਼ਾ ਲੱਗੀ ਅਲਮਾਰੀ,
ਹਾੜ੍ਹਾ ਇੱਕ ਮੱਝ ਨਾਲੇ ਹੋਵੇ ਕੱਟੀ,
ਸਮੋਸੇ ਨਾਲ ਖਾਵਾਂਗੇ ਚਟਨੀ ਖੱਟੀ,
ਪਕੌੜੇ-ਬਰਫ਼ੀ ਘਰ ਲਈ ਵੀ ਲੈ ਆਵਾਂਗੇ,
ਮਾਏ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ।
ਸਕੂਲੋਂ ਛੁੱਟੀ ਬਾਅਦ ਬਾਪੂ ਜਾਊ,
ਚੇਤੇ ਹੁਣ ਬੈਠ ਸਕੀਮ ਲੜਾਊ,
ਟਰੈਕਟਰ-ਟਰਾਲੀ ਬਾਪੂ ਨਾਲ ਲੈ ਆਊ,
ਭਾਵੇਂ ਕਿੰਨੀਆਂ ਚੀਜ਼ਾਂ ਬੇਬੇ ਨਾਲ ਲੈ ਆਇਆ,
ਚੰਦਰੇ ਨੂੰ ਸਬਰ ਹਾਲੇ ਨਾ ਆਇਆ,
ਬਚੀ ਕਸਰ ਆਥਣੇ ਕੱਢ ਆਵਾਂਗੇ,
ਮਾਏ ਆਜਾ ਆਪਾਂ ਮੇਲਾ ਦੇਖਣ ਜਾਵਾਂਗੇ।

## ਮਾਂ ਜਿਹਾ ਲਾਡ

ਬਲਜਿੰਦਰ ਮਾਨ

ਕੁੱਟ ਕੁੱਟ ਚੂਰੀਆਂ ਹਰ ਕੋਈ ਖੁਆਵੇ ਨਾ
ਮਾਂ ਜਿਹਾ ਲਾਡ ਕੋਈ ਜੱਗ 'ਤੇ ਲਡਾਵੇ ਨਾ।
ਪੀੜਾਂ ਪ੍ਰਸੂਤੀ ਸਹਿ ਕੇ ਜੱਗ ਉਹ ਦਿਖਾਉਂਦੀਐ
ਆਪ ਦੁੱਖ ਪਾ ਕੇ ਸਾਨੂੰ ਲੋਰੀਆਂ ਸੁਣਾਉਂਦੀਐ।
ਸਾਡੇ ਨਾਲੋਂ ਪਹਿਲਾਂ ਕੋਈ ਚੀਜ਼ ਉਹ ਖਾਵੇ ਨਾੜ
ਸਬਰ ਦੀ ਹੈ ਮੂਰਤੀ ਤੇ ਸਿੱਖਿਆ ਭੰਡਾਰ ਉਹ
ਗੁਣਾਂ ਦੀ ਹੈ ਖਾਣ ਸਾਰੇ ਜੱਗ ਦਾ ਸ਼ਿੰਗਾਰ ਉਹ
ਮਿਹਨਤਾਂ ਨਾ' ਪਾਲੇ ਸਾਨੂੰ ਝੋਰਾ ਕੋਈ ਲਾਵੇ ਨਾੜ
ਜ਼ਿੰਦਗੀ ਦੇ ਗੁਰ ਉਹ ਚਾਵਾਂ ਨਾ' ਸਿਖਾਈ ਜਾਵੇ
ਉੱਚੀਆਂ ਤੇ ਸੁੱਚੀਆਂ ਕਈ ਮੰਜ਼ਿਲਾਂ ਦਿਖਾਈ ਜਾਵੇ
ਔਖੇ ਸੌਖੇ ਪਲਾਂ ਵਿੱਚ ਕਦੀ ਘਬਰਾਵੇ ਨਾ......
ਮਾਂ ਦੀਆਂ ਮੱਤਾਂ ਸਭ ਦਿਲਾਂ ਵਿੱਚ ਪਾਲ਼ੀਏ
ਹੁਨਰਾਂ ਦੇ ਨਾਲ ਆਪਾਂ ਜੀਵਨ ਸ਼ਿੰਗਾਰੀਏ
ਦਿਲੋਂ ਉਹ ਪਿਆਰ ਕਰੇ, ਅਹਿਸਾਨ ਜਤਾਵੇ ਨਾ......
ਮਾਂ ਦੀਆਂ ਕੀਤੀਆਂ ਨੂੰ ਕਦੇ ਵੀ ਭੁਲਾਈਏ ਨਾ
ਤੁਰ ਗਈ ਤੋਂ ਬਾਅਦ ਫਿਰ ਕਦੇ ਪਛਤਾਈਏ ਨਾ
ਮਾਂ ਦਾ ਪਿਆਰ 'ਮਾਨਾ' ਸਦਾ ਇਹ ਥਿਆਵੇ ਨਾ......

## ਪਾਣੀ ਜੀਵਨ ਧਾਰਾ...

ਹਰਪ੍ਰੀਤ ਪੱਤੋ



ਬੂੰਦ ਬੂੰਦ ਵਿੱਚ ਅੰਮ੍ਰਿਤ ਇਸ ਦੇ,
ਵਗਦੀ ਜੀਵਨ ਧਾਰਾ ਹੈ।
ਪਾਣੀ ਪਿਤਾ ਕਿਹਾ ਗੁਰੂ ਨੇ,
ਪੀ ਜੀਵੇ ਜੱਗ ਸਾਰਾ ਹੈ।
ਇਸ ਦੇ ਨਾਲ ਹਰੇ ਨੇ ਜੰਗਲ,
ਬਾਗ ਬਗੀਚੇ ਫੁੱਲ ਖਿੜੇ।
ਹੋਣ ਫ਼ਸਲਾਂ ਹਰੀਆਂ ਭਰੀਆਂ,
ਜਦ ਖੇਤਾਂ ਵਿੱਚ ਖੂਹ ਗਿੜੇ।
ਨਵਾਂ ਜੇ ਅਸੀਂ ਬਣਾ ਨ੍ਹੀਂ ਸਕਦੇ,
ਸੰਭਾਲ ਤਾਂ ਕਰ ਸਕਦੇ ਹਾਂ।
ਜੇ ਗੁਆਵਾਂਗੇ ਅਜਾਈਂ ਇਸਨੂੰ,
ਫੇਰ ਵੈਰੀ ਅਸੀਂ ਸਭ ਦੇ ਹਾਂ।

ਸੰਕੋਚ ਕੇ ਆਪਾਂ ਪਾਣੀ ਵਰਤੀਏ,
ਵਿਅਰਥ ਕਦੇ ਡੋਲ੍ਹੀਏ ਨਾ।
ਜੇ ਲੋੜ ਨ੍ਹੀਂ ਸਾਨੂੰ ਪਾਣੀ ਦੀ,
ਟੂਟੀ ਐਵੇਂ ਖੋਲ੍ਹੀਏ ਨਾ।
ਵੱਡਿਆਂ ਸਾਨੂੰ ਸਾਂਭ ਕੇ ਦਿੱਤਾ,
ਇਹੀ ਸਾਡੀ ਪੂੰਜੀ ਹੈ।
ਅਕਲਾਂ ਵਾਲੇ ਤੁਸੀਂ ਤਾਲੇ ਖੋਲ੍ਹੋ,
ਇਹ ਜੀਵਨ ਦੀ ਕੁੰਜੀ ਹੈ।
ਜੋ ਪਾਣੀ ਨੇ ਵਿਅਰਥ ਵਹਾਉਂਦੇ,
ਉਨ੍ਹਾਂ ਤਾਈਂ ਸਮਝਾਉ ਜੀ।
ਬਹੁਤ ਜ਼ਰੂਰੀ ਹੈ ਪਾਣੀ ਪੱਤੋ,
ਇਸ ਨੂੰ ਤੁਸੀਂ ਬਚਾਉ ਜੀ।

## ਜਲ੍ਹਿਆਂ ਵਾਲੇ ਬਾਗ਼ ਦੀ ਵਿਸਾਖੀ

ਹੀਰਾ ਸਿੰਘ ਦਰਦ



ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਗਈ।
ਓਹੀ ਵਿਸਾਖੀ ਆ ਗਈ !

ਇਕਦਰ ਮਸ਼ੀਨਾਂ ਬੀੜੀਆਂ,
ਇਕਦਰ ਨੇ ਤਣੀਆਂ ਛਾਤੀਆਂ,
ਇਕਦਰ ਸਬਰ ਦੀਆਂ ਆਹੀਆਂ,
ਇਕਦਰ ਜਬਰ ਦੀਆਂ ਕਾਤੀਆਂ,

ਉਹ ਬੇਗੁਨਾਹਾਂ ਦੇ ਖ਼ੂਨ ਵਿੱਚ
ਰਜ ਰਜ ਕੇ ਓਥੇ ਨ੍ਹਾਤੀਆਂ।
ਐ ਬਾਗ਼ ਜਲ੍ਹਿਆਂ ਵਾਲਿਆ

ਮੇਲੇ ਗਏ ਹੋਏ ਵੀਰ ਨੂੰ,
ਕੋਈ ਭੈਣ ਸਿਕਦੀ ਰਹਿ ਗਈ !
ਅਤੇ ਜਿਗਰ ਦੇ ਟੋਟੇ ਲਈ
ਅੰਬੜੀ ਪਟਿਕਦੀ ਰਹਿ ਗਈ !
ਨਾ ਜਾਈਂ ਅੱਜ ਦੀ ਰਾਤ ਵੇ
(ਕੋਈ) ਪ੍ਰੀਤਮ ਨੂੰ ਛਿਕਦੀ ਰਹਿ ਗਈ !
ਆਸਾਂ ਦੀ ਤੰਦੜੀ ਟੁਟ ਗਈ,
ਮੁੜ ਕੇ ਨਾ ਜਦ ਕੋਈ ਬਹੁੜਿਆ।
ਘਰ ਘਰ ਸੀ ਮਾਤਮ ਹੋ ਰਿਹਾ !

ਕੀ ਕਹਿਰ ਉਥੇ ਵਰਤਿਆ ?
ਬਸ ਓਹੀ ਦਸ ਹੈ ਸਕਦੀ,
ਜਿਸ ਉਥੇ ਗੁਜ਼ਾਰੀ ਰਾਤ ਸੀ।

ਜ਼ੁਲਮਾਂ ਦੀ ਕਾਲੀ ਰਾਤ ਸੀ,
ਚੁਪ ਮੌਤ ਵਾਂਙੂ ਛਾ ਰਹੀ,
ਲੋਥਾਂ ਦਾ ਲੱਗਾ ਢੇਰ ਸੀ,
ਲਹੂ ਦੀ ਨਦੀ ਸੀ ਵਹਿ ਰਹੀ।

ਬੈਠੀ ਸਰ੍ਹਾਂਦੀ ਪਤੀ ਦੇ
ਇਕ ਰਤਨ ਦਈ ਸੀ ਰੋ ਰਹੀ !
ਬਸ ਉਹੀ ਦਸ ਹੈ ਸਕਦੀ,
ਜਿਸ ਓਥੇ ਗੁਜ਼ਾਰੀ ਰਾਤ ਸੀ।

ਉਸ ਜਲ੍ਹਿਆਂ ਵਾਲੇ ਬਾਗ਼ ਵਿੱਚ,

ਜੋ ਲਹੂ ਸ਼ਹੀਦੀ ਡੁਲ੍ਹਿਆ
ਸਾਨੂੰ ਅਜੇ ਨਹੀਂ ਭੁਲਿਆ।
ਡਾਇਰ ਦੀ ਤਕ ਕੇ ਡਾਇਰੀ,
ਦਰਦਾਂ ਨੇ ਕੀਤੀ ਸ਼ਾਇਰੀ।
ਮਾਸੂਮ ਬੇ-ਹਥਿਆਰ ਤੇ,
ਸ਼ਸਤ੍ਰ ਚਲਾਣਾਂ ਕਾਇਰੀ।
ਲਾਹਨਤ ਹੈ ਉਸ ਤਹਿਜ਼ੀਬ ਨੂੰ,
ਜਿਸ ਏਹ ਕਿਆਮਤ ਲਿਆ ਧਰੀ।

ਓਸੇ ਸ਼ਹੀਦੀ ਖ਼ੂਨ 'ਚੋਂ,
ਇਕ ਮਰਦ ਪੈਦਾ ਹੋ ਗਿਆ।

ਇਕ ਦਰਦ ਪੈਦਾ ਹੋ ਗਿਆ।

ਜਿਸਦਾ ਆਜ਼ਾਦੀ ਮਜ਼ਹਬ ਹੈ,
ਹਿੰਦੀ ਹੈ ਨਾਉਂ ਸਦਾਉਂਦਾ।
ਭਾਰਤ ਨੂੰ ਕਹਿੰਦਾ ਮਾਉਂ ਹੈ,
ਵੀਰਾਂ ਨੂੰ ਛਾਤੀ ਲਾਉਂਦਾ।
ਆਖੇ ਇਹ ਪ੍ਰਣ ਮੈਂ ਨਿਭਾਉਣਾ,
ਡਾਇਰ ਨੂੰ ਹੁਣ ਮੈਂ ਮੁਕਾਉਣਾ।
ਕਾਲਖ ਦਾ ਟਿਕਾ ਏਹ ਗੁਲਾਮੀ,
ਮਥਿਓਂ ਹੁਣ ਲਾਹੁਣਾ।

ਆਜ਼ਾਦ ਕਰਨਾ ਵਤਨ ਨੂੰ,
ਅਗੇ ਹੀ ਅਗੇ ਜਾਵਣਾ।
ਨਹੀਂ ਪੈਰ ਪਿਛੇ ਪਾਵਣਾ।

ਇਹ ਕੂਕ ਹੁਣ ਤਕ ਆ ਰਹੀ,
ਉਸ ਜਲ੍ਹਿਆਂ ਦੇ ਬਾਗ਼ ਦੀ :-
ਐ ਹਿੰਦੀਆ ਤੂੰ ਸੌਂ ਰਿਹਾ,
ਪਰ ਰਤਨ ਦਈ ਹੈ ਜਾਗਦੀ।
ਉਠਕੇ ਸ਼ਹੀਦੀ ਬੰਨ੍ਹ ਗਾਨਾ,
ਵਤਨ ਉਤੋਂ ਜਿੰਦ ਘੁਮਾ,
ਆਜ਼ਾਦ ਹਿੰਦ ਕਰਕੇ ਵਿਖਾ।

ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਰਹੀ।
ਓਹੀ ਵਿਸਾਖੀ ਆ ਗਈ !

# ਵੰਦਨਾ ਕਟਾਰੀਆ ਨੇ ਸੁਨਹਿਰੀ ਕੈਰੀਅਰ ਦੇ ਸਿਖਰ 'ਤੇ ਲਿਆ ਸੰਨਿਆਸ

## ਭਾਰਤੀ ਮਹਿਲਾ ਹਾਕੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ 320 ਮੈਚ ਖੇਡੇ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਮਹਿਲਾ ਹਾਕੀ ਟੀਮ ਦੀ ਸੀਨੀਅਰ ਖਿਡਾਰਨ ਵੰਦਨਾ ਕਟਾਰੀਆ ਨੇ ਪਿਛਲੇ ਦਿਨੀਂ ਕੌਮਾਂਤਰੀ ਹਾਕੀ ਨੂੰ ਅਲਵਿਦਾ ਕਹਿ ਦਿੱਤਾ ਹੈ। ਉਸ ਨੇ ਕਿਹਾ ਕਿ ਉਹ ਆਪਣੇ 15 ਸਾਲਾਂ ਦੇ ਸੁਨਹਿਰੀ ਕੈਰੀਅਰ ਦੇ ਸਿਖਰ 'ਤੇ ਸੰਨਿਆਸ ਲੈ ਰਹੀ ਹੈ। ਭਾਰਤ ਲਈ 320 ਮੈਚ ਖੇਡ ਚੁੱਕੀ ਹਰਿਦੁਆਰ ਦੀ ਰਹਿਣ ਵਾਲੀ 32 ਸਾਲਾ ਸਟ੍ਰਾਈਕਰ ਕਟਾਰੀਆ ਨੇ ਭਾਰਤੀ ਮਹਿਲਾ ਹਾਕੀ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਮੈਚ ਖੇਡੇ ਹਨ। ਉਸ ਦੇ ਨਾਮ 158 ਗੋਲ ਵੀ ਦਰਜ ਹਨ। ਉਸ ਨੇ ਕਿਹਾ, 'ਅੱਜ ਭਾਰੇ ਦਿਲ ਨਾਲ ਮੈਂ ਕੌਮਾਂਤਰੀ ਹਾਕੀ ਤੋਂ ਸੰਨਿਆਸ ਲੈ ਰਹੀ ਹਾਂ। ਮੈਂ ਹਾਕੀ ਇਸ ਲਈ ਨਹੀਂ ਛੱਡ ਰਹੀ ਕਿਉਂਕਿ ਮੇਰੇ ਅੰਦਰ ਦੀ ਅੱਗ ਮੱਧਮ ਹੋ ਗਈ ਹੈ ਜਾਂ ਮੇਰੇ ਅੰਦਰ ਹਾਕੀ ਨਹੀਂ ਬਚੀ, ਸਗੋਂ ਇਸ ਲਈ ਲੈ ਰਹੀ ਹਾਂ, ਕਿਉਂਕਿ ਮੈਂ ਆਪਣੇ ਕੈਰੀਅਰ ਦੇ ਸਿਖਰ 'ਤੇ ਸੰਨਿਆਸ ਲੈਣਾ ਚਾਹੁੰਦੀ ਹਾਂ।' 2009 ਵਿੱਚ ਸੀਨੀਅਰ ਟੀਮ ਵਿੱਚ ਪਹਿਲਾ ਮੈਚ ਖੇਡਣ ਵਾਲੀ ਕਟਾਰੀਆ ਟੋਕੀਓ ਉਲੰਪਿਕ 2020 ਵਿੱਚ ਚੌਥੇ ਸਥਾਨ 'ਤੇ ਰਹੀ ਭਾਰਤੀ ਟੀਮ ਦਾ ਹਿੱਸਾ ਸੀ, ਜਿਸ ਵਿੱਚ ਉਸ ਨੇ ਹੈਟ੍ਰਿਕ ਵੀ ਲਾਈ ਸੀ। ਅਜਿਹਾ ਕਰਨ ਵਾਲੀ ਉਹ ਪਹਿਲੀ ਅਤੇ ਇਕਲੌਤੀ ਭਾਰਤੀ ਮਹਿਲਾ ਖਿਡਾਰਨ ਹੈ। ਉਸ ਨੇ ਕਿਹਾ, 'ਟੋਕੀਓ ਬਾਰੇ ਸੋਚ ਕੇ ਹਾਲੇ ਵੀ ਮੈਂ ਭਾਵੁਕ ਹੋ ਜਾਂਦੀ ਹਾਂ। ਉਹ ਉਲੰਪਿਕ ਖਾਸ ਸੀ ਅਤੇ ਦੱਖਣੀ ਅਫਰੀਕਾ ਖ਼ਿਲਾਫ਼ ਮੈਚ ਮੇਰੇ ਕਰੀਅਰ ਦਾ ਸਭ ਤੋਂ ਭਾਵੁਕ ਮੈਚ ਸੀ।'

ਕਟਾਰੀਆ 2016 ਅਤੇ 2023 ਮਹਿਲਾ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਨਾਲ-ਨਾਲ ਐੱਫ.ਆਈ.ਐੱਚ. ਹਾਕੀ ਮਹਿਲਾ ਨੇਸ਼ਨਜ਼ ਕੱਪ 2022 ਵਿੱਚ ਸੋਨ ਤ਼ਗਮਾ ਜੇਤੂ ਟੀਮ ਦਾ ਹਿੱਸਾ ਸੀ। ਉਸ ਨੇ 2018 ਏਸ਼ਿਆਈ ਖੇਡਾਂ ਅਤੇ 2018 ਚੈਂਪੀਅਨਜ਼ ਟਰਾਫੀ ਵਿੱਚ ਚਾਂਦੀ ਦਾ ਤ਼ਗਮਾ ਜਿੱਤਿਆ। ਉਹ 2022 ਰਾਸ਼ਟਰਮੰਡਲ ਖੇਡਾਂ, 2014 ਤੇ 2022 ਏਸ਼ਿਆਈ ਖੇਡਾਂ ਅਤੇ 2021-22 ਐੱਫ.ਆਈ.ਐੱਚ. ਪ੍ਰੋ ਲੀਗ ਵਿੱਚ ਕਾਂਸੇ ਦਾ ਤ਼ਗਮਾ ਜੇਤੂ ਭਾਰਤੀ ਟੀਮ ਦਾ ਵੀ ਹਿੱਸਾ ਸੀ। ਕਟਾਰੀਆ ਨੇ ਫਰਵਰੀ ਵਿੱਚ ਭੁਬਨੇਸ਼ਵਰ ਵਿੱਚ ਐੱਫ.ਆਈ.ਐੱਚ. ਪ੍ਰੋ ਲੀਗ 'ਚ ਭਾਰਤ ਲਈ ਆਪਣਾ ਆਖਰੀ ਮੈਚ ਖੇਡਿਆ ਸੀ।

# ਅਰਜਨਟੀਨਾ ਸ਼ੂਟਿੰਗ ਵਰਲਡ ਕੱਪ: ਸਿਫਤ ਕੌਰ ਸਮਰਾ ਨੇ ਜਿੱਤਿਆ ਸੋਨ ਤ਼ਗਮਾ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਨਿਸ਼ਾਨੇਬਾਜ਼ ਸਿਫਤ ਕੌਰ ਸਮਰਾ ਨੇ ਅਰਜਨਟੀਨਾ ਦੇ ਬਿਊਨਸ ਆਇਰਸ ਵਿੱਚ ਮਹਿਲਾ 50 ਮੀਟਰ ਰਾਈਫਲ 3 ਪੋਜੀਸ਼ਨ ਫਾਈਨਲ 'ਚ ਆਪਣਾ ਪਹਿਲਾ ਵਿਅਕਤੀਗਤ ਵਿਸ਼ਵ ਕੱਪ ਸੋਨ ਤਗਮਾ ਜਿੱਤਿਆ। ਫਰੀਦਕੋਟ ਦੀ 23 ਸਾਲਾ ਖਿਡਾਰਨ ਨੇ ਪਿਛਲੇ ਦਿਨੀਂ ਟੀਰੋ ਫੈਡਰਲ ਅਰਜਨਟੀਨੋ ਡੀ ਬਿਊਨਸ ਆਇਰਸ ਸ਼ੂਟਿੰਗ ਰੇਂਜ ਵਿੱਚ ਭਾਰਤ ਨੂੰ ਸੀਜ਼ਨ-ਓਪਨਿੰਗ ਵਿਸ਼ਵ ਕੱਪ ਸਟੇਜ ਈਵੈਂਟ ਦਾ ਪਹਿਲਾ ਸੋਨ ਤ਼ਗਮਾ ਦਿਵਾਇਆ।

ਸਿਫਤ ਨੇ 45-ਸ਼ਾਟ ਫਾਈਨਲ ਦੇ ਅੰਤ ਵਿੱਚ 458.6 ਅੰਕਾਂ ਨਾਲ ਸਮਾਪਤੀ ਕੀਤੀ, ਜਦੋਂ ਕਿ ਮੈਂਗੋਲਡ 455.3 ਦੇ ਨਾਲ 3.3 ਅੰਕ ਪਿੱਛੇ ਰਹੀ। ਮੁਕਾਬਲੇ ਦੇ ਪਹਿਲੇ ਦਿਨ ਪਹਿਲੇ ਫਾਈਨਲ ਵਿੱਚ ਤ਼ਗਮੇ ਜਿੱਤਣ ਤੋਂ ਖੁੰਝਣ ਤੋਂ ਬਾਅਦ ਭਾਰਤ ਹੁਣ ਮੁਕਾਬਲੇ ਦੇ ਦੂਜੇ ਦਿਨ ਦਾ ਅੰਤ ਇੱਕ ਸੋਨ ਅਤੇ ਇੱਕ ਕਾਂਸੀ ਦੇ ਤਗਮੇ ਹਾਸਲ ਕਰ ਚੁੱਕਾ ਹੈ, ਜੋ ਪਹਿਲਾਂ ਚੈਨ ਸਿੰਘ ਨੇ ਪੁਰਸ਼ਾਂ ਦੇ ਮੁਕਾਬਲੇ ਵਿੱਚ ਜਿੱਤਿਆ ਸੀ।

# ਹਾਕੀ: ਪੁਰਸ਼ ਏਸ਼ੀਆ ਕੱਪ 29 ਅਗਸਤ ਤੋਂ ਹੋਵੇਗਾ ਸ਼ੁਰੂ

ਨਵੀਂ ਦਿੱਲੀ/ਏ.ਟੀ.ਨਿਊਜ਼ : ਰਾਜਗੀਰ 29 ਅਗਸਤ ਤੋਂ 7 ਸਤੰਬਰ ਤੱਕ ਖੇਡੇ ਜਾਣ ਵਾਲੇ ਪੁਰਸ਼ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਕਰੇਗਾ।

ਇਹ ਬੈਲਜੀਅਮ ਅਤੇ ਨੈਦਰਲੈਂਡਜ਼ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਜਾਣ ਵਾਲੇ 2026 ਐੱਫ.ਆਈ.ਐੱਚ. ਵਿਸ਼ਵ ਕੱਪ ਲਈ ਕੁਆਲੀਫਾਇਰ ਵੀ ਹੋਵੇਗਾ। ਇਸ ਮਹਾਂਦੀਪੀ ਟੂਰਨਾਮੈਂਟ ਦੇ 12ਵੇਂ ਸੀਜ਼ਨ ਵਿੱਚ ਅੱਠ ਟੀਮਾਂ ਹਿੱਸਾ ਲੈਣਗੀਆਂ। ਭਾਰਤ, ਪਾਕਿਸਤਾਨ, ਜਪਾਨ, ਕੋਰੀਆ, ਚੀਨ ਅਤੇ ਮਲੇਸ਼ੀਆ ਤੋਂ ਇਲਾਵਾ ਬਾਕੀ ਦੋ ਟੀਮਾਂ ਕੁਆਲੀਫਾਇੰਗ ਮੁਕਾਬਲੇ ਏ.ਐੱਚ.ਐੱਫ. ਕੱਪ ਰਾਹੀਂ ਆਪਣੀ ਜਗ੍ਹਾ ਪੱਕੀ ਕਰਨਗੀਆਂ।

ਦੱਖਣੀ ਕੋਰੀਆ ਪੁਰਸ਼ ਏਸ਼ੀਆ ਕੱਪ ਦੇ ਇਤਿਹਾਸ ਦੀ ਸਭ ਤੋਂ ਸਫਲ ਟੀਮ ਹੈ, ਜਿਸ ਨੇ ਪੰਜ ਖਿਤਾਬ (1994, 1999, 2009, 2013 ਅਤੇ 2022) ਜਿੱਤੇ ਹਨ, ਇਸ ਤੋਂ ਬਾਅਦ ਭਾਰਤ (2003, 2007 ਤੇ 2017) ਅਤੇ ਪਾਕਿਸਤਾਨ (1982, 1985 ਤੇ 1989) ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਨੇ ਤਿੰਨ-ਤਿੰਨ ਵਾਰ ਟੂਰਨਾਮੈਂਟ ਜਿੱਤਿਆ ਹੈ।

# ਭਾਰਤੀ ਮੁੱਕੇਬਾਜ਼ਾਂ ਦੀ ਵਿਸ਼ਵ ਮੁੱਕੇਬਾਜ਼ੀ ਕੱਪ 'ਚ ਸ਼ਾਨਦਾਰ ਕਾਰਗੁਜ਼ਾਰੀ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਮੁੱਕੇਬਾਜ਼ਾਂ ਨੇ ਬ੍ਰਾਜ਼ੀਲ ਵਿੱਚ ਕਰਵਾਏ ਗਏ ਵਿਸ਼ਵ ਮੁੱਕੇਬਾਜ਼ੀ ਕੱਪ ਵਿੱਚ ਆਪਣੀ ਮੁਹਿੰਮ ਦਾ ਅੰਤ ਹਿਤੇਸ਼ ਦੇ ਸੋਨ ਤ਼ਗਮੇ ਸਮੇਤ ਛੇ ਤ਼ਗਮੇ ਜਿੱਤੇ ਹਨ। ਭਾਰਤ ਵਿਸ਼ਵ ਮੁੱਕੇਬਾਜ਼ੀ ਵੱਲੋਂ ਕਰਵਾਏ ਗਏ ਕਿਸੇ ਉੱਚ-ਪੱਧਰੀ ਕੌਮਾਂਤਰੀ ਮੁਕਾਬਲੇ ਵਿੱਚ ਪਹਿਲੀ ਵਾਰ ਹਿੱਸਾ ਲੈ ਰਿਹਾ ਸੀ। ਹਿਤੇਸ਼ ਵਿਸ਼ਵ ਮੁੱਕੇਬਾਜ਼ੀ ਕੱਪ ਵਿੱਚ ਸੋਨ ਤ਼ਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਮੁੱਕੇਬਾਜ਼ ਬਣ ਗਿਆ ਹੈ। ਉਸ ਦਾ ਵਿਰੋਧੀ ਇੰਗਲੈਂਡ ਦਾ ਓਡੇਲ ਕਮਾਰਾ ਜ਼ਖਮੀ ਹੋਣ ਕਾਰਨ 70 ਕਿਲੋ ਭਾਰ ਵਰਗ ਦੇ ਫਾਈਨਲ ਲਈ ਰਿੰਗ ਵਿੱਚ ਉੱਤਰ ਹੀ ਨਹੀਂ ਸਕਿਆ। ਭਾਰਤੀ ਮੁੱਕੇਬਾਜ਼ ਅਭਿਨਾਸ਼ ਜਾਮਵਾਲ ਨੇ ਵੀ 65 ਕਿਲੋ ਭਾਰ ਵਰਗ ਦੇ ਫਾਈਨਲ ਵਿੱਚ ਜਗ੍ਹਾ ਬਣਾਈ ਸੀ ਪਰ ਸਥਾਨਕ ਦਾਅਵੇਦਾਰ ਯੂਰੀ ਰੀਸ ਨੂੰ ਸਖ਼ਤ ਟੱਕਰ ਦੇਣ ਦੇ ਬਾਵਜੂਦ ਉਸ ਨੂੰ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ। ਇਸ ਤੋਂ ਇਲਾਵਾ ਭਾਰਤ ਦੇ ਜਾਦੂਮਨੀ ਸਿੰਘ (50 ਕਿਲੋ), ਮਨੀਸ਼ ਰਾਠੌਰ (55 ਕਿਲੋ), ਸਚਿਨ (60 ਕਿਲੋ) ਅਤੇ ਵਿਸ਼ਾਲ (90 ਕਿਲੋਗ੍ਰਾਮ) ਨੇ ਕਾਂਸੇ ਦੇ ਤ਼ਗਮੇ ਜਿੱਤੇ।

# ਖੇਡ ਤਕਨਾਲੋਜੀ ਨੇ ਬਦਲਿਆ ਖੇਡਾਂ ਦਾ ਚਿਹਰਾ ਮੋਹਰਾ

ਪ੍ਰੋ. ਹਰਦੀਪ ਸਿੰਘ ਸੰਗਰੂਰ

ਭਲੇ ਵੇਲਿਆਂ 'ਚ ਖੇਡਾਂ ਵਿੱਚ ਜੁਗਤ ਨਹੀਂ ਜ਼ੋਰ ਭਾਰੂ ਸੀ। ਵੱਡ-ਵੱਡੇਰੇ ਦੱਸਦੇ ਨੇ ਕਿ ਕਈ ਭਲਵਾਨ ਉਦੋਂ ਕਈ ਮਣ ਭਾਰੇ ਚੱਕੀ ਦੇ ਪੌਡ ਦਾ ਬਾਲਾ ਕੱਢ ਦਿੰਦੇ ਸੀ। ਤੀਹ ਤੀਹ ਕਿਲੋ ਭਾਰੇ ਮੁਗਦਰ ਫ਼ੇਰਨੇ ਤੇ ਕਈ ਕਈ ਹਜ਼ਾਰ ਡੰਡ ਪੇਲਣੇ ਖਿਡਾਰੀਆਂ ਤੇ ਭਲਵਾਨਾਂ ਦੀ ਵਰਜ਼ਿਸ਼ ਦਾ ਹਿੱਸਾ ਹੁੰਦਾ ਸੀ। ਉਦੋਂ ਖੇਡਾਂ ਸਿਰਫ਼ ਸਰੀਰਕ ਜ਼ੋਰ ਦੇ ਤਾਣ ਨਾਲ ਹੀ ਖੇਡੀਆਂ ਜਾਂਦੀਆਂ ਸੀ। ਉਹਨਾਂ ਖਿਡਾਰੀਆਂ ਦੀਆਂ ਖੁਰਾਕਾਂ ਵੀ ਬਹੁਤ ਸੀ। ਇੰਝ ਵੀ ਸੁਣੀਂਦਾ ਸੀ ਕਿ ਕਈ ਮੱਲ ਤਾਂ ਸਾਬਤ ਬੱਕਰਾ ਵੀ ਖਾ ਜਾਂਦੇ ਸੀ। ਸੇਰ ਸੇਰ ਦੇਸੀ ਘਿਉ ਪੀਣ ਵਾਲੇ, ਚਾਟੀ ਦੁੱਧ ਦੀ ਡਕਾਰ ਜਾਣ ਵਾਲੇ ਮੱਲਾਂ ਬਾਰੇ ਆਮ ਹੀ ਗੱਲਾਂ ਸੁਣਦੇ ਸੀ। ਜਿਹੋ ਜਿਹੀ ਉਹਨਾਂ ਦੀ ਖਾਧ-ਖੁਰਾਕ ਸੀ ਉਹੋ ਜਿਹੇ ਭਾਰੇ ਭਰਕਮ ਸਰੀਰਿਕ ਕੰਮ ਵੀ ਸਨ। ਉਸ ਵੇਲੇ ਖਿਡਾਰੀਆਂ ਨੂੰ ਇਹ ਨੀ ਸੀ ਪਤਾ ਹੁੰਦਾ ਵੀ ਉਹਨਾਂ ਦੀ ਖੇਡ ਯੋਗਤਾ ਨੂੰ ਵਧਾਉਣ ਲਈ ਕਿਹੜੇ ਤੱਤ ਜਾਂ ਕਿਹੋ ਜਿਹੀ ਖੁਰਾਕ ਸਹਾਈ ਹੋ ਸਕਦੀ ਹੈ ਪਰ ਸਮੇਂ ਦੇ ਗੇੜ ਨਾਲ ਖੇਡਾਂ ਦੀ ਦੁਨੀਆਂ ਅਖਾੜਿਆਂ ਤੇ ਛਿੰਝਾਂ 'ਚੋਂ ਨਿਕਲ, ਹਜ਼ਾਰਾਂ ਲੱਖਾਂ ਕੋਹਾਂ ਦਾ ਪੈਂਡਾ ਤੈਅ ਕਰਕੇ ਵਿਸ਼ਵ ਅਤੇ ਉਲੰਪਿਕ ਖੇਡਾਂ ਦੇ ਦਵਾਰ 'ਤੇ ਪਹੁੰਚ ਗਈ ਹੈ।

ਇਸ ਪਿੜ ਵਿੱਚ ਪਹੁੰਚ ਕੇ ਖਿਡਾਰੀ ਜ਼ੋਰ ਦੇ ਨਾਲ-ਨਾਲ ਜੁਗਤ ਅਤੇ ਤਕਨਾਲੋਜੀ ਦੇ ਸਹਾਰੇ ਨਾਲ ਨਿੱਤ ਪੁਰਾਣੇ ਰਿਕਾਰਡ ਭੰਨ ਨਵੇਂ ਸਿਰਜ ਰਹੇ ਨੇ। ਖਿਡਾਰੀਆਂ ਵੱਲੋਂ ਨਿੱਤ ਸਿਰਜੇ ਜਾ ਰਹੇ ਖੇਡ ਰਿਕਾਰਡਾਂ ਨੂੰ ਤੱਕ ਕੇ ਖੇਡ ਮਾਹਿਰ ਤੇ ਖੇਡ ਵਿਗਿਆਨੀ ਵੀ ਹੈਰਾਨ ਹਨ। ਖੇਡ ਜਗਤ ਵਿੱਚ ਖਿਡਾਰੀਆਂ ਦੇ ਪ੍ਰਦਰਸ਼ਨ ਵਿੱਚ ਆਈ ਇਸ ਤਰੱਕੀ ਵਿੱਚ ਵਿਗਿਆਨ ਅਤੇ ਖੇਡ ਤਕਨਾਲੋਜੀ ਦਾ ਅਹਿਮ ਯੋਗਦਾਨ ਹੈ। ਹੁਣ ਖੇਡਾਂ ਜ਼ੋਰ ਨਾਲ ਨੀ ਬਲਕਿ ਵਿਗਿਆਨਿਕ ਯੁਗਤ ਨਾਲ ਖੇਡੀਆਂ ਜਾਣ ਲੱਗੀਆਂ ਨੇ। ਹੁਣ ਖਿਡਾਰੀਆਂ ਨੂੰ ਤ਼ਗਮੇ ਜਿੱਤਣ ਲਈ ਖੇਡ ਗਰਾਊਂਡ ਹੀ ਨਹੀਂ, ਖੇਡ ਪ੍ਰਯੋਗਸ਼ਾਲਾ ਜਾਣ ਦੀ ਵੀ ਉਨੀ ਹੀ ਲੋੜ ਹੈ। ਗੱਲ ਕੀ, ਹੁਣ ਖੇਡ ਤਕਨਾਲੋਜੀ ਨੇ ਖੇਡਾਂ ਦਾ ਚਿਹਰਾ ਮੋਹਰਾ ਹੀ ਬਦਲ ਦਿੱਤਾ ਹੈ। ਜੇ ਅਸੀਂ ਸੰਨ 1896 ਦੀਆਂ ਪਹਿਲੀਆਂ ਨਵੀਨ ਉਲੰਪਿਕ ਖੇਡਾਂ 'ਚ ਦੌੜੀ ਗਈ 100 ਮੀਟਰ ਦੀ ਦੌੜ ਦੇ ਸਮੇਂ ਦੀ ਕਰੀਏ ਤਾਂ ਇਹ 12:00 ਸਕਿੰਟਾਂ ਦਾ ਸੀ ਪਰ ਹੁਣ ਇਹ 9:58 ਸਕਿੰਟਾਂ 'ਤੇ ਆ ਗਿਆ ਹੈ। ਉਦੋਂ ਦੌੜਾਕਾਂ ਦਾ ਸਮ੍ਹਾਂ ਰਿਕਾਰਡ ਕਰਨ ਲਈ ਦਸਤੀ ਸਟੌਪ ਵਾਚ ਨਾਲ ਲਿਆ ਜਾਂਦਾ ਸੀ ਤੇ ਹੁਣ ਇਲੈਕਟੋਨਿਕ ਘੜੀ ਨਾਲ ਮਾਪਿਆ ਜਾਂਦੈ। ਦੌੜ ਦੀ ਸਮਾਪਤੀ ਵੇਲੇ ਦੌੜਾਕ ਦੀ ਹਰੇਕ ਹਰਕਤ ਨੂੰ ਸਕਿੰਟਾਂ ਵਿੱਚ ਕੈਦ ਕਰਨ ਵਾਲੇ ਫ਼ੋਟੋ ਫ਼ਨਿੰਸ਼ ਕੈਮਰੇ ਇਹ ਨਿਰਣਾ ਕਰ ਦਿੰਦੇ ਨੇ ਕਿ ਰੇਸ ਸਮਾਪਤੀ ਵੇਲੇ ਕਿਹੜਾ ਦੌੜਾਕ ਮੂਹਰੇ ਸੀ। ਦੌੜਾਕਾਂ ਦੀ ਖੇਡ ਕਿੱਟ ਲੈਕਰਾ ਕੱਪੜੇ ਦੀ ਬਣੀ ਹੁੰਦੀ ਹੈ ਜਿਹੜੀ ਉਸਦੇ ਸਰੀਰ ਨੂੰ ਪਸੀਨਾ ਨਹੀਂ ਆਉਣ ਦਿੰਦੀ ਜਿਸ ਨੂੰ ਪਹਿਨ ਕੇ ਅਥਲੀਟ ਬਿਹਤਰ ਸਟ੍ਰੇਚ ਕਰਕੇ ਦੌੜ ਸਕਦੈ। ਇਹ ਸਭ ਤਕਨਾਲੋਜੀ ਨੇ ਹੀ ਸੰਭਵ ਕੀਤਾ ਹੈ। ਪੋਲ ਵਾਲਟ ਦਾ ਈਵੈਂਟ ਪਹਿਲਾਂ ਬਾਂਸ ਦੇ ਪੋਲ ਨਾਲ ਕੀਤਾ ਜਾਂਦਾ ਸੀ ਤੇ ਖਿਡਾਰੀ ਨਾ ਮਾਤਰ ਉੱਚਾਈ ਹੀ ਤੈਅ ਕਰ ਸਕਦਾ ਸੀ ਪਰ ਹੁਣ ਨੱਬੇ ਡਿਗਰੀ ਤਕ ਮੁੜਨ ਵਾਲਾ ਫ਼ਾਈਬਰ ਗਲਾਸ ਪੋਲ ਆ ਗਿਆ ਹੈ ਜਿਸ ਦੀ ਬਦੌਲਤ ਖਿਡਾਰੀ ਕੋਠੇ ਜਿਡੀ ਉੱਚੀ ਛਾਲ ਮਾਰ ਨਵੇਂ ਕੀਰਤੀਮਾਨ ਸਥਾਪਿਤ ਕਰ ਜਿੱਤ ਰਹੇ ਨੇ। ਰੂਸ ਦੇ ਪੋਲ ਵਾਲਟਰ ਸਰਗਈ ਬੁਬਕਾ ਨੇ ਅਨੇਕਾਂ ਵਾਰ ਆਪਣੇ ਸਿਰਜੇ ਹੋਏ ਰਿਕਾਰਡ ਭੰਨੇ। ਖਿਡਾਰੀਆਂ ਦੀ ਖੇਡ ਟ੍ਰੇਨਿੰਗ ਵਿੱਚ ਵੀ ਤਕਨਾਲੋਜੀ ਅਤੇ ਵਿਗਿਆਨ ਨੇ ਕਈ ਨਵੇਂ ਸਿਖਲਾਈ ਢੰਗ ਈਜ਼ਾਦ ਕੀਤੇ ਜਿਵੇਂ ਵੇਟ ਟ੍ਰੇਨਿੰਗ, ਫ਼ਾਰਟਲੇਕ ਟ੍ਰੇਨਿੰਗ, ਇੰਟਰਵਲ ਟ੍ਰੇਨਿੰਗ, ਸਰਕਟ ਟ੍ਰੇਨਿੰਗ ਅਤੇ ਦੁਹਰਾਉ ਵਿਧੀ ਨੇ ਖਿਡਾਰੀਆਂ ਦੇ ਖੇਡ ਪੱਧਰ ਅਤੇ ਆਤਮ ਵਿਸ਼ਵਾਸ ਨੂੰ ਉੱਚਾ ਚੁੱਕਿਆ ਹੈ। ਵੱਖ -ਵੱਖ ਖੇਡਾਂ ਵਿੱਚ ਤਕਨੀਕ ਨਾਲ ਬਦਲੇ ਪੈਂਤੜੇ ਅਤੇ ਸਟਾਈਲ ਨੇ ਵੀ ਖਿਡਾਰੀਆਂ ਦੇ ਪ੍ਰਦਰਸ਼ਨ ਵਿੱਚ ਹੈਰਾਨੀਜਨਕ ਸੁਧਾਰ ਕੀਤਾ ਹੈ। ਆਰਥੋਡੋਕਸ ਸਟਾਈਲ ਵਿੱਚ ਸੁੱਟੇ ਗਏ ਗੋਲੇ ਦੀ ਦੂਰੀ ਨਾਮਾਤਰ ਸੀ ਪਰ ਪੈਰੀ ਓਬਰਾਈਨ ਤੇ ਮੁੜ ਡਿਸਕੋ ਪੁਟ ਵਿਧੀ ਨੇ ਗੋਲਾ ਸੁਟਾਵਿਆਂ ਦੇ ਪ੍ਰਦਰਸ਼ਨ ਨੂੰ ਜਾਦੂਮਈ ਤਰੀਕੇ ਨਾਲ ਸੁਧਾਰਿਆ। ਇਵੇਂ ਹੀ ਉੱਚੀ ਛਾਲ ਵਿੱਚ ਆਏ ਫ਼ਾਸਬਰੀ ਫ਼ਲਾਪ ਸਟਾਈਲ ਅਤੇ ਲੰਬੀ ਛਾਲ ਵਿੱਚ ਈਜ਼ਾਦ ਹੋਏ ਸਾਈਕਲਿਕ ਸਟਾਈਲ ਨੂੰ ਆਪਣਾ ਕੇ ਇਹਨਾਂ ਈਵੇਂਟਾਂ ਦੇ ਖਿਡਾਰੀਆਂ ਨੇ ਨਵੇਂ ਰਿਕਾਰਡ ਬਣਾਏ। ਅਥਲੀਟ ਮਾਈਕ ਪਾਵੇਲ ਵਲੋਂ ਬਣਾਇਆ 8.95 ਮੀਟਰ ਲੰਬੀ ਛਾਲ ਦਾ ਰਿਕਾਰਡ ਇਸੇ ਗੱਲ ਦੀ ਹਾਮੀ ਭਰਦਾ ਹੈ। ਦੂਜੇ ਬੰਨੇ ਖਿਡਾਰੀਆਂ ਦੇ ਵਾਰਮ ਅੱਪ ਹੋਣ ਤੋਂ ਲੈ ਕੇ ਖੇਡ ਮੁਕਾਬਲੇ ਲਈ ਕੀਤੇ ਜਾਂਦੇ ਅਭਿਆਸ ਤੱਕ ਤਕਨਾਲੋਜੀ ਨੇ ਆਪਣੀ ਥਾਂ ਮੱਲ ਲਈ ਹੈ। ਕ੍ਰਿਕਟ ਖੇਡ ਵਿੱਚ ਬੱਲੇਬਾਜ਼ ਦੇ ਅਭਿਆਸ ਲਈ ਹੁਣ ਸਾਥੀ ਖਿਡਾਰੀ ਦੀ ਕੋਈ ਜ਼ਰੂਰਤ ਨਹੀਂ, ਹੁਣ ਉਹਦੇ ਕੋਲ ਬਾਲਿੰਗ ਮਸ਼ੀਨ ਹੈ ਜਿਹਦੇ ਵਿੱਚ ਬੱਲੇਬਾਜ਼ ਬਾਲਿੰਗ ਦੀ ਸਪੀਡ ਤੈਅ ਕਰਕੇ ਬਿਨਾਂ ਰੁਕੇ ਬੱਲੇਬਾਜ਼ੀ ਦੀ ਪ੍ਰੈਕਟਿਸ ਕਰ ਸਕਦਾ ਹੈ। ਇਹ ਬਾਲਿੰਗ ਮਸ਼ੀਨ 15 ਤੋਂ 80 ਮੀਲ ਪ੍ਰਤੀ ਘੰਟਾ ਦੀ ਗਤੀ ਨਾਲ ਗੇਂਦ ਨੂੰ ਸਪਿੰਨ, ਸਵਿੰਗ ਜਾਂ ਫ਼ੁਲ ਟਾਸ ਗਤੀ ਨਾਲ ਸੁੱਟ ਸਕਦੀ ਹੈ। ਫ਼ੀਲਡਿੰਗ ਮਸ਼ੀਨ ਜਿਸ ਟ੍ਰੇਨਿੰਗ ਟਰਨਟੇਬਲ ਆਖਦੇ ਨੇ, ਉਹ ਮੈਦਾਨ ਵਿੱਚ ਬੱਲੇਬਾਜ਼ ਨੂੰ ਬਾਲ ਪਾ ਕੇ ਤੇਜ਼ੀ ਨਾਲ ਫ਼ੀਲਡਰਜ਼ ਨੂੰ ਚੁਸਤ ਕਰਦੀ ਹੈ। ਇਹੋ ਜਿਹੀ ਤਕਨੀਕ ਵਾਲੀਆਂ ਮਸ਼ੀਨਾਂ ਹੁਣ ਟੈਨਿਸ ਅਤੇ ਹਾਕੀ ਖੇਡ ਵਿੱਚ ਵੀ ਆ ਗਈਆਂ ਨੇ ਜੋ ਹਾਕੀ ਖਿਡਾਰੀਆਂ ਨੂੰ ਦਾਅ ਪੇਚ ਸਿਖਾਉਣ 'ਚ ਮਦਦ ਕਰਦੀ ਹੈ ਤੇ ਟੈਨਿਸ ਖੇਡ ਵਿੱਚ 70 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਖਿਡਾਰੀ ਨੂੰ ਸਰਵਿਸ ਕਰਦੀ ਹੈ। ਕਿਹੜੀ ਖੇਡ ਲਈ ਕਿੰਨੀ ਖੁਰਾਕ ਦੀ ਜ਼ਰੂਰਤ ਹੈ, ਇਹ ਵੀ ਹੁਣ ਵਿਗਿਆਨਿਕ ਤਰੀਕੇ ਨਾਲ ਨਿਊਟਰੀਸ਼ੀਅਨ ਤੈਅ ਕਰਦਾ ਹੈ। ਹੁਣ ਅਜਿਹੀ ਘੜੀ ਉਪਲੱਬਧ ਹੈ ਜਿਸ ਨਾਲ ਖਿਡਾਰੀ ਨੂੰ ਉਸਦੇ ਦਿਲ ਦੀ ਗਤੀ ਦਾ ਪਤਾ ਲੱਗਦਾ ਰਹਿੰਦਾ ਹੈ ਤੇ ਅਭਿਆਸ ਦੌਰਾਨ ਉਹਨੇ ਕਿੰਨੀਆਂ ਕੈਲੋਰੀਜ਼ ਬਰਨ ਕੀਤੀਆਂ ਤੇ ਕਿੰਨੀਆਂ ਲੋੜੀਂਦੀਆਂ ਨੇ ਇਹ ਵੀ ਉਹ ਘੜੀ ਹੀ ਦੱਸਦੀ ਹੈ।



ਹੁਣ ਤਾਂ ਤਕਨੀਕ ਅਤੇ ਵਿਗਿਆਨ ਨੂੰ ਗੁਰੂ ਬਣਾ ਕੇ ਹੀ ਇਸ ਖੇਤਰ ਵਿੱਚ ਅੱਗੇ ਵਧਿਆ ਜਾ ਸਕਦਾ ਹੈ। ਜਿਹੜੇ ਮੁਲਕ ਅੱਜ ਵਿਸ਼ਵ ਪੱਧਰੀ ਅਤੇ ਉਲੰਪਿਕਸ ਮਹਾਕੁੰਭ ਵਿੱਚ ਤ਼ਗਮਿਆਂ ਦੇ ਮੀਂਹ 'ਚ ਨਹਾ ਰਹੇ ਨੇ ਉਨ੍ਹਾਂ ਨੇ ਤਕਨਾਲੋਜੀ ਨੂੰ ਅਪਣਾ ਕੇ ਹੀ ਆਪਣੇ ਖਿਡਾਰੀ ਤਿਆਰ ਕੀਤੇ ਨੇ। ਵਿਗਿਆਨ ਅਤੇ ਤਕਨਾਲੋਜੀ ਨੂੰ ਅਪਣਾਏ ਬਿਨਾ ਹੁਣ ਕੋਈ ਵੀ ਖਿਡਾਰੀ ਆਪਣੇ ਖੇਡ ਪ੍ਰਦਰਸ਼ਨ ਨੂੰ ਵਿਸ਼ਵ ਪੱਧਰੀ ਨਹੀਂ ਬਣਾ ਸਕਦਾ। ਹੁਣ ਸਾਨੂੰ ਜੈ ਜਵਾਨ, ਜੈ ਕਿਸਾਨ ਦੇ ਨਾਲ ਜੈ ਵਿਗਿਆਨ ਦੇ ਨਾਅਰੇ 'ਤੇ ਵੀ ਪਹਿਰਾ ਦੇਣ ਦੀ ਲੋੜ ਹੈ।

# ਅਲਵਿਦਾ 'ਭਾਰਤ ਕੁਮਾਰ'

## ਉੱਘੇ ਅਦਾਕਾਰ ਤੇ ਫ਼ਿਲਮਸਾਜ਼ ਮਨੋਜ ਕੁਮਾਰ ਦਾ ਦੇਹਾਂਤ








ਉੱਘੇ ਅਦਾਕਾਰ ਤੇ ਫ਼ਿਲਮਸਾਜ਼ ਮਨੋਜ ਕੁਮਾਰ ਦਾ ਸ਼ੁੱਕਰਵਾਰ ਵੱਡੇ ਤੜਕੇ ਮੁੰਬਈ ਦੇ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਉਹ 87 ਸਾਲਾਂ ਦੇ ਸਨ। ਅਦਾਕਾਰ 'ਸ਼ਹੀਦ', 'ਉਪਕਾਰ' ਅਤੇ 'ਪੂਰਬ ਔਰ ਪੱਛਮ' ਜਿਹੀਆਂ ਦੇਸ਼ ਭਗਤੀ ਵਾਲੀਆਂ ਫਿਲਮਾਂ ਕਰਕੇ 'ਭਾਰਤ ਕੁਮਾਰ' ਦੇ ਨਾਂ ਨਾਲ ਵੀ ਮਕਬੂਲ ਸੀ।

ਅਦਾਕਾਰ ਨੇ 1960ਵਿਆਂ ਦੇ ਅਖੀਰ ਤੇ 1970 ਦੇ ਦਹਾਕੇ ਦੌਰਾਨ ਕਈ ਸ਼ਾਨਦਾਰ ਫ਼ਿਲਮਾਂ ਨਾਲ ਬਾਕਸ ਆਫਿਸ 'ਤੇ ਰਾਜ ਕੀਤਾ। ਅਦਾਕਾਰ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ ਤੇ ਵਡੇਰੀ ਉਮਰ ਨਾਲ ਜੁੜੇ ਸਿਹਤ ਵਿਗਾੜਾਂ ਨਾਲ ਜੂਝ ਰਿਹਾ ਸੀ।

ਹਸਪਤਾਲ ਦੇ ਸੀ.ਈ.ਓ. ਤੇ ਕਾਰਜਕਾਰੀ ਡਾਇਰੈਕਟਰ ਡਾ. ਸੰਤੋਸ਼ ਸ਼ੈੱਟੀ ਨੇ ਕਿਹਾ, ''ਅਦਾਕਾਰ ਤੇ ਫ਼ਿਲਮਸਾਜ਼ ਪਿਛਲੇ ਕੁਝ ਹਫ਼ਤਿਆਂ ਤੋਂ ਹਸਪਤਾਲ ਵਿੱਚ ਦਾਖ਼ਲ ਸੀ।'' ਫ਼ਿਲਮਸਾਜ਼ ਦੇ ਪੁੱਤਰ ਕੁਨਾਲ ਨੇ ਦੱਸਿਆ ਕਿ ਉਸ ਦੇ ਪਿਤਾ ਕਈ ਸਿਹਤ ਵਿਗਾੜਾਂ ਨਾਲ ਜੂਝ ਰਹੇ ਸਨ ਤੇ ਪਿਛਲੇ ਕੁਝ ਸਾਲਾਂ ਤੋਂ ਮੰਜੇ 'ਤੇ ਹੀ ਸਨ। ਇਸ ਦੌਰਾਨ ਉਨ੍ਹਾਂ ਦਾ ਹਸਪਤਾਲ ਆਉਣਾ ਜਾਣਾ ਲੱਗਿਆ ਰਿਹਾ ਤੇ ਹਾਲ ਹੀ ਵਿੱਚ ਉਨ੍ਹਾਂ ਨੂੰ ਨਿਮੋਨੀਆ ਕਰਕੇ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਦਾਦਾ ਸਾਹਿਬ ਫਾਲਕੇ ਪੁਰਸਕਾਰ ਜੇਤੂ ਮਨੋਜ ਕੁਮਾਰ ਨੂੰ ਉਨ੍ਹਾਂ ਦੀਆਂ ਹਿੱਟ ਫਿਲਮਾਂ 'ਦੋ ਬਦਨ', 'ਹਰਿਆਲੀ ਔਰ ਰਾਸਤਾ' ਤੇ 'ਗੁਮਨਾਮ' ਲਈ ਵੀ ਜਾਣਿਆ ਜਾਂਦਾ ਹੈ।


ਮਨੋਜ ਕੁਮਾਰ ਦਾ ਅਸਲ ਨਾਮ ਹਰੀਕ੍ਰਿਸ਼ਨ ਗੋਸਵਾਮੀ ਸੀ ਤੇ ਉਨ੍ਹਾਂ ਦਾ ਜਨਮ ਅਣਵੰਡੇ ਭਾਰਤ ਦੇ ਐਬਟਾਬਾਦ (ਪਾਕਿਸਤਾਨ) ਵਿੱਚ ਪੰਜਾਬੀ ਹਿੰਦੂ ਪਰਿਵਾਰ ਵਿਚ ਹੋਇਆ ਸੀ। ਕੁਮਾਰ ਦਾ ਪਰਿਵਾਰ ਦੇਸ਼ ਵੰਡ ਦੌਰਾਨ ਦਿੱਲੀ ਆਇਆ ਸੀ। ਅਦਾਕਾਰ ਨੇ ਮੁੰਬਈ ਵਿੱਚ ਫ਼ਿਲਮਾਂ 'ਚ ਕਿਸਮਤ ਅਜ਼ਮਾਉਣ ਤੋਂ ਪਹਿਲਾਂ ਦਿੱਲੀ ਦੇ ਹਿੰਦੂ ਕਾਲਜ ਤੋਂ ਗਰੈਜੂਏਸ਼ਨ ਕੀਤੀ ਸੀ।



ਕੁੱਕੀ ਗਿੱਲ

# 'ਸੰਤੋਸ਼'

## ਦੀ ਰਿਲੀਜ਼ 'ਤੇ ਰੋਕ






ਭਾਰਤੀ ਫ਼ਿਲਮ ਸੈਂਸਰ ਬੋਰਡ ਨੇ ਭਾਰਤੀ ਪੁਲਿਸ ਫ਼ੋਰਸ ਵਿੱਚ ਔਰਤ-ਨਫ਼ਰਤ, ਇਸਲਾਮੋਫ਼ੋਬੀਆ ਅਤੇ ਹਿੰਸਾ ਦੇ ਚਿਤਰਣ ਬਾਰੇ ਚਿੰਤਾਵਾਂ ਕਾਰਨ ਆਲੋਚਨਾਤਮਿਕ ਤੌਰ 'ਤੇ ਪ੍ਰਸ਼ੰਸਾਯੋਗ ਫ਼ਿਲਮ ਸੰਤੋਸ਼ ਦੀ ਰਿਲੀਜ਼ ਨੂੰ ਰੋਕ ਦਿੱਤਾ ਹੈ।

ਬ੍ਰਿਟਿਸ਼-ਭਾਰਤੀ ਫ਼ਿਲਮ ਨਿਰਮਾਤਾ ਸੰਧਿਆ ਸੂਰੀ ਦੁਆਰਾ ਲਿਖੀ ਅਤੇ ਨਿਰਦੇਸ਼ਤ ਸੰਤੋਸ਼, ਉੱਤਰੀ ਭਾਰਤ ਵਿੱਚ ਸਥਿਤ ਹੈ ਅਤੇ ਇਸ ਨੇ ਇੱਕ ਨੌਜਵਾਨ ਵਿਧਵਾ ਦੇ ਚਿਤਰਣ ਲਈ ਅੰਤਰਰਾਸ਼ਟਰੀ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ ਜੋ ਪੁਲਿਸ ਫ਼ੋਰਸ ਵਿੱਚ ਸ਼ਾਮਲ ਹੁੰਦੀ ਹੈ ਅਤੇ ਇੱਕ ਨੌਜਵਾਨ ਦਲਿਤ ਕੁੜੀ ਦੇ ਕਤਲ ਦੀ ਜਾਂਚ ਕਰਦੀ ਹੈ।

ਇਹ ਫ਼ਿਲਮ ਭਾਰਤੀ ਪੁਲਿਸ ਫ਼ੋਰਸ ਦੇ ਭਿਆਨਕ ਤੱਤਾਂ ਦਾ ਇੱਕ ਅਡੋਲ ਕਾਲਪਨਿਕ ਚਿਤਰਣ ਹੈ, ਜਿਸ ਵਿੱਚ ਔਰਤਾਂ ਵਿਰੁੱਧ ਡੂੰਘੀ ਨਫ਼ਰਤ, ਦਲਿਤਾਂ ਭਾਰਤ ਵਿੱਚ ਸਭ ਤੋਂ ਨੀਵੀਂ ਜਾਤੀ ਜਿਸ ਨੂੰ ਪਹਿਲਾਂ ਅਛੂਤ ਕਿਹਾ ਜਾਂਦਾ ਸੀ ਵਿਰੁੱਧ ਵਿਤਕਰਾ ਅਤੇ ਪੁਲਿਸ ਅਧਿਕਾਰੀਆਂ ਦੁਆਰਾ ਦੁਰਵਿਵਹਾਰ ਅਤੇ ਤਸ਼ੱਦਦ ਦੇ ਆਮਕਰਨ ਨੂੰ ਦਰਸਾਇਆ ਗਿਆ ਹੈ।

ਇਹ ਫ਼ਿਲਮ ਭਾਰਤ ਵਿੱਚ ਜਿਨਸੀ ਹਿੰਸਾ, ਖਾਸ ਕਰਕੇ ਹੇਠਲੀ ਜਾਤੀ ਦੀਆਂ ਔਰਤਾਂ ਵਿਰੁੱਧ, ਅਤੇ ਦੇਸ਼ ਵਿੱਚ ਮੁਸਲਿਮ ਵਿਰੋਧੀ ਪੱਖਪਾਤ ਦੇ ਵਧ ਰਹੇ ਮੁੱਦੇ ਨਾਲ ਵੀ ਜੂਝਦੀ ਹੈ।

ਸੰਤੋਸ਼ ਨੇ ਕਾਨਸ ਫ਼ਿਲਮ ਫ਼ੈਸਟੀਵਲ ਵਿੱਚ ਵਿਆਪਕ ਪ੍ਰਸ਼ੰਸਾ ਨਾਲ ਆਪਣੀ ਸ਼ੁਰੂਆਤ ਕੀਤੀ। ਇਹ ਆਸਕਰ ਦੀ ਅੰਤਰਰਾਸ਼ਟਰੀ ਫ਼ੀਚਰ ਸ਼੍ਰੇਣੀ ਲਈ ਯੂ.ਕੇ. ਦੀ ਅਧਿਕਾਰਤ ਐਂਟਰੀ ਸੀ ਅਤੇ ਇਸ ਸਾਲ ਸਰਵੋਤਮ ਡੈਬਿਊ ਫ਼ੀਚਰ ਲਈ ਬਾਫ਼ਟਾ ਲਈ ਨਾਮਜ਼ਦ ਹੋਈ, ਨਾਲ ਹੀ ਸ਼ਾਨਦਾਰ ਸਮੀਖਿਆਵਾਂ ਪ੍ਰਾਪਤ ਹੋਈਆਂ, ਜਿਸ ਵਿੱਚ ਆਬਜ਼ਰਵਰ ਵਿੱਚ ਪੰਜ ਸਿਤਾਰੇ ਸ਼ਾਮਲ ਸਨ, ਜਿਸਨੇ ਇਸਨੂੰ ਅਸਾਧਾਰਨ ਪ੍ਰਾਪਤੀ ਕਿਹਾ। ਇਸ ਦੀ ਮੁੱਖ ਅਦਾਕਾਰਾਂ, ਸ਼ਹਾਨਾ ਗੋਸਵਾਮੀ ਨੇ ਹਾਲ ਹੀ ਵਿੱਚ ਏਸ਼ੀਅਨ ਫ਼ਿਲਮ ਅਵਾਰਡਾਂ ਵਿੱਚ ਸਰਵੋਤਮ ਅਦਾਕਾਰਾਂ ਦਾ ਪੁਰਸਕਾਰ ਜਿੱਤਿਆ। ਇਹ ਫ਼ਿਲਮ ਭਾਰਤ ਵਿੱਚ ਬਣਾਈ ਗਈ ਸੀ, ਇਸ ਵਿੱਚ ਪੂਰੀ ਤਰ੍ਹਾਂ ਭਾਰਤੀ ਕਲਾਕਾਰ ਹਨ ਅਤੇ ਇਹ ਸਾਰੀ ਹਿੰਦੀ ਵਿੱਚ ਹੈ, ਜੋ ਕਿ ਉੱਤਰੀ ਭਾਰਤ ਦੀ ਪ੍ਰਮੁੱਖ ਭਾਸ਼ਾ ਹੈ। ਫ਼ਿਲਮ ਨਿਰਮਾਤਾਵਾਂ ਨੇ ਪਹਿਲਾਂ ਭਾਰਤ ਵਿੱਚ ਫ਼ਿਲਮ ਬਣਾਉਣ ਲਈ ਸਕ੍ਰਿਪਟ ਜਮ੍ਹਾਂ ਕਰਵਾਈ ਸੀ ਅਤੇ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਆਈ ਸੀ। ਭਾਰਤ ਦੀ ਸਭ ਤੋਂ ਵੱਡੀ ਸਿਨੇਮਾ ਲੜੀ ਵੀ ਜਨਵਰੀ ਵਿੱਚ ਫ਼ਿਲਮ ਨੂੰ ਵੰਡਣ ਲਈ ਤਿਆਰ ਸੀ। ਹਾਲਾਂਕਿ, ਭਾਰਤੀ ਦਰਸ਼ਕ ਇਸਨੂੰ ਸਿਨੇਮਾ ਘਰਾਂ ਵਿੱਚ ਕਦੇ ਵੀ ਨਹੀਂ ਦੇਖ ਸਕਣਗੇ

ਕਿਉਂਕਿ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ (ਸੀ.ਬੀ.ਐਫ਼.ਸੀ.), ਇੱਕ ਸਰਕਾਰੀ ਸੰਸਥਾ ਜੋ ਸਾਰੀਆਂ ਸਿਨੇਮੈਟਿਕ ਰਿਲੀਜ਼ਾਂ ਨੂੰ ਮਨਜ਼ੂਰੀ ਦਿੰਦੀ ਹੈ, ਦੇ ਸੈਂਸਰਾਂ ਨੇ ਸੰਤੋਸ਼ ਲਈ ਪੁਲਿਸ ਦੇ ਨਕਾਰਾਤਮਕ ਚਿਤਰਣ ਬਾਰੇ ਚਿੰਤਾਵਾਂ ਕਾਰਨ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਫ਼ਿਲਮ ਦੇ ਲੇਖਕ ਅਤੇ ਨਿਰਦੇਸ਼ਕ, ਸੂਰੀ ਨੇ ਸੈਂਸਰਾਂ ਦੇ ਫ਼ੈਸਲੇ ਨੂੰ ਨਿਰਾਸ਼ਾਜਨਕ ਅਤੇ ਦਿਲ ਤੋੜਨ ਵਾਲਾ ਦੱਸਿਆ।

ਇਹ ਸਾਡੇ ਸਾਰਿਆਂ ਲਈ ਹੈਰਾਨੀਜਨਕ ਸੀ ਕਿਉਂਕਿ ਮੈਨੂੰ ਨਹੀਂ ਲੱਗਾ ਕਿ ਇਹ ਮੁੱਦੇ ਭਾਰਤੀ ਸਿਨੇਮਾ ਲਈ ਖਾਸ ਤੌਰ 'ਤੇ ਨਵੇਂ ਸਨ ਜਾਂ ਪਹਿਲਾਂ ਹੋਰ ਫ਼ਿਲਮਾਂ ਦੁਆਰਾ ਨਹੀਂ ਉਠਾਏ ਗਏ ਸਨ। ਸੂਰੀ ਨੇ ਕਿਹਾ ਕਿ ਸੈਂਸਰਾਂ ਨੇ ਇੰਨੇ ਲੰਬੇ ਅਤੇ ਵਿਆਪਕ ਕੱਟਾਂ ਦੀ ਸੂਚੀ ਦੀ ਮੰਗ ਕੀਤੀ ਸੀ ਕਿ ਉਹਨਾਂ ਨੂੰ ਲਾਗੂ ਕਰਨਾ ਅਸੰਭਵ ਹੋਵੇਗਾ।

ਕਾਨੂੰਨੀ ਪਾਬੰਦੀਆਂ ਨੇ ਉਸ ਨੂੰ ਸੈਂਸਰ ਦੀਆਂ ਮੰਗਾਂ ਦੇ ਸਹੀ ਵੇਰਵੇ ਸਾਂਝੇ ਕਰਨ ਤੋਂ ਰੋਕਿਆ, ਪਰ ਉਸਨੇ ਕਿਹਾ ਕਿ ਕੱਟਾਂ ਦੀ ਸੂਚੀ ਇੰਨੀ ਲੰਬੀ ਸੀ ਕਿ ਇਹ ਕਈ ਪੰਨਿਆਂ ਤੱਕ ਚੱਲੀ ਸੀ ਅਤੇ ਇਸ ਵਿੱਚ ਪੁਲਿਸ ਦੇ ਵਿਵਹਾਰ ਅਤੇ ਵਿਸ਼ਾਲ ਸਮਾਜਿਕ ਸਮੱਸਿਆਵਾਂ ਨਾਲ ਸਬੰਧਿਤ ਵਿਸ਼ਿਆਂ ਬਾਰੇ ਚਿੰਤਾਵਾਂ ਸ਼ਾਮਲ ਸਨ ਜੋ ਫ਼ਿਲਮ ਵਿੱਚ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ।

ਸੂਰੀ ਨੇ ਕਿਹਾ ਕਿ ਇਹ ਮੇਰੇ ਲਈ ਬਹੁਤ ਮਹੱਤਵਪੂਰਨ ਸੀ ਕਿ ਫ਼ਿਲਮ ਭਾਰਤ ਵਿੱਚ ਰਿਲੀਜ਼ ਹੋਵੇ ਇਸ ਲਈ ਮੈਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਕਿ ਕੀ ਇਸਨੂੰ ਕੰਮ ਕਰਨ ਦਾ ਕੋਈ ਤਰੀਕਾ ਹੈ। ਪਰ ਅੰਤ ਵਿੱਚ ਉਨ੍ਹਾਂ ਕੱਟਾਂ ਨੂੰ

ਬਣਾਉਣਾ ਅਤੇ ਇੱਕ ਅਜਿਹੀ ਫ਼ਿਲਮ ਬਣਾਉਣਾ ਬਹੁਤ ਮੁਸ਼ਕਿਲ ਸੀ ਜੋ ਅਜੇ ਵੀ ਸਮਝਦਾਰੀ ਵਾਲੀ ਹੋਵੇ, ਆਪਣੇ ਦ੍ਰਿਸ਼ਟੀਕੋਣ 'ਤੇ ਖਰੀ ਰਹਿਣ ਦੀ ਤਾਂ ਗੱਲ ਹੀ ਛੱਡ ਦਿਓ।

ਸੂਰੀ ਨੇ ਜ਼ੋਰ ਦੇ ਕੇ ਕਿਹਾ ਕਿ ਜਦੋਂ ਕਿ ਫ਼ਿਲਮ ਨੇ ਪੁਲਿਸ ਦਾ ਇੱਕ ਸਮਝੌਤਾ ਰਹਿਤ ਚਿਤਰਣ ਪੇਸ਼ ਕੀਤਾ, ਮੈਨੂੰ ਨਹੀਂ ਲੱਗਦਾ ਕਿ ਮੇਰੀ ਫ਼ਿਲਮ ਹਿੰਸਾ ਨੂੰ ਇਸ ਤਰੀਕੇ ਨਾਲ ਵਡਿਆਉਂਦੀ ਹੈ ਜਿਵੇਂ ਕਿ ਪੁਲਿਸ 'ਤੇ ਕੇਂਦਰਿਤ ਹੋਰ ਬਹੁਤ ਸਾਰੀਆਂ ਫ਼ਿਲਮਾਂ ਨੇ ਕੀਤਾ ਹੈ। ਇਸ ਬਾਰੇ ਕੁਝ ਵੀ ਸਨਸਨੀਖੇਜ਼ ਨਹੀਂ ਹੈ। ਸੈਂਸਰਸ਼ਿਪ ਬੋਰਡ ਦਾ ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਦੇ ਸੱਭਿਆਚਾਰਕ ਖੇਤਰ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਪੁਲਿਸਿੰਗ ਵਜੋਂ ਦੇਖਿਆ ਜਾ ਰਿਹਾ ਹੈ, ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਵਿਸ਼ਿਆਂ ਨਾਲ ਸੰਬੰਧਿਤ ਫ਼ਿਲਮਾਂ ਅਤੇ ਟੀ ਵੀ ਲੜੀਵਾਰਾਂ ਨੂੰ ਅਕਸਰ ਨਫ਼ਰਤ ਮੁਹਿੰਮਾਂ ਅਤੇ ਪੁਲਿਸ ਕੇਸਾਂ ਨਾਲ ਨਿਸ਼ਾਨਾ ਬਣਾਇਆ ਜਾਂਦਾ ਹੈ, ਜਾਂ ਸਟ੍ਰੀਮਿੰਗ ਪਲੇਟਫ਼ਾਰਮਾਂ ਦੁਆਰਾ ਰਿਲੀਜ਼ ਹੋਣ ਤੋਂ ਪਹਿਲਾਂ ਹੀ ਛੱਡ ਦਿੱਤਾ ਜਾਂਦਾ ਹੈ।

## ਟਰੰਪ ਨੇ ਵਪਾਰਕ ਜੰਗ ਛੇੜੀ,

ਕੰਪਨੀਆਂ ਦੀ ਆਮਦਨ ਅਤੇ ਰੁਜ਼ਗਾਰ 'ਤੇ ਦਬਾਅ ਪੈ ਸਕਦਾ ਹੈ। ਟੈਰਿਫ਼ ਦੇ ਪ੍ਰਭਾਵ ਕਾਰਨ, ਭਾਰਤੀ ਸਟਾਕ ਮਾਰਕੀਟ ਵਿੱਚ ਵੀ ਭਾਰੀ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲ ਰਹੇ ਹਨ। ਨਿਫ਼ਟੀ ਪਹਿਲਾਂ ਹੀ ਗਿਰਾਵਟ ਦੇ ਸੰਕੇਤ ਦਿਖਾ ਚੁੱਕਾ ਹੈ। ਸੈਂਸੈਕਸ ਅਤੇ ਨਿਫ਼ਟੀ ਵਰਗੇ ਸੂਚਕਾਂਕ ਵੀ ਦਬਾਅ ਹੇਠ ਆਉਣ ਦੀ ਸੰਭਾਵਨਾ ਹੈ ਕਿਉਂਕਿ ਵਿਸ਼ਵਵਿਆਪੀ ਅਨਿਸ਼ਚਿਤਤਾ ਕਾਰਨ ਵਿਦੇਸ਼ੀ ਨਿਵੇਸ਼ਕ ਭਾਰਤ ਤੋਂ ਪੂੰਜੀ ਕੱਢ ਰਹੇ ਹਨ। ਇੱਕ ਮਜ਼ਬੂਤ ਅਮਰੀਕੀ ਡਾਲਰ ਅਤੇ ਪੂੰਜੀ ਦਾ ਬਾਹਰ ਜਾਣ ਨਾਲ ਭਾਰਤੀ ਰੁਪਏ ਨੂੰ ਕਮਜ਼ੋਰ ਕੀਤਾ ਜਾ ਸਕਦਾ ਹੈ, ਜਿਸ ਨਾਲ ਦਰਾਮਦ ਮਹਿੰਗੀ ਹੋ ਸਕਦੀ ਹੈ ਅਤੇ ਮੁਦਰਾਸਫ਼ੀਤੀ ਵਧ ਸਕਦੀ ਹੈ। ਜੇਕਰ ਭਾਰਤ ਚੀਨ ਵਰਗੇ ਦੇਸ਼ਾਂ ਦੇ ਬਦਲ ਵਜੋਂ ਉੱਭਰਦਾ ਹੈ, ਜੋ ਅਮਰੀਕੀ ਟੈਰਿਫ਼ਾਂ ਤੋਂ ਪ੍ਰਭਾਵਿਤ ਹਨ, ਤਾਂ ਨਿਰਮਾਣ ਅਤੇ ਨਿਰਯਾਤ ਵਿੱਚ ਕੁਝ ਲਾਭ ਹੋ ਸਕਦਾ ਹੈ। ਹਾਲਾਂਕਿ, ਇਹ ਲੰਬੇ ਸਮੇਂ ਦੀ ਰਣਨੀਤੀ 'ਤੇ ਨਿਰਭਰ ਕਰੇਗਾ। ਟਰੰਪ ਦੇ ਟੈਰਿਫ਼ਾਂ ਦਾ ਪ੍ਰਭਾਵ ਸਿਰਫ਼ ਅਮਰੀਕਾ ਅਤੇ ਭਾਰਤ ਤੱਕ ਸੀਮਿਤ ਨਹੀਂ ਹੈ; ਇਸ ਦਾ ਅਸਰ ਵਿਸ਼ਵ ਅਰਥਵਿਵਸਥਾ 'ਤੇ ਵੀ ਪਵੇਗਾ।

ਇੰਟਰਨੈਸ਼ਨਲ ਚੈਂਬਰ ਆਫ਼ ਕਾਮਰਸ ਦੇ ਡਿਪਟੀ ਸੈਕਟਰੀ ਜਨਰਲ ਐਂਡਰਿਊ ਵਿਲਸਨ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਨੀਤੀ 1930 ਦੇ ਦਹਾਕੇ ਵਾਂਗ ਵਪਾਰ ਯੁੱਧ ਦਾ ਕਾਰਨ ਬਣ ਸਕਦੀ ਹੈ, ਜਿਸ ਨਾਲ ਵਿਸ਼ਵਵਿਆਪੀ ਮੰਦੀ ਸ਼ੁਰੂ ਹੋ ਸਕਦੀ ਹੈ। ਚੀਨ, ਵੀਅਤਨਾਮ ਅਤੇ ਇੰਡੋਨੇਸ਼ੀਆ ਵਰਗੇ ਦੇਸ਼ ਜੋ ਅਮਰੀਕੀ ਬਾਜ਼ਾਰ 'ਤੇ ਨਿਰਭਰ ਹਨ, ਉਨ੍ਹਾਂ 'ਤੇ ਭਾਰੀ ਅਸਰ ਪਵੇਗਾ। ਇਸ ਨਾਲ ਉਨ੍ਹਾਂ ਦੀ ਮੁਦਰਾ ਅਤੇ ਸਟਾਕ ਬਾਜ਼ਾਰਾਂ ਵਿੱਚ ਗਿਰਾਵਟ ਆ ਸਕਦੀ ਹੈ। ਵਿਸ਼ਵਵਿਆਪੀ ਮੰਗ ਵਿੱਚ ਗਿਰਾਵਟ ਦੇ ਡਰੋਂ ਬ੍ਰੈਂਟ ਕੱਚੇ ਤੇਲ ਦੀਆਂ ਕੀਮਤਾਂ 4% ਡਿੱਗ ਕੇ 71.55 ਡਾਲਰ ਪ੍ਰਤੀ ਬੈਰਲ ਹੋ ਗਈਆਂ। ਇਸ ਨਾਲ ਤੇਲ ਨਿਰਯਾਤ ਕਰਨ ਵਾਲੇ ਦੇਸ਼ਾਂ ਨੂੰ ਨੁਕਸਾਨ ਹੋਵੇਗਾ, ਪਰ ਭਾਰਤ ਵਰਗੇ ਆਯਾਤ ਕਰਨ ਵਾਲੇ ਦੇਸ਼ਾਂ ਨੂੰ ਕੁਝ ਰਾਹਤ ਮਿਲ ਸਕਦੀ ਹੈ।

ਯੂਰਪੀਅਨ ਯੂਨੀਅਨ ਅਤੇ ਜਾਪਾਨ ਵਰਗੇ ਖੇਤਰਾਂ ਦੇ ਸਟਾਕ ਬਾਜ਼ਾਰਾਂ ਵਿੱਚ ਵੀ ਗਿਰਾਵਟ ਦੇਖਣ ਨੂੰ ਮਿਲੀ, ਕਿਉਂਕਿ ਉਹ ਵੀ ਟੈਰਿਫ਼ ਦੇ ਅਧੀਨ ਹਨ। ਇਸ ਦਾ ਵਿਸ਼ਵਵਿਆਪੀ ਸਪਲਾਈ ਚੇਨਾਂ ਅਤੇ ਵਪਾਰ 'ਤੇ ਲੰਬੇ ਸਮੇਂ ਲਈ ਪ੍ਰਭਾਵ ਪੈ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਟੈਰਿਫ਼ ਨੀਤੀ ਇੱਕ ਗੱਲਬਾਤ ਦੀ ਚਾਲ ਹੋ ਸਕਦੀ ਹੈ ਅਤੇ ਇਹ ਜ਼ਿਆਦਾ ਦੇਰ ਤੱਕ ਨਹੀਂ ਚੱਲ ਸਕਦੀ। ਫ਼ਿਰ ਵੀ, ਨਿਵੇਸ਼ਕ ਇਸ ਅਨਿਸ਼ਚਿਤਤਾ ਦੇ ਮਾਹੌਲ ਵਿੱਚ ਸਾਵਧਾਨੀ ਵਰਤ ਰਹੇ ਹਨ।

ਹਾਲਾਂਕਿ ਮਾਹਰਾਂ ਦਾ ਕਹਿਣਾ ਹੈ ਕਿ ਭਾਰਤ ਆਪਣੇ ਰਵਾਇਤੀ ਵਿਰੋਧੀਆਂ ਦੇ ਮੁਕਾਬਲੇ ਬਿਹਤਰ ਸਥਿਤੀ ਵਿੱਚ ਹੈ, ਜਿਨ੍ਹਾਂ ਨੂੰ ਉਸ ਤੋਂ ਵੱਧ ਟੈਕਸ ਦਾ ਸਾਹਮਣਾ ਕਰਨਾ ਪਏਗਾ। ਸੋ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੋ-ਤਰਫ਼ਾ ਟੈਰਿਫ਼ ਨੂੰ ਚੁੱਪ-ਚਾਪ ਸਵੀਕਾਰ ਲਿਆ ਹੈ, ਜਦੋਂਕਿ ਇਸ ਦੇ ਉਲਟ ਯੂਰੋਪੀਅਨ ਯੂਨੀਅਨ, ਚੀਨ ਤੇ ਕੈਨੇਡਾ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਲਈ ਜਵਾਬੀ ਕਾਰਵਾਈ ਕਰਨ ਦੀ ਤਿਆਰੀ ਕਰ ਰਹੇ ਹਨ। ਭਾਰਤ ਲਈ ਰਾਹਤ ਦੀ ਗੱਲ ਇਹ ਹੈ ਕਿ ਇਸ ਦੇ ਮੁੱਖ ਮੁਕਾਬਲੇਬਾਜ਼ਾਂ- ਚੀਨ, ਵੀਅਤਨਾਮ, ਬੰਗਲਾਦੇਸ਼ ਤੇ ਥਾਈਲੈਂਡ, ਨੂੰ ਕਾਫ਼ੀ ਵੱਧ ਟੈਕਸ ਦਰਾਂ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ। ਨਵੀਂ ਦਿੱਲੀ ਇਹ ਉਮੀਦ ਵੀ ਕਰ ਰਿਹਾ ਹੈ ਕਿ ਵਾਸ਼ਿੰਗਟਨ ਨਾਲ ਵਿਚਾਰਿਆ ਜਾ ਰਿਹਾ ਦੁਵੱਲਾ ਵਪਾਰ ਸਮਝੌਤਾ ਟੈਰਿਫ਼ 'ਚ ਵਾਧੇ ਦੇ ਅਸਰਾਂ ਨੂੰ ਹਲਕਾ ਕਰਨ 'ਚ ਸਹਾਈ ਹੋਵੇਗਾ ਜਿਸ ਨਾਲ ਘਰੇਲੂ ਸਨਅਤਾਂ ਦੀ ਮਦਦ ਹੋਵੇਗੀ। ਇਸ ਤਰ੍ਹਾਂ ਭਾਰਤ ਲਈ ਇਹ ਸਥਿਤੀ ਬਿਪਤਾ 'ਚ ਮੌਕੇ ਵਰਗੀ ਹੈ ਕਿਉਂਕਿ ਦੇਸ਼ ਨੂੰ ਕਾਰੋਬਾਰੀ ਸੌਖ ਦਾ ਪੱਧਰ ਹੋਰ ਉੱਚਾ ਚੁੱਕਣ ਤੇ ਲਾਭ ਖੱਟਣ ਲਈ ਬੁਨਿਆਦੀ ਢਾਂਚੇ 'ਚ ਵੱਧ ਤੋਂ ਵੱਧ ਨਿਵੇਸ਼ ਕਰਨ ਦੀ ਲੋੜ ਹੈ। ਇਹ ਵੀ ਚਿੰਤਾਜਨਕ ਪੱਖ ਹੈ ਕਿ ਚੀਨ ਤੇ ਵੀਅਤਨਾਮ ਵਰਗੇ ਮੁਲਕ ਪਹਿਲਾਂ ਅਮਰੀਕਾ ਨੂੰ ਭੇਜੇ ਜਾਂਦੇ ਆਪਣੇ ਉਤਪਾਦਾਂ ਦਾ ਰੁਖ਼ ਹੁਣ ਸ਼ਾਇਦ ਭਾਰਤ ਵੱਲ ਮੋੜ ਸਕਦੇ ਹਨ, ਜਿਸ ਨਾਲ ਸਸਤੀਆਂ ਵਸਤਾਂ ਦੀ ਭਾਰਤ ਵਿੱਚ ਭਰਮਾਰ ਹੋ ਜਾਵੇਗੀ। ਭਾਰਤ ਪਹਿਲਾਂ ਹੀ ਚੀਨੀ ਮਾਲ ਨਾਲ ਭਰਿਆ ਪਿਆ ਹੈ। ਦੇਸ਼ ਦਾ ਵਪਾਰ ਘਾਟਾ ਵਿੱਤੀ ਸਾਲ 2023-24 ਵਿੱਚ ਵਧ ਕੇ 85 ਅਰਬ ਡਾਲਰ ਹੋ ਚੁੱਕਾ ਹੈ, ਜਦੋਂਕਿ ਭਾਰਤ ਵੱਲੋਂ ਚੀਨ ਨੂੰ ਹੁੰਦੀ ਬਰਾਮਦ ਘਟ ਰਹੀ ਹੈ।

ਭਾਰਤ ਦੇ ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, ਨਵੇਂ ਘਟਨਾਕ੍ਰਮ ਦੇ ਪ੍ਰਭਾਵ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਪ੍ਰਭਾਵਿਤ ਹੋਣ ਵਾਲੀਆਂ ਸਾਰੀਆਂ ਧਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾ ਰਿਹਾ ਹੈ। ਮੰਤਰਾਲੇ ਨੇ ਕਿਹਾ ਹੈ, 'ਅਮਰੀਕੀ ਵਪਾਰ ਨੀਤੀ ਵਿੱਚ ਹੋਏ ਨਵੇਂ ਬਦਲਾਵਾਂ ਕਾਰਨ ਪੈਦਾ ਹੋਣ ਵਾਲੇ ਨਵੇਂ ਮੌਕਿਆਂ ਦਾ ਵੀ ਅਧਿਐਨ ਕੀਤਾ ਜਾ ਰਿਹਾ ਹੈ।'

****

## ਪੰਜਾਬ ਉਪਰ ਕੀ

ਸੀਰੀਆ, ਈਰਾਨ, ਇਰਾਕ ਅਤੇ ਮੋਰੋਕੋ ਵਰਗੇ ਦੇਸ਼ ਪਹਿਲਾਂ ਹੀ ਸਾਡੇ ਤੋਂ ਸਮਾਨ ਖਰੀਦਣਾ ਬੰਦ ਕਰ ਚੁੱਕੇ ਹਨ, ਜਿਸ ਕਾਰਨ ਪੰਜਾਬ ਦਾ ਕਾਰੋਬਾਰ ਪਹਿਲਾਂ ਹੀ ਪ੍ਰਭਾਵਿਤ ਹੋ ਰਿਹਾ ਹੈ ਅਤੇ ਹੁਣ ਅਮਰੀਕਾ ਵੱਲੋਂ ਟੈਰਿਫ਼ ਲਗਾਉਣ ਨਾਲ, ਕਾਰੋਬਾਰ ਹੋਰ ਪ੍ਰਭਾਵਿਤ ਹੋਵੇਗਾ।

ਭਾਰਤ ਕਪਾਹ, ਮੱਕੀ ਵਰਗੀਆਂ ਫ਼ਸਲਾਂ ਆਪਣੇ ਦੇਸ਼ ਵਿੱਚ ਉਗਾਉਂਦਾ ਹੈ ਤਾਂ ਆਪਣੇ ਹੀ ਦੇਸ਼ ਵਿੱਚ ਚੰਗੀ ਕੀਮਤ ਉੱਤੇ ਵੇਚੇ। ਇਸ ਦੇ ਨਾਲ ਭਾਰਤੀ ਕਿਸਾਨ ਖ਼ਾਸ ਕਰ ਕੇ ਪੰਜਾਬ ਦੇ ਕਿਸਾਨਾਂ ਨੂੰ ਚੰਗਾ ਫ਼ਾਇਦਾ ਹੋ ਸਕਦਾ ਹੈ। ਖੇਤੀ ਮਾਹਿਰ ਦਵਿੰਦਰ ਸ਼ਰਮਾ ਕਹਿੰਦੇ ਹਨ ਕਿ ਅਮਰੀਕੀ ਰਾਸ਼ਟਰਪਤੀ ਨੇ ਆਪਣੇ ਦੇਸ਼ ਦੇ ਕਿਸਾਨਾਂ ਨੂੰ ਕਿਹਾ ਤੁਸੀਂ ਆਪਣੇ ਲਈ ਫ਼ਸਲ ਪੈਦਾ ਕਰੋ, ਅਸੀਂ ਆਪਣਾ ਖੇਤੀਬਾੜੀ ਖੇਤਰ ਮਜ਼ਬੂਤ ਕਰਾਂਗੇ ਤਾਂ ਭਾਰਤੀ ਕਿਸਾਨ ਆਪਣੇ ਆਪ ਨੂੰ ਮਜ਼ਬੂਤ ਕਿਉਂ ਨਹੀਂ ਕਰ ਸਕਦੇ। ਇਸ ਲਈ ਇਹ ਮੌਕਾ ਇੱਕ ਅਸ਼ੀਰਵਾਦ ਦੀ ਤਰ੍ਹਾਂ ਹੈ, ਭਾਰਤੀ ਕਿਸਾਨਾਂ ਨੂੰ ਆਪਣੀ ਫ਼ਸਲ ਆਪਣੇ ਲਈ ਹੀ ਉਗਾਉਣੀ ਚਾਹੀਦੀ ਹੈ ਤੇ ਭਾਰਤ ਸਰਕਾਰ ਨੂੰ ਉਹ ਫ਼ਸਲ ਚੰਗੀ ਕੀਮਤ ਉੱਤੇ ਖ਼ਰੀਦਣੀ ਚਾਹੀਦੀ ਹੈ।

***

## ਪੰਜਾਬ 'ਚ ਪਹਿਲਾਂ ਵਗਦੀਆਂ ਸਨ

ਇਸ ਤੋਂ ਪਹਿਲਾਂ 2020-21 ਵਿੱਚ ਇਹ 208 ਮਿਲੀਅਨ ਟਨ ਸੀ।

**ਦੁੱਧ ਦੀਆਂ ਕੀਮਤਾਂ 'ਚ ਵਾਧੇ ਦੇ ਕਾਰਨ** :ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਚਾਰੇ ਦੀਆਂ ਉੱਚੀਆਂ ਕੀਮਤਾਂ, ਕੁਝ ਸਾਲ ਪਹਿਲਾਂ ਮਹਾਂਮਾਰੀ ਦੇ ਕਾਰਨ ਦੁਧਾਰੂ ਪਸ਼ੂਆਂ ਦੀ ਘਾਟ ਅਤੇ ਉਤਪਾਦਕਤਾ ਵਿੱਚ ਆਈ ਗਿਰਾਵਟ ਨੇ ਦੇਸ਼ ਦੇ ਲਗਭਗ ਸਾਰੇ ਖੇਤਰਾਂ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਹੈ, ਜਿਸ ਨਾਲ ਭੋਜਨ ਦੀ ਅਟੁੱਟਤਾ ਪੈਦਾ ਹੋ ਗਈ ਹੈ। ਦੇਸ਼ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ।

ਕੁਝ ਸਮਾਂ ਪਹਿਲਾਂ ਅਮੂਲ ਬ੍ਰਾਂਡ ਨੇ ਦੁੱਧ ਦੀਆਂ ਕੀਮਤਾਂ ਵਧਾ ਦਿੱਤੀਆਂ ਸਨ। ਗੁਜਰਾਤ ਕੋਆਪ੍ਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ ਦਾ ਕਹਿਣਾ ਸੀ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਵੱਧ ਭੁਗਤਾਨ ਕਰਨ ਲਈ ਪ੍ਰਚੂਨ ਕੀਮਤਾਂ ਵਿੱਚ ਕਈ ਗੁਣਾ ਵਾਧਾ ਕੀਤਾ ਗਿਆ ਸੀ। ਇਸ ਤੋਂ ਇਲਾਵਾ ਮਦਰ ਡੇਅਰੀ ਅਤੇ ਵੇਰਕਾ ਵੱਲੋਂ ਵੀ ਦੁੱਧ ਦੀਆਂ ਕੀਮਤਾਂ 'ਚ ਵਾਧਾ ਕੀਤਾ ਗਿਆ। ਮੱਝਾਂ ਪਾਲਣ ਦੇ ਲਾਗਤ ਖ਼ਰਚੇ ਕਾਫ਼ੀ ਵਧ ਗਏ ਹਨ ਅਤੇ ਹੁਣ ਆਮ ਪਸ਼ੂ ਪਾਲਕਾਂ 'ਚ ਮੱਝਾਂ ਨੂੰ ਪਾਲ ਕੇ ਦੁੱਧ ਵੇਚਣ ਦਾ ਰੁਝਾਨ ਘਟਿਆ ਹੈ।

## ਪੰਜਾਬ 'ਚ ਦੁੱਧ ਤੇ ਹੋਰ ਪਦਾਰਥਾਂ

ਦੁੱਧ 'ਚ ਆਮ ਵਰਤੇ ਜਾਂਦੇ ਮਿਲਾਵਟੀ ਪਦਾਰਥਾਂ ਦੀ ਸ਼ਨਾਖ਼ਤ ਲਈ ਟੈਸਟਿੰਗ ਕਿੱਟਾਂ ਬਾਜ਼ਾਰ 'ਚ ਉਪਲਬਧ ਹਨ। ਇਨ੍ਹਾਂ ਉਤਪਾਦਾਂ ਨੂੰ ਕਿਫ਼ਾਇਤੀ ਬਣਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਇਹ ਆਸਾਨੀ ਨਾਲ ਵਰਤੇ ਜਾ ਸਕਣ ਵਾਲੇ ਤੇ ਸਰਲ ਹੋਣੇ ਚਾਹੀਦੇ ਹਨ ਤਾਂ ਕਿ ਖ਼ਪਤਕਾਰਾਂ ਦੇ ਨਾਲ-ਨਾਲ ਸਹਿਕਾਰੀ ਡੇਅਰੀ ਤੇ ਪਲਾਂਟ 'ਚ ਵੀ ਦੁੱਧ ਦੀ ਗੁਣਵੱਤਾ ਜਾਂਚੀ ਜਾ ਸਕੇ। ਇਸ ਦੇ ਨਾਲ-ਨਾਲ, ਖ਼ੁਰਾਕ ਸੁਰੱਖਿਆ ਏਜੰਸੀਆਂ ਨੂੰ ਚਾਹੀਦਾ ਹੈ ਕਿ ਉਹ ਖ਼ੁਰਾਕੀ ਪਦਾਰਥਾਂ ਦੇ ਨਿਰੀਖਣ ਤੇ ਜਾਂਚ ਲਈ ਅਗਾਊਂ ਸਰਗਰਮ ਹੋਣ। ਸੈਂਪਲ ਦੀ ਜਾਂਚ ਤੋਂ ਬਾਅਦ ਘਟੀਆ ਮਿਆਰਾਂ ਲਈ ਜ਼ਿੰਮੇਵਾਰਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਅਜਿਹੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ 'ਤੇ ਮਾੜੇ ਅਨਸਰਾਂ ਨੂੰ ਬਲ ਮਿਲਦਾ ਹੈ ਤੇ ਉਹ ਲੋਕਾਂ ਦੀ ਸਿਹਤ ਨਾਲ ਖੇਡਣਾ ਜਾਰੀ ਰੱਖਦੇ ਹਨ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

***

## ਕੀ ਡਰੱਗ ਸਪਲਾਈ ਦੇ ਦੋਸ਼ 'ਚ ਬਰਖ਼ਾਸਤ

ਆਪਣੀ ਨੌਕਰੀ ਦੌਰਾਨ ਉਹ ਜ਼ਿਆਦਾਤਰ ਮਾਲਵਾ ਖੇਤਰ ਵਿੱਚ ਤਾਇਨਾਤ ਰਹੀ। ਖ਼ਾਸ ਗੱਲ ਇਹ ਹੈ ਕਿ ਉਸ ਨੂੰ ਅਦਾਲਤ 'ਚ ਪੇਸ਼ ਕਰਨ ਤੋਂ ਪਹਿਲਾਂ ਉਸ ਦਾ ਡੋਪ ਟੈਸਟ ਕੀਤਾ ਗਿਆ ਸੀ ਜਿਸ 'ਚ ਉਸਦੀ ਰਿਪੋਰਟ ਨੈਗੇਟਿਵ ਆਈ।

ਮੀਡੀਆ ਰਿਪੋਟਾਂ ਅਨੁਸਾਰ 'ਚਿੱਟਾ' (ਹੈਰੋਇਨ) ਬਰਾਮਦ ਹੋਣ ਬਾਅਦ ਨੌਕਰੀ ਤੋਂ ਬਰਖ਼ਾਸਤ ਕੀਤੀ ਗਈ ਪੰਜਾਬ ਪੁਲਿਸ ਦੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਦੇ ਮਾਮਲੇ ਵਿੱਚ ਬਠਿੰਡਾ ਪੁਲਿਸ ਤੱਥ ਹੀ ਨਹੀਂ, ਸਗੋਂ ਕਥਿਤ ਦੋਸ਼ਣ ਨੂੰ ਵੀ ਲੁਕੋਣ ਲੱਗੀ ਹੈ, ਜਿਸ ਦੇ ਚੱਲਦਿਆਂ ਉਸ ਦਾ ਦੋ ਦਿਨਾਂ ਦਾ ਰਿਮਾਂਡ ਖ਼ਤਮ ਹੋਣ 'ਤੇ ਮੀਡੀਆ ਨੂੰ ਗੁੰਮਰਾਹ ਕਰਦੇ ਹੋਏ ਉਸ ਨੂੰ ਅਦਾਲਤ ਵਿੱਚ ਪਿਛਲੇ ਦਰਵਾਜੇ ਰਾਹੀਂ ਪੇਸ਼ ਕੀਤਾ ਗਿਆ। ਜਦਕਿ ਮੀਡੀਆ ਕਰਮੀ ਤੇ ਆਮ ਲੋਕ ਅਦਾਲਤੀ ਇਮਾਰਤ ਦੇ ਮੁੱਖ ਦਰਵਾਜੇ 'ਤੇ ਖੜ੍ਹੇ ਰਹਿ ਗਏ। ਇੱਥੇ ਹੀ ਬਸ ਨਹੀਂ ਉਸ ਦੇ ਤਿੰਨ ਦਿਨਾਂ ਦੇ ਰਿਮਾਂਡ ਦੌਰਾਨ ਪੁਲਿਸ ਅਜੇ ਤੱਕ ਉਸ ਦੇ ਮੂੰਹੋਂ ਇਸ ਧੰਦੇ ਦੀ ਅਸਲੀਅਤ ਨਹੀਂ ਕਢਵਾ ਸਕੀ ਤੇ ਨਾ ਹੀ ਉਸ ਨਾਲ ਮੁਕੱਦਮੇ ਵਿੱਚ ਨਾਮਜ਼ਦ ਕੀਤੇ ਗਏ ਉਸ ਦੇ ਸਾਥੀ ਬਲਵਿੰਦਰ ਸਿੰਘ ਸੋਨੂੰ ਨੂੰ ਗ੍ਰਿਫ਼ਤਾਰ ਕਰ ਸਕੀ ਹੈ।

ਇਸ ਸਬੰਧੀ ਐਸ.ਪੀ.(ਸਿਟੀ) ਨਰਿੰਦਰ ਸਿੰਘ ਨੇ ਸਿਰਫ਼ ਐਨਾ ਹੀ ਦੱਸਿਆ ਕਿ ਅਜੇ ਕੁਝ ਹੋਰ ਜਾਣਕਾਰੀ ਹਾਸਲ ਕਰਨ ਲਈ ਉਸ ਦਾ ਅਦਾਲਤ ਤੋਂ ਦੋ ਦਿਨਾਂ ਦਾ ਹੋਰ ਰਿਮਾਂਡ ਲਿਆ ਗਿਆ ਹੈ ਤੇ ਉਸ ਦੇ ਸਾਥੀ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਉਸ ਨਾਲ ਕੁਝ ਉੱਚ-ਪੁਲਿਸ ਅਧਿਕਾਰੀਆਂ ਜਾਂ ਹੋਰ ਲੋਕਾਂ ਦੀ ਨੇੜਤਾ ਜਾਣਨ ਲਈ ਪੁਲਿਸ ਵੱਲੋਂ ਉਸ ਦੇ ਮੋਬਾਈਲ ਫੋਨਾਂ ਨੂੰ ਜਾਂਚ ਲਈ ਚੰਡੀਗੜ੍ਹ ਵਿਖੇ ਲੈਬਾਰਟਰੀ ਵਿੱਚ ਭੇਜਿਆ ਗਿਆ ਹੈ।

***

## ਦੁਨੀਆਂ ਦੇ ਸਭ ਤੋਂ ਤਾਕਤਵਰ

ਇਸ ਦੇ ਨਾਲ ਹੀ ਪਾਕਿਸਤਾਨੀ ਪਾਸਪੋਰਟ ਹਮੇਸ਼ਾ ਵਾਂਗ ਦੁਨੀਆਂ ਦੇ ਸਭ ਤੋਂ ਕਮਜ਼ੋਰ ਪਾਸਪੋਰਟਾਂ ਦੀ ਸੂਚੀ ਵਿੱਚ ਸ਼ਾਮਲ ਹੈ। ਸੀ.ਐਨ.ਬੀ.ਸੀ ਅਨੁਸਾਰ ਨੋਮੈਡ ਕੈਪੀਟਲਿਸਟ ਦਾ ਪਾਸਪੋਰਟਾਂ ਅਤੇ ਉਨ੍ਹਾਂ ਦੀਆਂ ਅੰਤਰਰਾਸ਼ਟਰੀ ਸ਼ਕਤੀਆਂ ਦਾ ਵਿਸ਼ਲੇਸ਼ਣ ਕਰਨ ਦਾ ਪੈਟਰਨ ਦੂਜੀਆਂ ਦਰਜਾਬੰਦੀਆਂ ਤੋਂ ਵੱਖਰਾ ਹੈ ਜੋ ਸਿਰਫ ਉਨ੍ਹਾਂ ਦੀ ਵੀਜ਼ਾ-ਮੁਕਤ ਯਾਤਰਾ ਸ਼ਕਤੀ ਨੂੰ ਮਹੱਤਵ ਦਿੰਦੇ ਹਨ।

ਅੱਜ ਦੀ ਬਦਲਦੀ ਦੁਨੀਆਂ ਵਿੱਚ ਨੋਮੈਡ ਪਾਸਪੋਰਟ ਇੰਡੈਕਸ ਇਸ ਗੱਲ 'ਤੇ ਨਜ਼ਰ ਰੱਖਦਾ ਹੈ ਕਿ ਹਰੇਕ ਦੇਸ਼ ਦਾ ਪਾਸਪੋਰਟ ਸਾਲਾਨਾ ਆਧਾਰ 'ਤੇ ਕਿਵੇਂ ਵਿਕਸਤ ਹੁੰਦਾ ਹੈ। ਦੇਸ਼ਾਂ ਦਾ ਵਿਸ਼ਵਵਿਆਪੀ ਪ੍ਰਭਾਵ ਕਿਵੇਂ ਬਦਲ ਰਿਹਾ ਹੈ। ਨੋਮੈਡ ਕੈਪੀਟਲਿਸਟ ਪੰਜ ਮੁੱਖ ਕਾਰਕਾਂ ਦੇ ਆਧਾਰ 'ਤੇ ਦੁਨੀਆਂ ਭਰ ਦੇ ਪਾਸਪੋਰਟਾਂ ਦੀ ਦਰਜਾਬੰਦੀ ਕਰਦਾ ਹੈ: ਵੀਜ਼ਾ-ਮੁਕਤ ਯਾਤਰਾ (50%), ਟੈਕਸੇਸ਼ਨ (20%), ਗਲੋਬਲ ਧਾਰਨਾ (10%), ਦੋਹਰੀ ਨਾਗਰਿਕਤਾ (10%), ਅਤੇ ਨਿੱਜੀ ਆਜ਼ਾਦੀ (10%)।

199 ਦੇਸ਼ਾਂ ਦਾ ਮੁਲਾਂਕਣ ਕਰਦੇ ਹੋਏ ਨੋਮੈਡ ਕੈਪੀਟਲਿਸਟ ਪਾਸਪੋਰਟ ਇੰਡੈਕਸ 2025 ਨੇ ਆਇਰਲੈਂਡ ਨੂੰ 109 ਦੇ 'ਨੋਮੈਡ ਪਾਸਪੋਰਟ ਸਕੋਰ' ਨਾਲ ਸਿਖਰ 'ਤੇ ਰੱਖਿਆ। ਪਿਛਲੇ ਸਾਲ ਇਹ ਸਵਿਟਜ਼ਰਲੈਂਡ ਤੋਂ ਲੀਡ ਗੁਆ ਬੈਠਾ ਸੀ। ਹਾਲਾਂਕਿ ਇਸ ਸਾਲ ਦੀ ਜਿੱਤ ਤੋਂ ਇਲਾਵਾ ਆਇਰਲੈਂਡ ਨੇ 2020 ਵਿੱਚ ਲਕਸਮਬਰਗ ਅਤੇ ਸਵੀਡਨ ਨਾਲ ਨੰਬਰ 1 ਰੈਂਕਿੰਗ ਸਾਂਝੀ ਕੀਤੀ। ਨੋਮੈਡ ਕੈਪੀਟਲਿਸਟ ਦੇ ਖੋਜ ਸਹਿਯੋਗੀ ਜੇਵੀਅਰ ਕੋਰੀਆ ਨੇ ਦੱਸਿਆ, 'ਆਇਰਲੈਂਡ ਨੇ ਦੇਸ਼ ਦੀ ਮਜ਼ਬੂਤ ਅੰਤਰਰਾਸ਼ਟਰੀ ਸਾਖ, ਕਾਰੋਬਾਰ-ਅਨੁਕੂਲ ਟੈਕਸ ਨੀਤੀਆਂ ਅਤੇ ਸਮੁੱਚੀ ਨਾਗਰਿਕਤਾ ਲਚਕਤਾ ਕਾਰਨ ਰੈਂਕਿੰਗ ਵਿੱਚ ਵਾਧਾ ਕੀਤਾ ਹੈ।' ਆਇਰਲੈਂਡ ਦੇ ਸਿਖਰਲੇ ਸਥਾਨ ਤੋਂ ਇਲਾਵਾ ਚੋਟੀ ਦੇ 10 ਸਭ ਤੋਂ ਮਜ਼ਬੂਤ ? ?ਪਾਸਪੋਰਟਾਂ ਦੀ ਸੂਚੀ ਵਿੱਚ ਹੋਰ ਦੇਸ਼ ਸਵਿਟਜ਼ਰਲੈਂਡ (ਦੂਜਾ), ਗ੍ਰੀਸ (ਦੂਜਾ), ਪੁਰਤਗਾਲ (ਚੌਥਾ), ਮਾਲਟਾ (5ਵਾਂ), ਇਟਲੀ (5ਵਾਂ), ਲਕਸਮਬਰਗ (7ਵਾਂ), ਫਿਨਲੈਂਡ (7ਵਾਂ), ਨਾਰਵੇ (7ਵਾਂ), ਸੰਯੁਕਤ ਅਰਬ ਅਮੀਰਾਤ (10ਵਾਂ), ਨਿਊਜ਼ੀਲੈਂਡ (10ਵਾਂ) ਅਤੇ ਆਈਸਲੈਂਡ (10ਵਾਂ) ਹਨ।

***

## ਐਮ.ਪੀ. ਸੁਖ ਧਾਲੀਵਾਲ 'ਮਨੁੱਖੀ ਅਧਿਕਾਰਾਂ ਦਾ ਰਾਖਾ'

ਮੀਡੀਆ ਸ਼ਖ਼ਸੀਅਤ ਕਮਲਜੀਤ ਸਿੰਘ ਥਿੰਦ ਨੇ ਅਨੁਭਵ ਸਾਂਝੇ ਕਰਦਿਆਂ ਦੱਸਿਆ ਕਿ ਐਮ.ਪੀ. ਸੁੱਖ ਧਾਲੀਵਾਲ ਇਮੀਗ੍ਰੇਸ਼ਨ ਸਬੰਧੀ ਮਸਲਿਆਂ 'ਤੇ ਵੀ ਦ੍ਰਿੜ੍ਹਤਾ ਨਾਲ ਖੜੇ ਹੁੰਦੇ ਹਨ ਅਤੇ ਲੋਕਾਂ ਦੀ ਆਵਾਜ਼ ਬਣਦੇ ਹਨ।

ਮਾਨਵੀ ਅਧਿਕਾਰ ਪੁਰਸਕਾਰ ਮਿਲਣ 'ਤੇ ਐਮ.ਪੀ. ਸੁਖ ਧਾਲੀਵਾਲ ਨੇ ਬੋਲਦਿਆਂ ਕਿਹਾ ਕਿ ਉਹ ਸਿੱਖ ਨਸਲਕੁਸ਼ੀ ਸਮੇਤ ਮਨੁੱਖੀ ਅਧਿਕਾਰ ਮਸਲਿਆਂ 'ਤੇ ਹਮੇਸ਼ਾ ਡਟ ਕੇ ਪਹਿਰਾ ਦਿੰਦੇ ਰਹਿਣਗੇ। ਉਹਨਾਂ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ, ਵਿਦੇਸ਼ੀ ਦਖ਼ਲ-ਅੰਦਾਜ਼ੀ ਦੇ ਮਾਮਲੇ ਅਤੇ ਏਅਰ ਇੰਡੀਆ ਪਟੀਸ਼ਨ ਸਬੰਧੀ ਆਪਣੇ ਸੰਘਰਸ਼ਮਈ ਪਹਿਲੂਆਂ 'ਤੇ ਰੋਸ਼ਨੀ ਪਾਈ। ਉਹਨਾਂ ਰੈਡੀਕਲ ਦੇਸੀ ਵੱਲੋਂ ਮਨੁੱਖੀ ਅਧਿਕਾਰ ਪੁਰਸਕਾਰ ਦਿੱਤੇ ਜਾਣ 'ਤੇ ਹਾਰਦਿਕ ਧੰਨਵਾਦ ਕੀਤਾ। ਲਿਬਰਲ ਐਮ.ਪੀ. ਸੁੱਖ ਧਾਲੀਵਾਲ ਦਾ 'ਮਨੁੱਖੀ ਅਧਿਕਾਰਾਂ ਦੇ ਰਾਖੇ' ਵਜੋਂ ਸਨਮਾਨ ਪ੍ਰਭਾਵਸ਼ਾਲੀ ਸਮਾਗਮ ਦਾ ਰੂਪ ਅਖਤਿਆਰ ਕਰ ਗਿਆ।

***

## ਟਰੰਪ ਨੇ ਪੈਂਗੁਇਨ ਅਤੇ ਸੀਲ ਵਰਗੇ ਜੀਵਾਂ

ਰਹਿੰਦੇ ਹਨ, ਇਨਸਾਨ ਨਹੀਂ। ਜੇ ਤੁਸੀਂ ਹਰਡ ਅਤੇ ਮੈਕਡੋਨਲਡ ਆਈਲੈਂਡ ਨੂੰ ਦੁਨੀਆ ਦੇ ਨਕਸ਼ੇ 'ਤੇ ਦੇਖੋਗੇ, ਤਾਂ ਇਹ ਕਿਸੇ ਕੋਨੇ ਵਿੱਚ ਇੱਕ ਬਿੰਦੂ ਵਾਂਗ ਦਿਖਾਈ ਦੇਵੇਗਾ। ਇਹ ਛੋਟੀ ਜਿਹੀ ਧਰਤੀ ਹਿੰਦ ਮਹਾਂਸਾਗਰ ਵਿੱਚ ਸਥਿਤ ਹੈ। ਇਸਦਾ ਸਥਾਨ ਆਸਟ੍ਰੇਲੀਆ ਅਤੇ ਅਫ਼ਰੀਕਾ ਦੇ ਵਿਚਕਾਰ ਹੈ। ਆਸਟ੍ਰੇਲੀਆ ਦੇ ਪਰਥ ਸ਼ਹਿਰ ਤੋਂ ਦੋ ਹਫ਼ਤਿਆਂ ਦੀ ਕਿਸ਼ਤੀ ਯਾਤਰਾ ਦੁਆਰਾ ਇੱਥੇ ਪਹੁੰਚਿਆ ਜਾ ਸਕਦਾ ਹੈ। ਇਸ ਵੇਲੇ ਇਸ ਟਾਪੂ 'ਤੇ ਕੋਈ ਮਨੁੱਖ ਨਹੀਂ ਰਹਿੰਦਾ ਅਤੇ ਇਹ ਸਿਰਫ਼ ਪੈਂਗੁਇਨ ਪੰਛੀਆਂ ਦਾ ਘਰ ਹੈ। 368 ਵਰਗ ਕਿਲੋਮੀਟਰ ਦੇ ਇਸ ਖੇਤਰ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜਿਸਦੀ ਉਚਾਈ ਸਮੁੰਦਰ ਤਲ ਤੋਂ 2,745 ਮੀਟਰ ਹੈ।

ਟਰੰਪ ਪ੍ਰਸ਼ਾਸਨ ਨੇ ਦਿੱਤਾ ਸਪੱਸ਼ਟੀਕਰਨ

ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਦੇ ਅਨੁਸਾਰ ਇਸ ਅਣ-ਆਬਾਦ ਟਾਪੂ 'ਤੇ ਟੈਰਿਫ਼ ਲਗਾਏ ਗਏ ਹਨ ਕਿਉਂਕਿ ਇਹ ਆਸਟ੍ਰੇਲੀਆਈ ਖੇਤਰ ਵਿੱਚ ਆਉਂਦਾ ਹੈ। ਹਾਲਾਂਕਿ ਟੈਰਿਫ਼ ਦੀ ਸੂਚੀ ਨੂੰ ਦੇਖਦੇ ਹੋਏ ਟਰੰਪ ਨੇ ਆਸਟ੍ਰੇਲੀਆ ਅਤੇ ਹਰਡ ਅਤੇ ਮੈਕਡੋਨਲਡ ਟਾਪੂਆਂ 'ਤੇ ਵੱਖਰੇ ਤੌਰ 'ਤੇ 10 ਪ੍ਰਤੀਸ਼ਤ ਦਾ ਟੈਰਿਫ਼ ਲਗਾਇਆ ਹੈ। ਸੂਚੀ ਅਨੁਸਾਰ ਇਹ ਟਾਪੂ ਅਮਰੀਕਾ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾਉਂਦਾ ਹੈ। ਪਰ ਸੱਚਾਈ ਇਹ ਹੈ ਕਿ ਸਾਲ 2000 ਤੋਂ ਬਾਅਦ ਇਸ ਟਾਪੂ 'ਤੇ ਕੋਈ ਨਹੀਂ ਰਿਹਾ। ਸਪੱਸ਼ਟ ਤੌਰ 'ਤੇ ਇੱਥੋਂ ਕਿਸੇ ਵੀ ਤਰ੍ਹਾਂ ਦਾ ਵਪਾਰ ਨਹੀਂ ਹੁੰਦਾ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਉਕਤ ਟੈਰਿਫ਼ ਲਈ ਟਰੰਪ ਦੀ ਆਲੋਚਨਾ ਕੀਤੀ ਹੈ। ਟਰੰਪ ਵੱਲੋਂ ਹਰਡ ਆਈਲੈਂਡ ਅਤੇ ਮੈਕਡੋਨਲਡ ਆਈਲੈਂਡ 'ਤੇ ਟੈਰਿਫ਼ ਲਗਾਉਣ ਤੋਂ ਬਾਅਦ ਅਲਬਾਨੀਜ਼ ਨੇ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਇਸ ਗ੍ਰਹਿ 'ਤੇ ਕੋਈ ਵੀ ਸੁਰੱਖਿਅਤ ਨਹੀਂ ਹੈ।

***

## ਹਰਿਆਣਾ ਵੀ ਕੈਂਸਰ ਦੀ ਮਾਰ ਹੇਠ,

ਹਰਿਆਣਾ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ, ਖੇਤੀ ਕਰਨ ਵਾਲਾ ਵਰਗ, ਇਸ ਸੰਕਟ ਦੀ ਮਾਰ ਸਹਿ ਰਿਹਾ ਹੈ। ਦਹਾਕਿਆਂ ਤੱਕ ਅੰਨ੍ਹੇਵਾਹ ਹੋਈ ਕੀਟਨਾਸ਼ਕਾਂ ਦੀ ਵਰਤੋਂ ਜ਼ਮੀਨ ਹੇਠਲੇ ਪਾਣੀ 'ਚ ਰਿਸ ਚੁੱਕੀ ਹੈ, ਜਿਸ ਨਾਲ ਕਈ ਪੀੜ੍ਹੀਆਂ ਕੈਂਸਰ ਪੈਦਾ ਕਰਨ ਵਾਲੇ ਤੱਤਾਂ ਦੀ ਮਾਰ ਹੇਠ ਆ ਚੁੱਕੀਆਂ ਹਨ। ਕਈ ਖੋਜ ਕਾਰਜਾਂ ਵਿੱਚ ਇਸ ਖ਼ਤਰੇ ਦਾ ਖੁਲਾਸਾ ਹੋਣ ਦੇ ਬਾਵਜੂਦ, ਨਿਯਮਾਂ ਮੁਤਾਬਕ ਕਾਰਵਾਈ ਦੀ ਘਾਟ ਨੇ ਸਮੱਸਿਆ 'ਚ ਵਾਧਾ ਹੋਣ ਦਿੱਤਾ ਹੈ। ਇਸ ਦੌਰਾਨ ਪਾਣੀਪਤ ਤੇ ਫ਼ਰੀਦਾਬਾਦ ਵਰਗੇ ਉਦਯੋਗਿਕ ਕੇਂਦਰ ਨਿਰੰਤਰ ਹਵਾ 'ਚ ਜ਼ਹਿਰ ਘੋਲ ਰਹੇ ਹਨ, ਜਿਸ ਨਾਲ ਸੰਕਟ ਹੋਰ ਗਹਿਰਾ ਹੋਇਆ ਹੈ। ਨਤੀਜੇ ਵਜੋਂ ਦਬਾਅ ਹੇਠ ਆਇਆ ਸਿਹਤ ਸੰਭਾਲ ਤੰਤਰ ਲਗਾਤਾਰ ਵਧ ਰਹੀ ਮਰੀਜ਼ਾਂ ਦੀ ਗਿਣਤੀ ਨਾਲ ਨਜਿੱਠਣ ਵਿੱਚ ਸੰਘਰਸ਼ ਕਰ ਰਿਹਾ ਹੈ। ਸਰਕਾਰ ਦਾ ਹੁੰਗਾਰਾ ਅਜੇ ਤੱਕ ਨਾਕਾਫ਼ੀ ਰਿਹਾ ਹੈ। ਭਾਵੇਂ ਕੈਂਸਰ ਦੀ ਸ਼ਨਾਖ਼ਤ ਲਈ ਲੱਗੇ ਕੈਂਪਾਂ ਤੇ ਆਯੂਸ਼ਮਾਨ ਭਾਰਤ ਬੀਮੇ ਨੇ ਕੁਝ ਰਾਹਤ ਦਿੱਤੀ ਹੈ, ਪਰ ਇਹ ਮੂਲ ਕਾਰਨਾਂ ਦਾ ਹੱਲ ਕੱਢਣ ਵਿੱਚ ਨਾਕਾਮ ਰਹੇ ਹਨ। ਸਮੇਂ ਦੀ ਲੋੜ ਹੈ ਕਿ ਬਹੁ-ਪੱਖੀ ਪਹੁੰਚ ਅਪਣਾਈ ਜਾਵੇ- ਚੌਗਿਰਦੇ ਸਬੰਧੀ ਸਖ਼ਤ ਨਿਯਮ ਬਣਨ, ਦਿਹਾਤੀ ਸਿਹਤ ਸੰਭਾਲ ਢਾਂਚਾ ਬਿਹਤਰ ਹੋਵੇ ਤੇ ਕੈਂਸਰ ਪੈਦਾ ਕਰਨ ਵਾਲੀਆਂ ਸਥਿਤੀਆਂ ਬਾਰੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣ। ਵਿਸ਼ੇਸ਼ ਤੌਰ 'ਤੇ ਕਿਸਾਨਾਂ ਨੂੰ ਕੁਦਰਤੀ ਅਤੇ ਹੰਢਣਸਾਰ ਖੇਤੀਬਾੜੀ ਢੰਗ-ਤਰੀਕਿਆਂ ਬਾਰੇ ਸੇਧ ਦਿੱਤੀ ਜਾਵੇ। ਇਸ ਤੋਂ ਇਲਾਵਾ, ਸਰਕਾਰੀ ਹਸਪਤਾਲਾਂ ਵਿੱਚ ਕੈਂਸਰ ਦੇ ਇਲਾਜ ਦੀਆਂ ਢੁੱਕਵੀਆਂ ਸਹੂਲਤਾਂ ਨਹੀਂ ਹਨ, ਜਿਸ ਕਾਰਨ ਮਰੀਜ਼ਾਂ ਨੂੰ ਇਲਾਜ ਲਈ ਬਹੁਤ ਦੂਰ ਜਾਣਾ ਪੈਂਦਾ ਹੈ ਜਾਂ ਮਹਿੰਗਾ ਪ੍ਰਾਈਵੇਟ ਇਲਾਜ ਲੈਣਾ ਪੈਂਦਾ ਹੈ। ਹਰਿਆਣਾ ਜ਼ਿਆਦਾ ਦੇਰ ਤੱਕ ਇਸ ਸੰਕਟ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇੱਕ ਸੂਬਾ ਜੋ ਆਪਣੀ ਆਰਥਿਕ ਤਰੱਕੀ 'ਤੇ ਮਾਣ ਕਰਦਾ ਹੈ, ਆਪਣੇ ਨਾਗਰਿਕਾਂ ਨੂੰ ਰੋਕੀ ਜਾ ਸਕਣ ਵਾਲੀ ਬਿਮਾਰੀ ਨਾਲ ਮਰਨ ਲਈ ਨਹੀਂ ਛੱਡ ਸਕਦਾ। ਕੈਂਸਰ ਦੇ ਵਧਦੇ ਕੇਸ ਸਿਰਫ਼ ਅੰਕੜਾ ਨਹੀਂ ਹੈ, ਬਲਕਿ ਇਹ ਸ਼ਾਸਕੀ ਨਾਕਾਮੀ ਤੇ ਗੈਰ-ਜ਼ਰੂਰੀ ਤਰਜੀਹਾਂ ਨੂੰ ਵੀ ਦਰਸਾਉਂਦਾ ਹੈ। ਜਦ ਤੱਕ ਤੇਜ਼ੀ ਨਾਲ ਸੁਧਾਰਵਾਦੀ ਕਦਮ ਨਹੀਂ ਚੁੱਕੇ ਜਾਂਦੇ, ਇਹ ਬਿਮਾਰੀ ਵਧਦੀ ਜਾਵੇਗੀ ਤੇ ਜਾਨਾਂ ਲੈਂਦੀ ਰਹੇਗੀ, ਪਰਿਵਾਰ ਬਿਖਰਦੇ ਰਹਿਣਗੇ ਅਤੇ ਸਮਾਜ ਅੰਦਰ ਨਿਰਾਸ਼ਾ ਵਧੇਗੀ। ਇਸ ਲਈ ਇਸ ਮਸਲੇ ਵੱਲ ਤਵੱਜੋ ਦੇਣ ਦੀ ਲੋੜ ਹੈ।



## ਨਾਰੀ ਅੰਦੋਲਨਾਂ

ਨਾਲ ਜੁੜਿਆ ਹੋਇਆ ਹੈ। ਔਰਤਾਂ ਖ਼ਿਲਾਫ਼ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ ਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜੇ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿੱਛਾਂਹਖਿਚੂ ਤੇ ਢਾਹੂ ਕਦਰਾਂ-ਕੀਮਤਾਂ ਖ਼ਤਮ ਕਰਨ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਲੜਾਈ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ ਜਿਸ ਵਿੱਚ ਸਮੁੱਚਾ ਨਾਰੀ ਵਰਗ, ਹੋਰ ਸ਼ੋਸ਼ਿਤ ਧਿਰਾਂ ਅਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ।

***

## ਕੀ ਵਿਸਾਖੀ ਸਿਰਫ਼ ਸਿੱਖਾਂ

ਗੱਲ ਪਾਕਿਸਤਾਨ ਤੋਂ ਤੁਰੀ ਸੀ, ਖ਼ਤਮ ਵੀ ਉੱਥੇ ਹੀ ਹੋਣੀ ਚਾਹੀਦੀ ਹੈ। ਉੱਥੇ ਸਾਂਝੀ ਵਿਰਾਸਤ ਦੇ ਪੈਰੋਕਾਰਾਂ ਨੇ ਪਿਛਲੇ ਸਾਲ ਵਿਸਾਖੀ ਮੌਕੇ ਝਨਾਅ, ਜਿਹਲਮ, ਰਾਵੀ ਤੇ ਸਤਲੁਜ (ਪਾਕਿਸਤਾਨੀ ਨਾਮ ਹਾਕਰਾ) ਵਿੱਚ ਇਸ਼ਨਾਨ ਵੀ ਕੀਤੇ ਸਨ ਅਤੇ ਲਾਹੌਰ, ਐਮਨਾਬਾਦ, ਫ਼ੈਸਲਾਬਾਦ ਵਿਚ ਸੱਭਿਆਚਾਰਕ ਸਮਾਗਮ ਵੀ ਕੀਤੇ ਸਨ। ਇਸਲਾਮਾਬਾਦ ਦੀ ਸਰਕਾਰੀ ਸੰਸਥਾ, ਨਿਫ਼ਟ ਦੇ ਕੈਂਪਸ ਵਿੱਚ ਤਿੰਨ ਰੋਜ਼ਾ ਵਿਸਾਖੀ ਮੇਲਾ ਵੀ ਲਾਇਆ ਗਿਆ ਸੀ। ਮੇਲੇ ਦੀ ਸਾਂਝੀ ਵਿਰਾਸਤ ਦੇ ਪੈਰੋਕਾਰਾਂ ਤੇ ਪੈਰਵੀਕਾਰਾਂ ਲਈ ਵਿਸਾਖੀ ਦੋ ਹੋਰ ਪੱਖੋਂ ਵੀ ਮਹੱਤਵਪੂਰਨ ਹੈ। 1919 ਵਿੱਚ ਇਸੇ ਦਿਹਾੜੇ ਜੱਲ੍ਹਿਆਂਵਾਲਾ ਬਾਗ਼, ਅੰਮ੍ਰਿਤਸਰ ਵਿੱਚ ਬ੍ਰਿਟਿਸ਼ ਬ੍ਰਿਗੇਡੀਅਰ ਜਨਰਲ ਰੈਗੀਨਾਲਡ ਡਾਇਰ ਦੇ ਹੁਕਮਾਂ 'ਤੇ 379 ਆਜ਼ਾਦੀ ਘੁਲਾਟੀਆਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ ਗਿਆ ਸੀ ਅਤੇ 1200 ਨੂੰ ਜ਼ਖ਼ਮੀ ਕੀਤਾ ਗਿਆ ਸੀ। ਇਹ ਘੁਲਾਟੀਏ ਕਿਸੇ ਇੱਕ ਨਹੀਂ, ਤਿੰਨਾਂ ਮੁੱਖ ਮਜ਼ਹਬਾਂ ਨਾਲ ਸਬੰਧਿਤ ਸਨ। ਇਸੇ ਤਰ੍ਹਾਂ 1801 ਵਿੱਚ ਵਿਸਾਖੀ ਵਾਲੇ ਦਿਹਾੜੇ ਤੋਂ ਇੱਕ ਦਿਨ ਪਹਿਲਾਂ, 12 ਅਪ੍ਰੈਲ ਨੂੰ ਸ਼ੁੱਕਰਚੱਕੀਆ ਮਿਸਲਦਾਰ ਰਣਜੀਤ ਸਿੰਘ ਨੂੰ ਪੰਜਾਬ ਜਾਂ ਸਰਕਾਰ-ਇ-ਖ਼ਾਲਸਾ ਦੇ ਤਾਜਦਾਰ ਦਾ ਤਿਲਕ, ਮਜ਼ਹਬੀ ਤੇ ਸਮਾਜਿਕ ਤੌਹੀਦ ਦੇ ਪੈਗੰਬਰ ਬਾਬਾ ਨਾਨਕ ਦੇਵ ਦੇ ਵੰਸ਼ਜ਼ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਇਆ ਸੀ। ਇਸ ਤਾਜਦਾਰ ਨੇ ਧਰਮ ਨਿਰਪੱਖ ਹਕੂਮਤ ਦਾ ਸ਼ਾਨਦਾਰ ਤੇ ਲਾਮਿਸਾਲ ਆਦਰਸ਼ ਕਾਇਮ ਕੀਤਾ। ਸਰਹੱਦੀ ਹੱਦਬੰਦੀਆਂ ਅਤੇ ਸਿਆਸੀ, ਸਮਾਜਿਕ, ਮਜ਼ਹਬੀ ਵਲਗਣਾਂ ਦੇ ਬਾਵਜੂਦ ਹੁਣ ਉਸ ਆਦਰਸ਼ ਨੂੰ ਸੁਰਜੀਤ ਕੀਤੇ ਜਾਣ ਦੀ ਲੋੜ ਹੈ। ਸਾਡਾ ਸਭਨਾਂ ਦਾ ਭਲਾ ਵੀ ਇਸੇ ਵਿੱਚ ਹੀ ਹੈ।

***

## ਸਿੱਖਿਆ ਦੇ ਵਪਾਰੀਕਰਨ ਨੇ ਸਿੱਖਿਆ ਦੇ

ਇੱਕ ਚਾਂਸਲਰ ਤੋਂ ਲੈ ਕੇ ਪ੍ਰਿੰਸੀਪਲ ਤੱਕ ਦੇ ਅਹੁਦੇ ਘਰ 'ਚ ਹੀ ਰਹਿ ਜਾਂਦੇ ਹਨ। ਅੱਜ ਨਿੱਜੀ ਅਦਾਰਿਆਂ 'ਚ ਖੋਜ ਤਾਂ ਕਿਤੇ ਪਿਛਲੀਆਂ ਸੀਟਾਂ 'ਤੇ ਬਿਰਾਜਮਾਨ ਹੋ ਗਈ ਹੈ, ਅਧਿਆਪਕ ਪੜ੍ਹਾਉਣ ਤੋਂ ਲੈ ਕੇ ਕਲਰਕੀ ਤੱਕ ਦੇ ਸਾਰੇ ਕੰਮ ਕਰ ਰਿਹਾ ਹੈ। ਖੋਜ ਕਰਨ ਲਈ ਉਸ ਕੋਲ ਨਾ ਸਮਾਂ ਹੁੰਦਾ ਹੈ, ਨਾ ਹੀ ਕੋਈ ਸਰੋਤ ਹੁੰਦੇ ਹਨ। ਅੱਜ ਅਧਿਆਪਕ ਬਣਨ ਲਈ ਬਹੁਤੀਆਂ ਔਰਤਾਂ ਹੀ ਰਹਿ ਗਈਆ ਹਨ, ਜਿਨ੍ਹਾਂ ਦੀ ਪਰਿਵਾਰ 'ਚ ਇਹ ਦੂਜੀ ਆਮਦਨ ਗਿਣੀ ਜਾਂਦੀ ਹੈ।

ਵਿੱਦਿਆ ਦਾ ਮਿਆਰ ਉੱਚਾ ਬਣਾਈ ਰੱਖਣ ਲਈ ਭਾਰਤ ਸਰਕਾਰ ਵੱਲੋਂ ਵੱਖ-ਵੱਖ ਸੰਸਥਾਵਾਂ ਬਣਾਈਆਂ ਗਈਆਂ ਹਨ, ਜਿਵੇਂ- ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.), ਨੈਸ਼ਨਲ ਕੌਂਸਲ ਫ਼ਾਰ ਟੀਚਰ ਐਜੂਕੇਸ਼ਨ, ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਅਤੇ ਟਰੇਨਿੰਗ, ਆਲ ਇੰਡੀਆ ਕੌਂਸਲ ਫ਼ਾਰ ਟੈਕਨੀਕਲ ਐਜੂਕੇਸ਼ਨ, ਮੈਡੀਕਲ ਕੌਂਸਲ ਆਫ਼ ਇੰਡੀਆ, ਇੰਡੀਅਨ ਕੌਂਸਲ ਆਫ਼ ਐਗਰੀਕਲਚਰ ਰਿਸਰਚ ਆਦਿ। ਪਰ ਇਨ੍ਹਾਂ ਦੇ ਪ੍ਰਬੰਧ 'ਚ ਕਿਤੇ ਕੁਝ ਕਮੀ ਹੈ, ਜਿਸ ਕਾਰਨ ਸਾਰੇ ਪਾਸੇ ਹੀ ਵਿੱਦਿਆ ਦਾ ਮਿਆਰ ਹੇਠਾਂ ਡਿੱਗ ਰਿਹਾ ਹੈ। ਮਿਸਾਲ ਦੇ ਤੌਰ 'ਤੇ ਯੂ.ਜੀ.ਸੀ. ਦੀ ਵੈੱਬਸਾਈਟ 'ਤੇ 1994 ਤੋਂ ਲੈ ਕੇ 2024 ਤੱਕ ਦੀਆਂ ਫ਼ਰਜ਼ੀ ਯੂਨੀਵਰਸਿਟੀਆਂ ਦੀ ਸੂਚੀ ਪਈ ਹੈ। ਸੂਚੀ 'ਚ ਹਰ ਸਾਲ ਕੁਝ ਨਾਂਅ ਬਦਲ ਜਾਂਦੇ ਹਨ, ਪਰ ਕਦੇ ਇਹ ਨਹੀਂ ਹੋਇਆ ਕਿ ਕੋਈ ਫ਼ਰਜ਼ੀ ਯੂਨੀਵਰਸਿਟੀ ਦੀ ਸੂਚੀ ਹੀ ਨਾ ਹੋਵੇ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਸਿਸਟਮ ਪੂਰੀ ਤਰ੍ਹਾਂ ਕੰਮ ਨਹੀਂ ਕਰ ਰਿਹਾ। ਵਿੱਦਿਆ ਦਾ ਡਿੱਗਦਾ ਮਿਆਰ ਅੱਗੇ ਜਾ ਕੇ ਬੇਰੁਜ਼ਗਾਰੀ ਨੂੰ ਜਨਮ ਦਿੰਦਾ ਹੈ। ਵਿੱਦਿਅਕ ਪ੍ਰਣਾਲੀ 'ਚ ਸੁਧਾਰ ਲਿਆਉਣਾ ਵੀ ਓਨਾ ਹੀ ਜ਼ਰੂਰੀ ਹੈ, ਜਿੰਨਾ ਕਾਨੂੰਨ ਵਿਵਸਥਾ ਬਣਾਈ ਰੱਖਣੀ। ਇਸ ਲਈ ਕੇਂਦਰ ਸਰਕਾਰ ਅਤੇ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਸਿੱਖਿਆ ਦੇ ਵਪਾਰੀਕਰਨ ਨੇ ਸਿੱਖਿਆ ਦੇ ਮਿਆਰ ਨੂੰ ਕਿਸ ਹੱਦ ਤੱਕ ਢਾਹ ਲਾਈ ਹੈ?

***

## ਖ਼ਾਲਸਾ ਸਿਰਜਣ ਦੀ ਲੋੜ

(ਕੁੱਝ ਇਤਿਹਾਸਕਾਰਾਂ ਦੇ ਕਹਿਣ ਅਨੁਸਾਰ ਤੰਬੂ ਵਿੱਚ ਪਹਿਲਾਂ ਹੀ ਬੱਕਰੇ ਬੰਨੇ ਹੋਏ ਸਨ ਜਦੋਂ ਗੁਰੂ ਸਾਹਿਬ ਇਕ ਸਿੰਘ ਨੂੰ ਲੈ ਕੇ ਅੰਦਰ ਜਾਂਦੇ ਤਾਂ ਇੱਕ ਬੱਕਰੇ ਨੂੰ ਝਟਕਾ ਦਿੰਦੇ ਸਨ, ਕੁੱਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਨੇ ਪਹਿਲਾਂ ਪੰਜਾਂ ਸਿੰਘਾਂ ਦੇ ਸਿਰ, ਧੜ ਨਾਲੋਂ ਵੱਖ ਕੀਤੇ ਅਤੇ ਬਾਅਦ ਵਿੱਚ ਫਿਰ ਜੀਵਤ ਕਰ ਦਿੱਤੇ। ਪ੍ਰਿੰ. ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਤੰਬੂ ਦੇ ਪੜਦੇ ਅੰਦਰ ਉਹਨਾਂ ਪੰਜਾਂ ਨਾਲ ਕੀ ਬੀਤੀ ਇਹ ਕਹਿਣਾ ਅਸੰਭਵ ਹੈ ਸਿਰਫ਼ ਇਤਨਾਂ ਹੀ ਕਹਿਣਾ ਫਬਦਾ ਹੈ ਕਿ ਉਹ ਪ੍ਰੀਖਿਆ ਦਾ ਦਿਨ ਸੀ ਅਤੇ ਕੋਈ ਵੀ ਪ੍ਰੀਖਿਆਕਾਰ ਆਪਣਾ ਪਰਚਾ ਪਹਿਲਾਂ ਨਹੀਂ ਦੱਸਦਾ। ਇਹ ਤਾਂ ਇਮਤਿਹਾਨ ਲੈਣ ਵਾਲੇ ਦੀ ਮਰਜ਼ੀ ਹੈ ਕਿ ਪਰਚਾ ਔਖਾ ਪਾਵੇ ਜਾਂ ਸੌਖਾ। ਫਿਰ ਜੇ ਪਰਚਾ ਹੀ ਦੱਸ ਦਿੱਤਾ ਤਾਂ ਇਮਤਿਹਾਨ ਕਾਹਦਾ ਹੋਇਆ। ਦੂਜਾ, ਜੇ ਗਿਰਦ ਗੁਰੂ ਜੀ ਨੇ ਕਨਾਤ ਕਰ ਲਈ ਸੀ ਭਾਵ ਤੰਬੂ ਤਾਣ ਲਿਆ ਸੀ ਤਾਂ ਸਾਨੂੰ ਕੀ ਹੱਕ ਕਿ ਉਸ ਦੇ ਅੰਦਰ ਝਾਕੀਏ।)

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਬਾਅਦ ਵਿੱਚ ਗੁਰੂ ਸਾਹਿਬ ਨੇ ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ। ਜਦੋਂ ਗੁਰੂ ਸਾਹਿਬ ਅੰਮ੍ਰਿਤ ਤਿਆਰ ਕਰ ਰਹੇ ਸਨ ਤਾਂ ਮਾਤਾ ਜੀਤੋ ਜੀ ਨੇ ਜਲ ਵਿੱਚ ਪਤਾਸੇ ਪਾਏ ਅਤੇ ਗੁਰੂ ਸਾਹਿਬਾਨ ਨੇ ਬਚਨ ਕੀਤਾ:- 'ਭਲੋ ਭਯੋ ਤੂੰ ਚਲਿ ਕਰਿ ਆਈ। ਨੀਰ ਬਿਖੈ ਪਾਈ ਮਧੁਰਾਈ। ਨਾ ਤੁਰ ਪੰਥ ਹੋਇ ਬਡ ਕੂਰਾ। ਤੇਜ ਕ੍ਰੋਧ ਕਲਹਾ ਕਰਿ ਪੂਰਾ॥' (ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਪ੍ਰਕਾਰ ਪਵਿੱਤਰ ਪਾਹੁਲ ਤਿਆਰ ਹੋਈ। ਜਿਸ ਨੇ ਵੀ ਇਹ ਪਾਹੁਲ ਛਕੀ ਉਸ ਦਾ ਜਨਮ ਸੁਹੇਲਾ ਹੋ ਗਿਆ। ਖ਼ਾਲਸੇ ਦੀ ਰਹਿਤ ਨਿਸ਼ਚਿਤ ਕੀਤੀ ਅਤੇ ਪੰਜਾਂ ਕਕਾਰਾਂ ਦਾ ਧਾਰਨੀ ਬਣਾਉਣ ਉਪਰੰਤ ਖ਼ਾਲਸੇ ਨੂੰ ਉਪਦੇਸ਼ ਕੀਤਾ ਕਿ ਖ਼ਾਲਸਾ ਹਮੇਸ਼ਾ ਤਿਆਰ ਬਰ ਤਿਆਰ ਰਹੇਗਾ ਅਤੇ ਹੱਕ ਸੱਚ ਲਈ ਲੜਦਾ ਰਹੇਗਾ। ਸਿਰਫ ਬਾਹਰੀ ਪਹਿਰਾਵਾ ਪਹਿਨਣ 'ਤੇ ਹੀ ਜੋਰ ਨਹੀਂ ਦਿੱਤਾ ਸਗੋਂ ਕਿਹਾ ਕਿ ਜਿੰਨਾ ਚਿਰ ਕੋਈ ਮਨੁੱਖ ਅੰਦਰੋਂ ਸ਼ੁੱਧ ਨਹੀਂ ਹੁੰਦਾ ਉਨਾਂ ਚਿਰ ਉਹ ਖ਼ਾਲਸਾ ਅਖਵਾਉਣ ਦਾ ਹੱਕਦਾਰ ਨਹੀਂ। ਪੂਰਨ ਖ਼ਾਲਸਾ ਓਹੀ ਹੈ ਜੋ ਆਪਣੇ ਬਾਹਰੀ ਪਹਿਰਾਵੇ ਦੇ ਨਾਲ ਨਾਲ ਆਪਣੇ ਕਮਲ ਰੂਪੀ ਹਿਰਦੇ ਨੂੰ ਗਿਆਨ ਦੀ ਕਸਵੱਟੀ 'ਤੇ ਪਰਖਦਾ ਹੈ: "ਜਾਗਤ ਜੋਤਿ ਜਪੈ ਨਿਸ ਬਾਸੁਰ, ਏਕੁ ਬਿਨਾ ਮਨਿ ਨੈਕ ਨ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਠ, ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ, ਏਕੁ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥" (33 ਸਵੈਯੇ)

ਇਸ ਤਰ੍ਹਾਂ ਸਿੱਖਾਂ ਨੂੰ ਬਾਦਸ਼ਾਹੀ ਬਖ਼ਸ਼ਸ਼ ਕਰਕੇ ਗੁਰੂ ਜੀ ਨੇ ਆਪ ਭੀ ਅੰਮ੍ਰਿਤ ਦੀ ਦਾਤ ਆਪਣੇ ਹੀ ਅਨੁਆਈਆਂ ਤੋਂ ਲੈ ਕਿ 'ਆਪੇ ਗੁਰ ਚੇਲਾ', ਵਾਲਾ ਮਹਾਂਵਾਕ ਸੱਚ ਕਰ ਵਿਖਾਇਆ। ਇਹ ਨਿਵੇਕਲੀ ਘਟਨਾ ਇਸ ਜਗਤ 'ਚ ਪਹਿਲੀ ਅਤੇ ਆਖਰੀ ਮੰਨੀ ਜਾ ਸਕਦੀ ਹੈ ਜਦ ਗੁਰੂ ਸਿੱਖ ਬਣ ਗਿਆ ਅਤੇ ਸਿੱਖ, ਗੁਰੂ ਰੂਪ ਬਣ ਕੇ ਆਪਣੇ ਹੀ ਗੁਰੂ (ਸਿੱਖ) ਨੂੰ ਅੰਮ੍ਰਿਤ ਦੀ ਦਾਤ ਦੇ ਰਿਹਾ ਹੈ।

ਸੋ, ਸਾਡਾ ਸਭ ਦਾ ਫ਼ਰਜ ਬਣ ਜਾਂਦਾ ਹੈ ਕਿ ਇਸ ਵਿਸਾਖੀ ਵਾਲੇ ਦਿਹਾੜੇ ਨੂੰ ਅਸੀਂ ਭੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਾਈ ਇਸ ਅੰਮ੍ਰਿਤ ਛਕਣ ਦੀ ਪਿਰਤ ਨੂੰ ਪ੍ਰਾਪਤ ਕਰਕੇ ਉਸ ਸਰਬੰਸ ਦਾਨੀ ਦੇ ਚਰਨਾਂ 'ਚ ਸੁਰਖ਼ਰੂ ਹੋਈਏ ਅਤੇ ਆਪਣਾ ਜਨਮ ਸੁਹੇਲਾ ਕਰੀਏ।

***

## ਪੰਜਾਬ ਨੂੰ ਕਰਜ਼ੇ ਦੇ ਜਾਲ ਤੋਂ

ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਅੱਜ ਕੱਲ ਪੰਜਾਬ ਦੀ ਆਰਥਿਕਤਾ ਕਰਜ਼ਿਆਂ ਉੱਤੇ ਹੀ ਨਿਰਭਰ ਹੋ ਗਈ ਹੈ, ਇਹ ਬਹੁਤ ਹੀ ਗੰਭੀਰ ਮਸਲਾ ਹੈ।

ਇਥੇ ਬਜਟ ਵਿੱਚ ਕੀਤੇ ਗਏ ਇਕ ਹੋਰ ਖ਼ਰਚੇ ਦਾ ਵਰਨਣ ਕਰਨਾ ਬਹੁਤ ਜ਼ਰੂਰੀ ਹੈ, ਉਹ ਖ਼ਰਚ ਹੈ ਪੂੰਜੀਗਤ ਖ਼ਰਚ ਜਿਸ ਨਾਲ ਕਿਸੇ ਵੀ ਅਰਥਵਿਵਸਥਾ ਵਿੱਚ ਰੁਜ਼ਗਾਰ ਅਤੇ ਆਮਦਨ ਵਿੱਚ ਵਾਧਾ ਹੁੰਦਾ ਹੈ। ਇਸ ਸਬੰਧੀ ਜੇਕਰ ਬਜਟ ਦਾ ਵਿਸ਼ਲੇਸ਼ਣ ਕਰੀਏ ਤਾਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ, ਕਿਉਂਕਿ ਵਿੱਤੀ ਵਰ੍ਹੇ 2024-25 ਵਿੱਚ ਕੁੱਲ ਪ੍ਰਭਾਵੀ ਪੂੰਜੀਗਤ ਖ਼ਰਚ ਸਰਕਾਰ ਦੇ ਕੁੱਲ ਖ਼ਰਚਿਆਂ ਵਿਚੋਂ 9317.38 ਕਰੋੜ ਰੁਪਏ ਹੀ ਸੀ ਜਿਹੜਾ ਕਿ ਬਜਟ ਦਾ ਮਹਿਜ਼ 4.1 ਪ੍ਰਤੀਸ਼ਤ ਬਣਦਾ ਹੈ। ਵਿੱਤੀ ਵਰ੍ਹੇ 2025-26 ਵਿਚ ਪ੍ਰਭਾਵੀ ਪੂੰਜੀਗਤ ਖ਼ਰਚ 10301.65 ਕਰੋੜ ਰੁਪਏ ਹੀ ਰੱਖਿਆ ਗਿਆ ਹੈ, ਜੋ ਬਜਟ ਦਾ ਸਿਰਫ਼ 4.37 ਪ੍ਰਤੀਸ਼ਤ ਹੀ ਹੋਵੇਗਾ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੂਬੇ ਵਿਚ ਪੂੰਜੀਗਤ ਖ਼ਰਚ ਦਾ ਇਕ ਕਿਸਮ ਦਾ ਅਕਾਲ ਪਿਆ ਹੋਇਆ ਹੈ ਅਤੇ ਇਹ ਵੀ ਸੂਬੇ ਲਈ ਬਹੁਤ ਗੰਭੀਰ ਮਸਲਾ ਹੈ ਅਤੇ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਸੂਬਾ ਇੱਕ ਬਹੁਤ ਹੀ ਗੰਭੀਰ ਅਤੇ ਡੂੰਘੇ ਵਿੱਤੀ ਅਤੇ ਆਰਥਿਕ ਸੰਕਟ ਵਿੱਚ ਫਸ ਗਿਆ ਹੈ। ਇਸ ਲਈ ਸਥਿਤੀ ਅਤੇ ਸਮਾਂ ਮੰਗ ਕਰਦਾ ਹੈ ਕਿ ਸੂਬਾ ਸਰਕਾਰ ਵਿੱਤੀ ਅਤੇ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੁੱਝ ਸਖ਼ਤ ਫ਼ੈਸਲੇ ਲਵੇ। ਪਹਿਲਾਂ ਸੂਬੇ ਵਿੱਚ ਦਿੱਤੀਆਂ ਜਾਂਦੀਆਂ ਸਾਰੀਆਂ ਹੀ ਸਬਸਿਡੀਆਂ ਅਤੇ ਮੁਫ਼ਤ ਦੀਆਂ ਸਹੂਲਤਾਂ ਦਾ ਜਲਦੀ ਤੋਂ ਜਲਦੀ ਨਿਰੀਖਣ ਕਰਦੇ ਹੋਏ ਇਨ੍ਹਾਂ ਨੂੰ ਤਰਕਸੰਗਤ ਬਣਾਵੇ ਭਾਵ ਇਹ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਲੋੜਬੰਦ ਲੋਕਾਂ ਨੂੰ ਹੀ ਦਿੱਤੀਆਂ ਜਾਣ। ਦੂਜਾ ਸਰਕਾਰ ਆਪਣੀ ਫ਼ਜ਼ੂਲ ਖ਼ਰਚੀ 'ਤੇ ਵੀ ਤੁਰੰਤ ਰੋਕ ਲਗਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੂਬਾ ਕੁਝ ਸਾਲਾਂ ਵਿੱਚ ਹੀ ਕਰਜ਼ੇ ਦੇ ਜਾਲ ਵਿੱਚ ਇਸ ਕਦਰ ਧਸ ਜਾਵੇਗਾ ਜਿਥੋਂ ਸੂਬੇ ਦੀ ਆਰਥਿਕਤਾ ਨੂੰ ਕੱਢਣਾ ਅਸੰਭਵ ਹੋ ਜਾਵੇਗਾ। ਤੀਜਾ, ਸਰਕਾਰ ਨੂੰ ਆਪਣੀ ਟੈਕਸਾਂ ਤੋਂ ਆਮਦਨ ਅਤੇ ਗੈਰ ਟੈਕਸ ਆਮਦਨ ਨੂੰ ਵਧਾਉਣ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ। ਚੌਥਾ, ਨਿਵੇਸ਼ ਅਤੇ ਪੂੰਜੀਗਤ ਖ਼ਰਚ ਨੂੰ ਵਧਾਉਣ ਦੀ ਹਰ ਕੋਸ਼ਿਸ਼ ਕੀਤੀ ਜਾਵੇ, ਇਸ ਸੰਬੰਧੀ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਇਕ ਲੰਮੇ ਸਮੇਂ ਨਿਵੇਸ਼ ਪੈਕੇਜ ਅਤੇ ਕਰਜ਼ਾ ਰਾਹਤ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਵਿਚ ਨਿਵੇਸ਼ ਅਤੇ ਪੂੰਜੀਗਤ ਖ਼ਰਚ ਦੇ ਪਏ ਹੋਏ ਅਕਾਲ ਨੂੰ ਖ਼ਤਮ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸਰਕਾਰ ਕਰਜ਼ੇ ਦੀ ਵਾਪਸੀ ਤੇ ਰੋਕ ਦੀ ਮੰਗ ਕਰ ਸਕਦੀ ਹੈ, ਜਿਸ ਨਾਲ ਨਾ ਸਿਰਫ਼ ਕਰਜ਼ੇ ਦੀ ਅਦਾਇਗੀ ਨੂੰ ਰੋਕਿਆ ਜਾ ਸਕੇਗਾ ਬਲਕਿ ਕਰਜ਼ੇ 'ਤੇ ਵਸੂਲੇ ਜਾਣ ਵਾਲੇ ਵਿਆਜ ਨੂੰ ਵੀ ਰੋਕਿਆ ਜਾ ਸਕਦਾ ਹੈ।

***

## ਮੁਫ਼ਤ ਸਹੂਲਤਾਂ ਦੇ ਵਾਅਦਿਆਂ ਤੋਂ

ਨਵੀਆਂ ਤਕਨੀਕਾਂ ਦੇ ਕਾਰਨ ਬਣ ਰਿਹਾ ਸਵਰਾਜ (ਆਟੋਮੇਸ਼ਨ) ਪੂਰੀ ਵਿਵਸਥਾ ਨੂੰ ਇਸ ਪਾਸੇ ਲੈ ਜਾਣ ਵਾਲਾ ਹੈ। ਇਸ ਤਰ੍ਹਾਂ ਬਾਜ਼ਾਰ ਦੇ ਜ਼ਰੀਏ ਦਾਮ ਨਿਰਧਾਰਤ ਕਰਨ ਦੀ ਨੀਤੀ ਦੇ ਕਾਰਨ ਮਹਿੰਗਾਈ 'ਤੇ ਵੀ ਲਗਾਮ ਲਗਾਉਣ ਵਿੱਚ ਸਰਕਾਰਾਂ ਨਾਕਾਮ ਹੋ ਜਾਣਗੀਆਂ ਅਤੇ ਆਮ ਲੋਕਾਂ ਵਿੱਚ ਨਾਰਾਜ਼ਗੀ ਵਧੇਗੀ। ਇਸ ਲਈ ਪੂੰਜੀ ਦੇ ਸੇਵਕ ਇਨ੍ਹਾਂ ਬੁੱਧੀਜੀਵੀਆਂ ਨੇ ਪਹਿਲਾਂ ਹਰ ਬਾਲਗ ਨਾਗਰਿਕ ਦੇ ਲਈ ਸਰਬਵਿਆਪੀ ਮੂਲ ਕਮਾਈ (ਯੂਨੀਵਰਸਲ ਬੇਸਿਕ ਇਨਕਮ) ਮੁਹੱਈਆ ਕਰਵਾਉਣ ਬਾਰੇ ਵਿਚਾਰ ਕੀਤਾ। ਪਰ ਇਸ ਦਾ ਹਿਸਾਬ-ਕਿਤਾਬ ਬਹੁਤ ਲੰਬਾ-ਚੌੜਾ ਹੋਣ ਕਰਕੇ ਹਰ ਸਰਕਾਰ ਇਸ ਨੂੰ ਲਾਗੂ ਨਹੀਂ ਕਰ ਸਕਦੀ ਸੀ। ਜਿਵੇਂ, ਭਾਰਤ ਦੇ ਤੱਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਦੇ ਲਈ ਤਿਆਰ ਨਹੀਂ ਸਨ। ਪਰ ਮਨਮੋਹਨ ਸਿੰਘ ਮਾਹਰਾਂ ਦੇ ਇਸ ਸੁਝਾਅ ਨਾਲ ਸਹਿਮਤ ਸਨ ਕਿ ਲੋਕਾਂ ਨੂੰ ਸਿੱਧੇ ਲਾਭਾਂ ਦੇ ਜ਼ਰੀਏ ਆਰਥਿਕ ਰਾਹਤ ਦਿੱਤੀ ਜਾ ਸਕਦੀ ਹੈ। ਇਸ ਨਾਲ ਲੋਕਾਂ ਦੀ ਨਾਰਾਜ਼ਗੀ ਵਧਣ ਤੋਂ ਰੁਕੇਗੀ ਅਤੇ ਕਾਰਪੋਰੇਟ ਪੂੰਜੀ ਬਿਨਾਂ ਲੋਕਾਂ ਦੇ ਰੋਸ ਦੀ ਚਿੰਤਾ ਕੀਤਿਆਂ ਮੁਨਾਫ਼ਾ ਕਮਾਉਣ ਵੱਲ ਵਧਦੀ ਚਲੀ ਜਾਵੇਗੀ। ਇਸ ਤੋਂ ਪਹਿਲਾਂ ਕਿ ਮਨਮੋਹਨ ਸਿੰਘ ਅਜਿਹਾ ਕੋਈ ਬੰਦੋਬਸਤ ਕਰਦੇ ਕਾਂਗਰਸ 2014 ਵਿੱਚ ਚੋਣਾਂ ਹਾਰ ਗਈ। ਪਰ ਨਵੀਂ ਸਰਕਾਰ ਨੇ ਆਪਣਾ ਪਹਿਲਾ ਕਦਮ ਜਨਧਨ ਖ਼ਾਤੇ ਖੁਲ੍ਹਵਾਉਣ ਦੇ ਰੂਪ ਵਿੱਚ ਉਠਾਇਆ, ਜਿਨ੍ਹਾਂ ਖ਼ਾਤਿਆਂ ਵਿੱਚ ਸਿੱਧੇ ਲਾਭਾਂ ਜਾਂ ਰਿਉੜੀਆਂ ਨੇ ਟਰਾਂਸਫ਼ਰ ਹੋਣਾ ਸੀ। ਅੱਜ ਸਥਿਤੀ ਇਹ ਹੈ ਕਿ ਲੋਕ ਹਰ ਚੋਣ ਸਮੇਂ ਕੋਈ ਨਾ ਕੋਈ ਨਵੀਂ ਸਕੀਮ ਦੀ ਉਮੀਦ ਰੱਖਦੇ ਹਨ। ਉਨ੍ਹਾਂ ਦੀ ਦਲੀਲ ਹੈ ਕਿ 5 ਸਾਲ ਪਹਿਲਾਂ ਵਾਲੀ ਸਕੀਮ ਦੇ ਬਦਲੇ ਤਾਂ ਅਸੀਂ ਵੋਟ ਪਾ ਚੁੱਕੇ ਹਾਂ, ਹੁਣ ਜੇਕਰ ਵੋਟਾਂ ਲੈਣੀਆਂ ਹਨ ਤਾਂ ਸਾਨੂੰ ਕੋਈ ਨਵੀਂ ਰਾਹਤ ਦਿਓ। ਸਿਆਸੀ ਪਾਰਟੀਆਂ ਤੇ ਸਰਕਾਰਾਂ ਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਰਿਉੜੀਆਂ ਜਲਦ ਹੀ ਸ਼ੇਰ ਦੀ ਸਵਾਰੀ ਬਣ ਜਾਣਗੀਆਂ ਅਤੇ ਇਹ ਸ਼ੇਰ ਦਿਨੋ-ਦਿਨ ਹੋਰ ਜ਼ਿਆਦਾ ਤੋਂ ਜ਼ਿਆਦਾ ਰਿਉੜੀਆਂ ਮੰਗਣ ਲੱਗੇਗਾ। ਹੁਣ ਪਾਰਟੀਆਂ ਤੇ ਸਰਕਾਰਾਂ ਰਿਉੜੀ-ਸੱਭਿਆਚਾਰ ਤੋਂ ਛੁਟਕਾਰਾ ਪਾਉਣ ਦੀਆਂ ਤਰਕੀਬਾਂ ਸੋਚਣ ਲੱਗੀਆਂ ਹੋਈਆਂ ਹਨ।

***

## ਧਰਮ ਪਰਿਵਰਤਨ ਰੋਕਣ ਲਈ ਸਿੱਖ ਧਰਮ

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹਰ ਗ਼ਰੀਬ ਸਿੱਖ ਪਰਿਵਾਰ, ਪੇਂਡੂ, ਸ਼ਹਿਰੀ ਸਭ ਨੂੰ ਸਿੱਖ ਧਰਮ ਨਾਲ ਜੋੜਨ ਲਈ ਧਰਮ ਪ੍ਰਚਾਰ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿੱਚ ਉਨ੍ਹਾਂ ਨੂੰ ਸਿੱਖ ਧਰਮ ਦੇ ਮਾਨਮੱਤੇ ਇਤਿਹਾਸ ਅਤੇ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਮਈ ਮਹੀਨੇ ਤੋਂ ਪੰਜਾਬ ਭਰ, ਖ਼ਾਸ ਕਰ ਕੇ ਮਾਲਵਾ ਖੇਤਰ ਵਿੱਚ ਵੱਡੇ ਪੱਧਰ 'ਤੇ ਗੁਰਮਤਿ ਸਮਾਗਮ ਕਰਵਾਏ ਜਾਣਗੇ। ਸਿੱਖ ਬੱਚਿਆਂ ਨੂੰ ਬਾਣੀ ਅਤੇ ਗੁਰੂਆਂ ਦੇ ਇਤਿਹਾਸ ਨਾਲ ਜੋੜਨ ਲਈ ਉਨ੍ਹਾਂ ਨੂੰ ਸਿੱਖ ਇਤਿਹਾਸ, ਸਮੱਗਰੀ ਦਿੱਤੀ ਜਾਵੇਗੀ। ਜਥੇਦਾਰ ਗੜਗੱਜ ਨੇ ਕਿਹਾ ਕਿ ਧਰਮ ਪਰਿਵਰਤਨ ਨੂੰ ਉਹ ਸੰਜੀਦਗੀ ਨਾਲ ਲੈ ਰਹੇ ਹਨ, ਇਸ ਨੂੰ ਰੋਕਣ ਲਈ ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ ਕੋਨੇ ਕੋਨੇ ਤੋਂ ਹਰ ਘਰ, ਹਰ ਬੂਹੇ, ਹਰ ਪਿੰਡ ਅਤੇ ਹਰ ਸ਼ਹਿਰ ਵਿੱਚ ਕੀਤਾ ਜਾਵੇ। ਇਸ ਮੌਕੇ ਐਸ.ਜੀ.ਪੀ.ਸੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਅਤੇ ਉਨ੍ਹਾਂ ਦੇ ਪ੍ਰਵਾਰ ਨੇ ਜਥੇਦਾਰ ਗੜਗੱਜ ਦਾ ਸਨਮਾਨ ਵੀ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਸਤਨਾਮ ਸਿੰਘ ਝੱਬਰ, ਬੇਅੰਤ ਸਿੰਘ ਝੱਬਰ, ਬਬਲੀ ਸਿੰਘ, ਗੁਰਮੇਲ ਸਿੰਘ ਗੁਰੂਦੁਆਰਾ ਪ੍ਰਧਾਨ, ਗੁਰਜੀਤ ਸਿੰਘ ਝੱਬਰ, ਮਨਧੀਰ ਸਿੰਘ ਝੱਬਰ, ਸੁਖਚੈਨ ਸਿੰਘ, ਮੇਜਰ ਸਿੰਘ ਭੋਲਾ, ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਮਿੱਠਾ ਪੰਚ, ਜਸਵੀਰ ਸਿੰਘ ਮਿੱਠੂ, ਮਾਹਲ ਸਿੰਘ, ਬਿੰਦਰ ਸਿੰਘ ਆਦਿ ਹਾਜ਼ਰ ਸਨ।

***

## ਗੁ. ਸ੍ਰੀ ਪਾਉਂਟਾ ਸਾਹਿਬ ਪ੍ਰਬੰਧਕ ਕਮੇਟੀ ਦਾ

ਅਨੁਸਾਰ ਖਰੀਦ ਦੀ ਮਨਜ਼ੂਰੀ ਵੀ ਦਿਤੀ ਗਈ ਹੈ। ਇਸ ਨਾਲ ਹੀ ਇਕੱਤਰਤਾ ਵਿੱਚ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਕਮੇਟੀ ਦੇ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਸ. ਹਰਭਜਨ ਸਿੰਘ ਨੂੰ ਮੀਤ ਪ੍ਰਧਾਨ ਅਤੇ ਸ. ਹਰਪ੍ਰੀਤ ਸਿੰਘ ਰਤਨ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਧਾਮੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਪ੍ਰਬੰਧਕ ਕਮੇਟੀ, ਕਾਰ ਸੇਵਾ ਬਾਬਾ ਅਮਰੀਕ ਸਿੰਘ ਪਟਿਆਲਾ ਵਾਲਿਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਬਣਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਐਨ.ਆਰ.ਆਈ. ਯਾਤਰੀ ਨਿਵਾਸ ਨੂੰ ਸੰਗਤ ਅਰਪਣ ਕੀਤਾ।

***

## ਸੱਤਾ ਦੇ ਸੁਪਨੇ ਕਿਵੇਂ ਦੇਖੇਗੀ ਫੁੱਟ

ਫਗਵਾੜਾ ਵਿੱਚ ਕਾਂਗਰਸ ਆਪਣੇ ਮੇਅਰ ਨਹੀਂ ਬਣਾ ਸਕੀ।'

ਪੰਜਾਬ ਕਾਂਗਰਸ ਵਿੱਚ ਇਸ ਟਕਰਾਅ ਨੂੰ ਦੇਖਦੇ ਹੋਏ ਪਾਰਟੀ ਨੇ ਆਪਣੇ ਸੀਨੀਅਰ ਨੇਤਾ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ ਨੂੰ ਸੂਬਾ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਸੀ। ਭਾਵੇਂ ਬਘੇਲ ਨੇ ਦੋ ਵਾਰ ਮੈਰਾਥਨ ਮੀਟਿੰਗਾਂ ਕੀਤੀਆਂ ਹੋਣ ਪਰ ਪਾਰਟੀ ਆਗੂਆਂ ਵਿਚਕਾਰ ਦੂਰੀ ਘੱਟ ਨਹੀਂ ਹੋ ਰਹੀ।

ਜਦ ਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਧੜੇਬੰਦੀ ਖ਼ਤਮ ਕੀਤੇ ਬਿਨਾਂ ਕਾਂਗਰਸ ਦਾ ਰਾਹ ਆਸਾਨ ਨਹੀਂ ਹੋਵੇਗਾ। ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਇਸ ਰੈਲੀ ਵਿੱਚੋਂ ਗਾਇਬ ਰਹੇ ਹਾਲਾਂਕਿ ਉਨ੍ਹਾਂ ਦੀ ਰਿਹਾਇਸ਼ ਤੇ ਹਲਕਾ ਲੁਧਿਆਣਾ ਵੈਸਟ ਦੋਵੇਂ ਇੱਥੋਂ ਜ਼ਿਆਦਾ ਦੂਰ ਵੀ ਨਹੀਂ ਸਨ। ਆਸ਼ੂ ਲੁਧਿਆਣਾ ਵੈਸਟ ਦੀ ਜ਼ਿਮਨੀ ਚੋਣ ਲਈ ਕਾਂਗਰਸ ਦੇ ਉਮੀਦਵਾਰ ਹਨ ਪਰ ਉਨ੍ਹਾਂ ਦਾ ਕਿਸੇ ਬੁਲਾਰੇ ਨੇ ਜ਼ਿਕਰ ਤੱਕ ਨਹੀਂ ਕੀਤਾ।

ਦੂਜੇ ਪਾਸੇ ਆਲ ਇੰਡੀਆ ਕਾਂਗਰਸ ਪਾਰਟੀ ਦੇ ਪ੍ਰਧਾਨ ਵੱਲੋਂ ਸ੍ਰੀ ਆਸ਼ੂ ਨੂੰ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਸ੍ਰੀ ਆਸ਼ੂ ਵੱਲੋਂ ਬੁਲਾਈ ਪ੍ਰੈੱਸ ਕਾਨਫਰੰਸ ਦੌਰਾਨ ਪਾਰਟੀ ਦੀ ਧੜੇਬੰਦੀ ਦੇਖਣ ਨੂੰ ਮਿਲੀ। ਇਸ ਦੌਰਾਨ ਕਾਂਗਰਸ ਪਾਰਟੀ ਦੇ ਅਬਜ਼ਰਵਰਾਂ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਪ੍ਰਗਟ ਸਿੰਘ, ਸਾਬਕਾ ਮੰਤਰੀ ਰਾਕੇਸ਼ ਪਾਂਡੇ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਈਸ਼ਵਰਜੋਤ ਸਿੰਘ ਚੀਮਾ ਸਣੇ ਕਈ ਸਥਾਨਕ ਆਗੂ ਹਾਜ਼ਰ ਸਨ ਪਰ ਸੰਸਦ ਮੈਂਬਰ ਰਾਜਾ ਵੜਿੰਗ, ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ, ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਆਦਿ ਹਾਜ਼ਰ ਨਹੀਂ ਸਨ। ਸ੍ਰੀ ਆਸ਼ੂ ਤੇ ਸ੍ਰੀ ਵੜਿੰਗ ਦੀ ਖਹਿਬਾਜ਼ੀ ਦੀ ਚਰਚਾ ਜ਼ੋਰਾਂ 'ਤੇ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਰਾਜਾ ਵੜਿੰਗ ਵੱਲੋਂ ਆਸ਼ੂ ਵਿਰੋਧੀਆਂ ਨਾਲ ਸੰਪਰਕ ਕਾਇਮ ਕਰ ਕੇ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਕਿਉਂਕਿ ਰਾਜਾ ਵੜਿੰਗ ਨੂੰ ਸ਼ੱਕ ਹੈ ਕਿ ਆਸ਼ੂ ਨੇ ਉਨ੍ਹਾਂ ਦੀ ਚੋਣ ਦੌਰਾਨ ਹਲਕਾ ਪੱਛਮੀ ਵਿੱਚ ਦਿਲੋਂ ਮਦਦ ਨਹੀਂ ਸੀ ਕੀਤੀ, ਇਸ ਲਈ ਉਹ ਇਸ ਹਲਕੇ ਤੋਂ ਵੱਡੇ ਫ਼ਰਕ ਨਾਲ ਪਿੱਛੇ ਰਹੇ ਸਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕਾਂਗਰਸ ਵਿੱਚ ਧੜੇਬੰਦੀ ਕਾਇਮ ਰਹਿੰਦੀ ਹੈ ਤੇ ਯੋਗ ਪ੍ਰਧਾਨ ਨਹੀਂ ਬਣਾਇਆ ਜਾਂਦਾ ਪੰਜਾਬ ਵਿੱਚ ਕਾਂਗਰਸ ਨੂੰ ਵੱਡਾ ਸਿਆਸੀ ਨੁਕਸਾਨ ਹੋ ਸਕਦਾ ਹੈ।

## ਪ੍ਰਯਾਗਰਾਜ ਦੀ ਦਰਗਾਹ 'ਤੇ

ਮੀਡੀਆ ਰਿਪੋਰਟ ਅਨੁਸਾਰ ਗਾਜ਼ੀ ਮੀਆਂ ਦੀ ਦਰਗਾਹ ਦੇ ਪ੍ਰਧਾਨ ਸਫਦਰ ਜਾਵੇਦ ਦੇ ਅਨੁਸਾਰ, ਦਰਗਾਹ ਲਗਭਗ ਤਿੰਨ ਸੌ ਸਾਲ ਪੁਰਾਣੀ ਹੈ। ਇਹ ਮਹਿਮੂਦ ਗਜ਼ਨਵੀ ਦੇ ਭਤੀਜੇ ਸਈਅਦ ਸਲਾਰ ਮਸੂਦ ਗਾਜ਼ੀ ਦੀ ਦਰਗਾਹ ਹੈ। ਇਸਦੀ ਕਬਰ ਵੀ ਬਹਿਰਾਈਚ ਵਿੱਚ ਹੈ। ਵੈਸਾਖ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਅਤੇ ਜੇਠ ਮਹੀਨੇ ਦੇ ਪਹਿਲੇ ਐਤਵਾਰ ਨੂੰ ਦਰਗਾਹ 'ਤੇ ਤਿੰਨ ਦਿਨਾਂ ਦਾ ਵੱਡਾ ਮੇਲਾ ਲੱਗਦਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਪ੍ਰਯਾਗਰਾਜ ਪ੍ਰਸ਼ਾਸਨ ਨੇ 24 ਮਾਰਚ ਨੂੰ ਦਰਗਾਹ ਦੇ ਗੇਟ ਨੂੰ ਤਾਲਾ ਲਗਾ ਦਿੱਤਾ ਸੀ। ਇਸ ਤੋਂ ਇਲਾਵਾ, ਮਈ ਵਿੱਚ ਹੋਣ ਵਾਲੇ ਸਾਲਾਨਾ ਮੇਲੇ ਨੂੰ ਵੀ ਰੋਕ ਦਿੱਤਾ ਗਿਆ ਸੀ। ਜਦੋਂ ਵਿਵਾਦ ਵਧਿਆ ਤਾਂ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਕੋਈ ਤਾਲਾ ਨਹੀਂ ਲਗਾਇਆ ਸੀ। ਸਵੇਰੇ ਇਸਨੂੰ ਤਾਲਾ ਲੱਗਿਆ ਹੋਇਆ ਸੀ ਕਿਉਂਕਿ ਅੰਦਰ ਕੁਝ ਕੰਮ ਚੱਲ ਰਿਹਾ ਸੀ।

ਹਾਲਾਂਕਿ, ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਦੇਸ਼ ਵਿੱਚ ਈਦ ਅਤੇ ਰਾਮ ਨੌਮੀ ਵਰਗੇ ਤਿਉਹਾਰ ਇਕੱਠੇ ਮਨਾਏ ਜਾ ਰਹੇ ਸਨ। ਅਜਿਹੀਆਂ ਘਟਨਾਵਾਂ ਧਾਰਮਿਕ ਸਦਭਾਵਨਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਸਮਾਜਿਕ ਤਣਾਅ ਨੂੰ ਵਧਾ ਸਕਦੀਆਂ ਹਨ। ਪ੍ਰਯਾਗਰਾਜ ਧਾਰਮਿਕ ਅਤੇ ਸੱਭਿਆਚਾਰਕ ਤੌਰ 'ਤੇ ਮਹੱਤਵਪੂਰਨ ਸ਼ਹਿਰ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com